# ਵਰਿਆਮ

ਤ੫ਵਾਂ ਸਾਲ

ਮਾਰਚ ੨੦੧੦



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹਲਾ
ਸੰਨ ੧੯੬੭ ਈ. ਸਮੇਂ ਨਾਮਧਾਰੀ ਸੰਗਤਾਂ ਦੀ ਅਗਵਾਈ ਕਰਦੇ ਯਾਤਰਾ ਲਈ ਪੁੱਜੇ

Namdhari Elibrary NamdhariElibrary@gmail.com

## ਫੋਟੋ-ਸਮਾਚਾਰ

### ਔਰੰਗਾਬਾਦ ਮਹਾਰਾਸ਼ਟਰ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ





ਪ੍ਰਸਿਧ ਕਲਾਕਾਰ ਨਾਥ ਰਾਵ ਨੇਲਕਰ ਦੁਆਰਾ ਕੀਰਤਨ। ਖੱਬੇ ਸ. ਹਰਭਜਨ ਸਿੰਘ ਨਾਮਧਾਰੀ ਜੀ ਨਾਮਧਾਰੀ ਫਾਰਮ ਔਰਗਾਬਾਦ।



ਉਪਰ ਮਰਾਠੇ ਬਾਲਕ ਬਾਲਕਾਵਾਂ ਦੁਆਰਾ ਕੀਰਤਨ

ਸੰਤ ਤੁੱਕਾ ਰਾਮ ਮਹਾਰਾਜ ਦੀ ੪੦੨ ਵੀਂ ਜਯੰਤੀ ਤੇ ਜਥੇਦਾਰ ਇਕਬਾਲ ਸਿੰਘ ਦੇ ਦੀਵਾਨ ਦਾ ਦ੍ਰਿਸ਼। ਪਿੰਡ ਆਡਗਾਂਵ ਜ਼ਿਲ੍ਹਾ ਔਰਗਾਬਾਦ





ਪ੍ਰਕਾਸ਼ ਪੁਰਬ ਜੰਮੂ ਬਾਲ ਕਲਾਕਾਰਾਂ ਦਾ ਸੰਗੀਤ ਪ੍ਰੋਗਰਾਮ



ਜੰਮੂ ਵਿਚ ਸੰਗੀਤਕਾਰਾਂ ਨਾਲ ਸ. ਕਰਮ ਸਿੰਘ ਜੀ ਅਤੇ ਸੂਬਾ ਸੁਖਦੇਵ ਸਿੰਘ ਜੀ

Namdhari Elibrary NamdhariElibrary@gmail.com

# ਵਰਿਆਮ

ਮਾਰਚ-੨੦੧੦
ਜਿਲਦ-੩੫
ਅੰਕ- ੫

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ —ਜਗਦੀਸ਼ ਸਿੰਘ ਵਰਿਆਮ .................. ੨
ਅਨੰਦਪੁਰ ਦਾ ਹੋਲਾ ਮਹੱਲਾ ਮਾਰਚ ੧੯੬੭
—ਪ੍ਰੋ. ਕਿਰਪਾਲ ਸਿੰਘ ਕਸੇਲ .............. ੬
ਦੜਪ ਦੀ ਸਿੱਖੀ ਦਾ ਕੇਂਦਰ ਬਿੰਦੂ—ਸੂਬਾ ਜਮੀਅਤ ਸਿੰਘ ਗਿੱਲ —ਸੁਵਰਨ ਸਿੰਘ ਵਿਰਕ ................ ੧੩
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ
—ਚੂਹੜ ਸਿੰਘ ਬੱਜੋਂ ....................... ੨੨
ਚੋਣਵੇਂ ਪੰਜਾਬੀ ਸ਼ੇਅਰ —ਚਰਨ ਸੀਚੇਵਾਲਵੀ ...... ੨੫
ਦੋ ਰਚਨਾਵਾਂ —ਮਨਜੀਤ ਸੋਹਲ ..................... ੨੬
ਦੋ ਗ਼ਜ਼ਲਾਂ—ਮਹਿਮਾ ਸਿੰਘ ਤੂਰ ...................... ੨੬
ਦੋ ਕਵਿਤਾਵਾਂ —ਜਗੀਰ ਕੌਰ ਸੰਧੂ .................... ੨੭
ਮੇਰੇ ਸਤਿਗੁਰ ਨੇ —ਸੁਖਵੰਤ ਸਿੰਘ 'ਕੰਗ' ........... ੨੭
ਪਿਆਰ ਦੀ ਜੋਤ (ਗੀਤ)
—ਪ੍ਰਿੰ. ਨਵਰਾਹੀ ਘੁਗਿਆਣਵੀ ........ ੨੮
ਬੇ-ਬੁਨਿਆਦ ਗੱਲਾਂ —ਗੁਰਦਿਆਲ ਸਿੰਘ........... ੨੮
ਸਾਰਾ ਜਗ ਢੂੰਡ ਵੇਖਿਆ —ਪੂਰਨ ਸਿੰਘ ਨਿਰਾਲਾ . ੨੮
ਮਿੱਟੀਏ ਵਤਨ ਦੀਏ —ਕਰਤਾਰ ਸਿੰਘ ਕਾਲੜਾ .... ੨੯
ਅਮਲਾਂ ਬਾਝੋਂ ਗੰਦੇ ! —ਕਰਤਾਰ ਸਿੰਘ ਕਾਲੜਾ .... ੨੯
ਇਕ ਕਹਾਣੀ ਜੋ ਕਹਾਣੀ ਨਹੀਂ ਹੈ
—ਜਾਗੀਰ ਸਿੰਘ ............................ ੩੧
ਭਾਈ ਹਰਨਾਮ ਸਿੰਘ ਰਾਗੀ ਅਤੇ ਉਨ੍ਹਾਂ ਦਾ ਸਮਾਂ
—ਬਲਬੀਰ ਸਿੰਘ ਕੰਵਲ ਲੰਡਨ ........ ੩੨
ਕਰਤਾਰ ਸਿੰਘ ਪੰਛੀ ਦਾ ਆਤਮ-ਕਥਨ
—ਕਰਤਾਰ ਸਿੰਘ ਪੰਛੀ .................... ੩੪
ਹੋਸ਼ਿਆਰ ! ਸੰਨ ੨੦੧੨ ਆ ਰਿਹੈ !!
—ਬਲਦੇਵ ਮਾਧੋਪੁਰੀ ............................ ੩੮
ਖ਼ਬਰਨਾਮਾ ................................................ ੪੦



Namdhari Elibrary NamdhariElibrary@gmail.com

# ਹਿੰਦ-ਪਾਕ ਰਿਸ਼ਤੇ

ਭਾਰਤ ਅਤੇ ਪਾਕਿਸਤਾਨ ਦੇਸ਼ਾਂ ਦਾ ਕਲਿਆਣ ਅਤੇ ਤਰੱਕੀ ਇਸੇ ਗੱਲ ਵਿੱਚ ਹੈ ਕਿ ਭਰਾਵਾਂ ਵਾਂਗ ਮਿਲ ਕੇ ਰਹਿਣ ਦੀ ਜਾਚ ਸਿੱਖ ਲੈਣ। ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇ ਯੂਰਪ ਦੇ ਦੇਸ਼ ਇਕ ਯੂਨੀਅਨ ਵਿਚ ਇਕਠੇ ਹੋ ਕੇ ਆਪਣਾ ਸਿੱਕਾ ਵੀ ਸਾਂਝਾ ਕਰ ਸਕਦੇ ਹਨ ਤਾਂ ਹਿੰਦ-ਪਾਕਿ ਵਿਚ ਤਾਂ ਬੋਲੀ ਸਮੇਤ ਕਈ ਸਾਂਝਾਂ ਹਨ। ਕਈ ਵਾਰ ਲੜ ਭਿੜ ਕੇ ਵੇਖ ਵੀ ਲਿਆ ਹੈ। ਨੁਕਸਾਨ ਹੀ ਨੁਕਸਾਨ ਹੋਇਆ ਹੈ। ਜਾਨਾਂ ਦਾ ਵੀ ਤੇ ਮਾਲ ਜਾਇਦਾਦ ਦਾ ਵੀ। ਬਹੁਤ ਸਾਰੇ ਲੋਕ ਹਨ ਜੋ ਅਮਨ ਦੋਸਤੀ ਚਾਹੁੰਦੇ ਹਨ ਅਤੇ ਇਸ ਵਾਸਤੇ ਤਰਲੇ ਵੀ ਕਰਦੇ ਹਨ ਪਰ ਅਜਿਹੀਆਂ ਸ਼ਕਤੀਆਂ ਵੀ ਹਨ ਦੇਸ਼ ਵਿਦੇਸ਼ ਵਿਚ ਜੋ ਕਿਸੇ ਵੀ ਕੀਮਤ ਤੇ ਅਮਨ ਵਿਚ ਅੜਿਕਾ ਡਾਹੀ ਰਖਦੀਆਂ ਹਨ। ਸਚੀ ਗੱਲ ਹੈ ਕਿ ਜਦੋਂ ਵੀ ਕੋਈ ਅਮਨ ਸ਼ਾਂਤੀ ਦਾ ਮਾਹੌਲ ਬਣਨ ਦੀ ਸੰਭਾਵਨਾ ਬਣਦੀ ਹੈ ਤਾਂ ਸਾਡਾ ਮੱਥਾ ਠਣਕਦਾ ਹੈ ਕਿ ਕੋਈ ਮਾੜੀ ਘਟਨਾ ਵਾਪਰਨ ਵਾਲੀ ਹੈ। ੨੬/੧੧ ਦੀ ਮੁੰਬਈ ਦੁਰਘਟਨਾ ਬਾਦ ਭਾਰਤ ਪਾਕ ਰਿਸ਼ਤੇ ਬਹੁਤ ਨਿਘਾਰ ਵੱਲ ਚੱਲੇ ਗਏ। ਤੇ ਜਦੋਂ ਮੁੜ ਗੱਲ ਬਾਤ ਦੀ ਖ਼ਬਰ ਆਈ ਤਾਂ ਪੂਣੇ ਸ਼ਹਿਰ ਵਿਚ ਬੰਬ ਧਮਾਕਿਆਂ ਵਾਲਾ ਕਾਰਾ ਹੋ ਗਿਆ ਤੇ ਫੇਰ ਸਾਂਝੀਆਂ ਕੜੀਆਂ ਤੋੜ ਦਿਓ ਗੱਲ ਬਾਤ ਨਾ ਕਰੋ ਦੇ ਨਾਅਰੇ ਵਜਣ ਲਗੇ ਹਨ। ਅਸੀਂ ਸਮਝਦੇ ਹਾਂ ਕਿ ਤੋੜਣ ਨਾਲੋ ਜੋੜਣ ਵਾਲੀਆਂ ਸ਼ਕਤੀਆਂ ਦੇ ਹੱਥ ਮਜ਼ਬੂਤ ਹੋਣੇ ਚਾਹੀਦੇ ਹਨ। ਹਿੰਦੁਸਤਾਨ ਅਤੇ ਪਾਕਿਸਤਾਨ ਦੋਵੇਂ ਮੁਲਕ ਮਜ਼ਬੂਤ ਹੋਣੇ ਚਾਹੀਦੇ ਹਨ ਤਾਂ ਅੱਤਵਾਦ ਮਾਰ-ਧਾੜ ਕਤਲੋਗਾਰਤ ਵਾਲੀਆਂ ਧਿਰਾਂ ਤੇ ਕਾਬੂ ਪਾਇਆ ਜਾ ਸਕਦਾ ਹੈ। ਹੁਣ ਮੁੜ ਕੇ ਵਿਦੇਸ਼ ਸਕੱਤਰਾਂ ਦੇ ਪੱਧਰ ਤੇ ਗੱਲ ਬਾਤ ਸ਼ੁਰੂ ਹੋ ਰਹੀ ਹੈ। ਭਾਵੇਂ ਇਸ ਦੇ ਜਲਦੀ ਕੋਈ ਸਿੱਟੇ ਨਾ ਨਿਕਲ ਸਕਣ ਪਰ ਗੱਲ ਬਾਤ ਮੇਲ ਮਿਲਾਪ ਦੇ ਚੰਗੇ ਸਿੱਟੇ ਜ਼ਰੂਰ ਨਿਕਲਣਗੇ ਭਾਵੇਂ ਸਮਾਂ ਲਗ ਹੀ ਜਾਵੇ। ਪਾਕਿਸਤਾਨ ਦੇ ਵਜ਼ੀਰੇ ਆਜ਼ਮ ਜਨਾਬ ਯੂਸਫ ਰਜ਼ਾ ਗਿਲਾਨੀ ਦੇ ਇਸ ਕਥਨ ਨਾਲ ਅਸੀਂ ਸਹਿਮਤ ਹਾਂ ਕਿ ਭਾਰਤ ਅਤੇ ਪਾਕਿਸਤਾਨ ਹੁਣ ਜੰਗ ਨਹੀਂ ਝਲ ਸਕਦੇ।....

ਵਿਤੋਂ ਬਾਹਰੀਆਂ ਤਾਕਤਾਂ ਓਧਰ ਵੀ ਹਨ ਅਤੇ ਏਧਰ ਵੀ। ਪਾਕਿਸਤਾਨ ਦੇ ਕਬਾਇਲੀ ਇਲਾਕਿਆਂ ਵਿਚ ਸਿੱਖਾਂ ਦਾ ਕਤਲ ਐਨ ਦਿੱਲੀ ਦੀ ਗੱਲ ਬਾਤ ਦੇ ਮੁੱਢ 'ਚ ਹੋ ਗਿਆ ਹੈ। ਜਜ਼ਬਾਤ ਬਹੁਤ ਭੜਕੇ ਹੋਏ ਹਨ ਪਰ ਸਿਆਣਿਆਂ ਨੂੰ ਗੱਲ ਬਾਤ ਵਾਲੀ ਕੰਨੀ ਨਹੀਂ ਛਡਣੀ ਚਾਹੀਦੀ ਹੈ। ਇਹ ਸਾਡੀ ਨਿਮਾਣੀ ਰਾਏ ਹੈ ਅਤੇ ਅਰਦਾਸ ਵੀ।....

## ਸਾਹਿਤਕਾਰਾਂ ਦਾ ਵਿਛੋੜ

ਸਾਡੇ ਸਮਿਆਂ ਦੇ ਪ੍ਰਮੁੱਖ ਪੰਜਾਬੀ ਸਾਹਿਤਕਾਰ ਸ. ਸੰਤੋਖ ਸਿੰਘ ਧੀਰ, ਟੀ.ਆਰ. ਵਿਨੋਦ, ਰਾਮ ਸਰੂਪ ਅਣਖੀ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ ਅਗੜ ਪਿਛੜ ਲਗ ਭਗ ਇਕੋ ਸਮੇਂ ਹੀ ਪੰਜਾਬੀ ਜਗਤ ਨੂੰ ਅਲਵਿਦਾ ਕਹਿ ਗਏ ਹਨ। ਇਹ ਆਪਣੇ ਆਪਣੇ ਖੇਤਰ ਦੀਆਂ ਮਹਾਨ ਹਸਤੀਆਂ ਸਨ। ਸਾਨੂੰ ਜ਼ਾਤੀ ਤੌਰ ਤੇ ਵੀ ਇਹਨਾਂ ਦੀ ਨੇੜਤਾ ਅਤੇ ਉਲਫਤ ਦਾ ਨਿੱਘ ਮਾਨਣ ਦਾ ਅਵਸਰ ਮਿਲਦਾ ਰਿਹਾ ਹੈ। ਲਗਦਾ ਹੈ ਜਿਵੇਂ ਕਿਸੇ ਖੁਸ਼ਬੋਦਾਰ ਫੁਲਾਂ ਦਾ ਗੁਲਦਸਤਾ ਖੇਰੂੰ-ਖੇਰੂੰ ਕਰ ਦਿੱਤਾ ਹੋਵੇ। ਬਹੁਤ ਵੱਡਾ ਖਲਾਅ ਇਹ ਹਸਤੀਆਂ ਛੱਡ ਗਈਆਂ ਹਨ। ਬੜੀਆ ਪਿਆਰੀਆਂ ਅਤੇ ਰੂਹ ਵਾਲੀਆਂ ਸ਼ਖਸੀਅਤਾਂ ਸਨ। ਇਹਨਾਂ ਦਾ ਭਾਰੀ ਵਗੋਚਾ ਅਸੀਂ ਮਹਿਸੂਸ ਕਰਦੇ ਰਹਾਂਗੇ ਅਤੇ ਸਾਡੀਆਂ ਯਾਦਾਂ ਵਿਚ ਇਹ ਪਾਵਨ ਹਸਤੀਆਂ ਅਮਰ ਰਹਿਣਗੀਆਂ।

## ਪੰਜਾਬੀ ਨੂੰ ਮਾਣ

ਹਰਿਆਣਾ ਪ੍ਰਾਂਤ ਵਿਚ ਪੰਜਾਬੀ ਦੂਸਰੀ ਸਰਕਾਰੀ ਭਾਸ਼ਾ ਆਖਰ ਬਣ ਗਈ ਹੈ। ਇਸ ਮੰਤਵ ਲਈ ਨੋਟੀਫੀਕੇਸ਼ਨ ਵੀ ਜਾਰੀ ਹੋ ਚੁੱਕਾ ਹੈ। ਬਹੁਤ ਚੰਗੀ ਗੱਲ ਹੋਈ ਹੈ। ਹਰਿਆਣਾ ਸਰਕਾਰ ਅਤੇ ਮੁਖ ਮੰਤਰੀ ਹੁੱਡਾ ਜੀ ਵਧਾਈ ਦੇ ਪਾਤਰ ਹਨ।

ਯੂ.ਕੇ. ਵਿਚ ਇਕ ਸਿੱਖ ਨੌਜਵਾਨ ਸੁਖਵਿੰਦਰ ਸਿੰਘ ਨੇ ਬੜੀ ਦਲੇਰੀ ਅਤੇ ਬਹਾਦਰੀ ਨਾਲ ਇਕ ਲੁਟੇਰੇ ਨੂੰ ਫੜਣ ਵੇਲੇ ਸ਼ਹੀਦੀ ਪਾਈ ਹੈ। ਯੂ.ਕੇ. ਦੀ ਪੁਲੀਸ ਅਤੇ ਲੋਕਾਂ ਵੱਲੋਂ ਇਸ ਕਾਰਨਾਮੇ ਦੀ ਬੜੀ ਪਰਸੰਸਾ ਕੀਤੀ ਗਈ ਹੈ। ਭਾਰਤ ਸਰਕਾਰ ਵੀ ਪਰਿਵਾਰ ਨੂੰ ਸਨਮਾਨਤ ਕਰਨ ਅਤੇ ਸੇਵਾ ਕਰਨ ਦੀ ਸੋਚ ਰਹੀ ਹੈ। ਸ. ਸੁਖਵਿੰਦਰ ਸਿੰਘ ਨੇ ਸਾਰੀ ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ।



Namdhari Elibrary NamdhariElibrary@gmail.com

**ਵਧਾਈਆਂ**

ਪੰਜਾਬ ਸਰਕਾਰ ਨੇ ਪ੍ਰਸਿਧ ਪੰਜਾਬੀ ਸਾਹਿਤਕਾਰ ਸ. ਕਰਤਾਰ ਸਿੰਘ ਦੁੱਗਲ ਨੂੰ ਸ਼੍ਰੋਮਣੀ ਸਾਹਿਤਕਾਰ ਐਲਾਨਿਆ ਹੈ। ਇਸ ਦੇ ਨਾਲ ਹੀ ਪ੍ਰੋ. ਪਿਆਰਾ ਸਿੰਘ ਭੋਗਲ, ਰਘਬੀਰ ਸਿੰਘ ਸਿਰਜਣਾ, ਜਸਵੰਤ ਦੀਦ, ਮੋਹਨ ਕਾਹਲੋਂ,ਦਰਸ਼ਨ ਗਿੱਲ, ਓਮਪੁਰੀ, ਪੰਮੀ ਬਾਈ, ਈਦੂ ਸ਼ਰੀਫ ਨੂੰ ਵੀ ਵੱਖ-ਵੱਖ ਖੇਤਰਾਂ ਵਿਚ ਸ਼੍ਰੋਮਣੀ ਪਰਸਕਾਰ ਦੇਣ ਦਾ ਐਲਾਨ ਕੀਤਾ ਹੈ। ਅਜੀਤ ਅਖਬਾਰ ਦੇ ਵਿਸ਼ੇਸ਼ ਰਿਪੋਰਟਰ ਸ. ਐਚ.ਐਸ. ਬਾਵਾ ਸ਼੍ਰੋਮਣੀ ਪਤਰਕਾਰ ਲਈ ਚੁਣੇ ਗਏ ਹਨ। ਵਰਿਆਮ ਪਰਿਵਾਰ ਵਲੋਂ ਇਹਨਾਂ ਸਭ ਮਿਤਰਾਂ ਨੂੰ ਹਾਰਦਿਕ ਵਧਾਈਆਂ।

# ਸੰਤ ਗੁਰਦੇਵ ਸਿੰਘ ਮਾਂਗਟ



ਸ. ਸੁਵਰਨ ਸਿੰਘ ਵਿਰਕ ਦੀ ਸਵੇਰ-ਸਵੇਰ ਦੀ ਸੂਚਨਾ ਹੈ ਕਿ ਕਨੇਡਾ ਵਸਦੀ ਮਸ਼ਹੂਰ ਹਸਤੀ ਸੰਤ ਗੁਰਦੇਵ ਸਿੰਘ ਜੀ ਮਾਂਗਟ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਸ. ਗੁਰਦੇਵ ਸਿੰਘ ਜੀ ਨੂੰ ਅਸੀਂ ਬਹੁਤ ਸਮੇਂ ਤੋਂ ਆਪਣੀ ਛੋਟੀ ਉਮਰ ਤੋਂ ਹੀ ਜਾਣਦੇ ਹਾਂ ਪਰ ਅਸੀਂ ਉਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਬਾਦ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਰ ਚਾਲਕ ਹੀ ਸਮਝਦੇ ਸਾਂ। ਓਹ ਭਰ ਜਵਾਨੀ ਦੀ ਉਮਰ ਵਿਚ ਜਲੰਧਰ ਅਕਸਰ ਸਾਡੇ ਮਾਮਾ ਜੀ ਸ. ਸਰੈਣ ਸਿੰਘ ਜੀ ਦੀ ਜਲੰਧਰ ਵਿਚ ਇਕੋ ਇਕ ਮੋਟਰ ਬੈਟਰੀਆਂ ਇਲੈਕਟ੍ਰੀਸ਼ਨ ਦੀ ਦੁਕਾਨ ਤੇ ਕਾਰ ਦਾ ਕੰਮ ਕਰਾਉਣ ਆਉਂਦੇ ਸਨ। ਉਹ ਮਕੈਨਕੀ ਦੇ ਕੰਮ ਦੇ ਆਪ ਖੁਦ ਮਾਹਰ ਸਨ। ਬਾਅਦ ਵਿਚ ਹੌਲੀ-ਹੌਲੀ ਉਹਨਾਂ ਦੇ ਹੋਰ ਗੁਣਾਂ ਦਾ ਪਤਾ ਲੱਗਾ। ਇਹ ਗੁਣ ਪਦਵੀਆਂ ਸਥਾਨ ਰਿਸ਼ਤੇ ਬਹੁਤ ਉੱਚੇ ਸਨ ਪਰ ਸ. ਗੁਰਦੇਵ ਸਿੰਘ ਦੀ ਰਵਾਇਤੀ ਆਜਜ਼ੀ ਨਿਮਰਤਾ ਅਤੇ ਲੁਕੇ ਰਹਿਣ ਦੀ ਖਾਸੀਅਤ ਕਰ ਕੇ ਹੌਲੀ-ਹੌਲੀ ਉਜਾਗਰ ਹੋਏ। ਉਹਨਾਂ ਦੀ ਯਾਦ ਸ਼ਕਤੀ ਬਹੁਤ ਸੀ ਅਤੇ ਬੰਦਿਆਂ, ਨਾਵਾਂ ਥਾਵਾਂ ਤਾਰੀਕਾਂ ਦਾ ਅਤਾ ਪਤਾ ਉਹਨਾਂ ਦੇ ਬੁਲਾਂ ਤੇ ਹੁੰਦਾ ਸੀ। ਸੰਪਾਦਕ ਵਰਿਆਮ ਨੂੰ ਮਾਮੂਲੀ ਵਾਕਫੀ ਅਤੇ ਜਾਣਕਾਰੀ ਦੇ ਆਧਾਰ ਤੇ ਜਦੋਂ ਨਾ ਉਹ ਵਰਿਆਮ ਦਾ ਸੰਪਾਦਕ ਸੀ ਨਾ ਉਸਦਾ ਪਹਿਰਾਵਾ ਨਾਮਧਾਰੀ ਸੀ ਅੱਜ ਤੱਕ ਵੀ ਉਹ ਭੁੱਲੇ ਨਹੀਂ ਸਨ। ਉਹਨਾਂ ਬਾਰੇ ਬਹੁਤ ਕੁਝ ਤਾਂ ਪਤਾ ਉਹਨਾਂ ਬਾਰੇ ਛੱਪੀ ਪੁਸਤਕ "ਸੰਤ ਗੁਰਦੇਵ ਸਿੰਘ ਮਾਂਗਟ" ਪੜ੍ਹ ਕੇ ਲਗਾ। ਇਹ ਪੁਸਤਕ ਸ. ਸੰਤ ਸਿੰਘ ਦਿੱਲੀ ਵਾਲਿਆਂ ਲਿਖੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਮਮੇਰੇ ਭਰਾ ਸੁਰਗਵਾਸੀ ਪੰਡਿਤ ਰਾਜਿੰਦਰ ਸਿੰਘ ਜੀ ਅਕਸਰ ਜਲੰਧਰ ਆਉਂਦੇ ਤਾਂ ਉਹ ਬੀ.ਐਸ.ਐਫ. ਜਲੰਧਰ ਵਿਚ ਜ਼ਰੂਰ ਜਾਂਦੇ ਜਿਥੇ ਉਹਨਾਂ ਦਾ ਭਾਣਜਾ ਸ. ਅਵਤਾਰ ਸਿੰਘ ਮਾਂਗਟ ਆਈ. ਜੀ ਦੇ ਅਹੁਦੇ ਤੇ ਬਿਰਾਜਮਾਨ ਸੀ। ਸ. ਸੰਤ ਸਿੰਘ ਦੀ ਪੁਸਤਕ ਪੜ੍ਹ ਕੇ ਪਤਾ ਲਗਾ ਕਿ ਇਹ ਡੀ. ਆਈ. ਜੀ. ਅਵਤਾਰ ਸਿੰਘ ਸੰਤ ਗੁਰਦੇਵ ਸਿੰਘ ਜੀ ਦਾ ਸਪੁੱਤਰ ਸੀ। ਸਤਿਗੁਰੂ ਜੀ ਨਾਲ ਏਨਾ ਨੇੜਲਾ ਅਤੇ ਸਤਿਕਾਰ ਪੂਰਵਕ ਘਰੇਲੂ ਰਿਸ਼ਤਾ ਹੋਵੇ ਤੇ ਜ਼ਰਾ ਜਿੰਨਾ ਵੀ ਜਣਾਇਆ ਨਾ ਹੋਵੇ ਕਿ ਇਕ ਸੰਪਾਦਕ ਨੂੰ ਵੀ ਇਸ ਬਾਰੇ ਗਿਆਨ ਨਾ ਹੋਵੇ ਤਾਂ ਅਜਿਹੀ ਸ਼ਖਸੀਅਤ ਦੀ ਆਤਮਕ ਉਚਾਈ ਬਾਰੇ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜਦੋਂ ਅਸੀਂ ਉਹਨਾਂ ਨੂੰ ਇਕ ਡਰਾਈਵਰ ਸਮਝਦੇ ਸਾਂ। ਉਦੋਂ ਵੀ ਉਹ ਆਪਣੀ ਨਿਜੀ ਡਾਇਰੀ ਲਿਖਦੇ ਸਨ ਜੋ ਇਤਿਹਾਸਕ ਤੱਥਾਂ ਨਾਲ ਭਰਪੂਰ ਸੀ ਅਤੇ ਜਿਸ ਦੀ ਸਹਾਇਤਾ ਨਾਲ ਸੰਤ-ਸੰਤ ਸਿੰਘ ਦੀ ਪੁਸਤਕ ਲਿਖੀ ਵੀ ਗਈ ਅਤੇ ਸਵਰਗੀ ਪ੍ਰੀਤਮ ਸਿੰਘ ਕਵੀ ਜੀ ਨੇ ਵੀ ਆਪਣੀ ਲਿਖਤ ਵਿਚ ਇਸ ਦਾ ਸ਼ਲਾਘਾ ਯੋਗ ਜ਼ਿਕਰ ਕੀਤਾ ਹੈ।

ਸ. ਗੁਰਦੇਵ ਸਿੰਘ ਦਾ ਜਨਮ ੧੫ ਨਵੰਬਰ ੧੯੧੫ ਈ. ਦਾ ਹੈ ਅਤੇ ਅੰਤਮ ਸਵਾਸ ਓਹਨਾਂ ੧੮ ਫਰਵਰੀ ੨੦੧੦ ਨੂੰ ਲਏ ਲਗਦੇ ਹਨ। ਅੱਜ ਕੱਲ ਉਹ ਕੈਨੇਡਾ ਨਿਵਾਸ ਰੱਖਦੇ ਸਨ। ਉਹਨਾਂ ਦੀ ਸੁਪਤਨੀ ਮਾਤਾ ਗੁਰਦਿਆਲ ਕੌਰ ਪਹਿਲਾਂ ਸੁਰਗਵਾਸ ਹੋ ਚੁੱਕੇ ਹਨ ਅਤੇ ਸ. ਗੁਰਦੇਵ ਸਿੰਘ ਅੰਤਮ ਸਮੇਂ ਆਪਣੀ ਸਪੁੱਤਰੀ ਬੀਬੀ ਗੁਰਤੇਜ ਕੌਰ ਅਤੇ ਦਾਮਾਦ ਸੰਤ ਰਣਜੀਤ ਸਿੰਘ ਬਾਜਵਾ ਕੋਲ ਕੈਨੇਡਾ ਵਿਚ ਹੀ ਰਹਿੰਦੇ ਸਨ। ਇਹਨਾਂ ਜਿਨ੍ਹਾਂ ਨੇ ਸ. ਗੁਰਦੇਵ ਸਿੰਘ ਜੀ ਨੂੰ ਬਹੁਤ ਆਦਰ ਅਤੇ ਸੇਵਾ ਭਾਵਨਾ ਨਾਲ ਆਪਣੇ ਪਾਸ ਰੱਖਿਆ ਜਿਸ ਦਾ ਜ਼ਿਕਰ ਕਰਦਿਆਂ ਸ. ਮਾਂਗਟ ਜੀ ਨੇ ਸਤਿਗੁਰਾਂ ਤੋਂ ਕਾਮਨਾ



Namdhari Elibrary NamdhariElibrary@gmail.com

ਕੀਤੀ ਹੈ ਕਿ ਇਹਨਾਂ ਤੇ ਆਪਣਾ ਮੇਹਰ ਭਰਿਆ ਹੱਥ ਹਮੇਸ਼ਾ ਹੀ ਰੱਖਣ। ਸਤਿਗੁਰੂ ਜੀ ਦੀ ਬਖਸ਼ਿਸ਼ ਦੀ ਵੀ ਉਹ ਅਰਦਾਸ ਕਰਦੇ ਹਨ।

ਸੰਤ ਗੁਰਦੇਵ ਸਿੰਘ ਮਾਂਗਟ ਇਕ ਮਿਸਾਲੀ ਸੰਤ, ਮਿਸਾਲੀ ਗ੍ਰਹਿਸਥੀ, ਨਿਰਮਾਣ, ਨਿਰਛਲ, ਨਿਰਮੋਹ ਅਤੇ ਨਿਸ਼ਕਪਟ ਪਹੁੰਚੀ ਹੋਈ ਰੂਹ ਸਨ। ਸਦਾਹੀ ਪ੍ਰੇਮ ਪਿਆਰ ਬਖੇਰਦੀ ਆਤਮਾ। ਉਹਨਾਂ ਬਾਰੇ ਬਹੁਤ ਕੁਝ ਕਿਹਾ ਲਿਖਿਆ ਜਾ ਸਕਦਾ ਹੈ। ਵਰਿਆਮ ਦੇ ਇਸ ਅੰਕ ਦੀ ਛਪਾਈ ਦੇ ਅੰਤਲੇ ਦਿਨਾਂ ਵਿਚ ਬਸ ਸੂਚਨਾ ਮਾਤਰ ਸ਼ਰਧਾਂਜਲੀ ਵਜੋਂ ਕੁਝ ਸ਼ਬਦ ਹੀ ਭੇਟ ਕਰ ਰਹੇ ਹਾਂ। ਕਿਤੇ ਪੂਰਾ ਵਿਸਥਾਰ ਸੁਵਰਨ ਸਿੰਘ ਵਿਰਕ ਜਿਹਾ ਲੇਖਕ ਹੀ ਗੁਰਦੇਵ ਸਿੰਘ ਬਾਰੇ ਲਿਖ ਸਕਦਾ ਹੈ। ਇਹ ਗੱਲ ਜ਼ਰੂਰ ਹੈ ਕਿ ਉਹਨਾਂ ਨੂੰ ਮਿਲਿਆ ਇਕ ਅਨੰਦ ਅਤੇ ਪਵਿਤਰਤਾ ਦਾ ਇਹਸਾਸ ਜ਼ਰੂਰ ਹੁੰਦਾ ਸੀ। ਉਹਨਾਂ ਦੇ ਪਰਿਵਾਰ, ਗੁਰੂ ਪਰਿਵਾਰ ਅਤੇ ਨਾਮਧਾਰੀ ਪਰਿਵਾਰ ਨਾਲ ਸਾਡੀ ਬਹੁਤ ਹਮਦਰਦੀ ਹੈ।

*—ਜਗਦੀਸ਼ ਸਿੰਘ ਵਰਿਆਮ*

# ਭੈਣੀ ਸਾਹਿਬ ਵਿਚ ਇਕ ਦਿਨ

੧੫ ਫਰਵਰੀ ੨੦੧੦ ਸੋਮਵਾਰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਦਾ ਦੁਰਲੱਭ ਅਵਸਰ ਮਿਲਿਆ। ਇਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਵੀ ਮਨ ਨੂੰ ਸ਼ਾਂਤੀ ਮਿਲੀ। ਇਥੇ ਚਲ ਰਹੇ ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਦੇ ਆਯੋਜਨ ਕਰ ਕੇ ਵੀ ਐਸੀਆਂ ਰੌਣਕਾਂ ਸਨ ਕਿ ਸੁਕੇ ਮਨਾਂ ਵਿਚ ਵੀ ਹਰਿਆਵਲ ਆ ਰਹੀ ਸੀ। ਗੱਲ ਨੂੰ ਸੰਖੇਪ ਕਰਨਾ ਹੋਵੇ ਤਾਂ ਹਾਲਤ ਇਹ ਰਹੀ ਹੈ ਕਿ ਜੋ ਕੋਈ ਉਥੇ ਦਰਸ਼ਨ ਕਰਨ ਗਿਆ ਉਹ ਉਥੇ ਦਾ ਹੀ ਹੋ ਗਿਆ। ਬਦੋ ਬਦੀ ਪਾਠਾਂ ਵਿਚ ਸੇਵਾ ਕਰਨ ਨੂੰ ਜੀਅ ਕਰਦਾ ਸੀ। ਆਪਣੇ ਛੋਟੇ ਵੱਡੇ ਕਾਰੋਬਾਰ ਤੇ ਬੇਨਿਆਜ਼ ਹੋ ਕੇ ਪਾਠਾਂ ਵਿਚ ਸੇਵਾ ਤੇ ਸਿੰਘ ਲੱਗੇ ਰਹੇ। ਇਕ ਪੂਰਾ ਵੱਖਰਾ ਇਲਾਕਾ ਹੀ ਇਸ ਕਾਰਜ ਵਾਸਤੇ ਬਣਾਇਆ ਗਿਆ ਸੀ। ਸੰਗਤਾਂ ਦੇ ਉਤਸ਼ਾਹ ਨੇ ਕਾਰਜ ਲਗਭਗ ਸਿਰੇ ਲਾ ਦਿੱਤਾ ਸੀ। ਨੌਜਵਾਨਾਂ ਦਾ ਉਤਸ਼ਾਹ ਵੇਖਣ ਤੇ ਮਾਨਣ ਵਾਲਾ ਸੀ।

## ਉਸਤਾਦ ਜ਼ਾਕਰ ਹੁਸੈਨ

ਇਸ ਦਿਨ ਇਕ ਹੋਰ ਨਜ਼ਾਰਾ ਵੀ ਵੇਖਣ ਨੂੰ ਮਿਲਿਆ। ਭਾਰਤੀ ਸੰਗੀਤ ਦੇ ਉਤਕ੍ਰਿਸ਼ਟ ਕਲਾਕਾਰ ਹਨ ਉਸਤਾਦ ਜ਼ਾਕਰ ਹੁਸੈਨ ਜਿਨ੍ਹਾਂ ਦੇ ਤਬਲਾ ਵਾਦਨ ਦੀ ਸੰਸਾਰ ਵਿਚ ਧੁੰਮ ਵੀ ਹੈ ਅਤੇ ਪੱਛਮੀ ਦੇਸ਼ਾਂ ਤਕ ਉਹਨਾਂ ਦੇ ਅਨੇਕਾਂ ਸ਼ਾਗਿਰਦ ਹਨ। ਆਪ ਦੇ ਮਹਾਨ ਪਿਤਾ ਸ੍ਰੀ ਉਸਤਾਦ ਅਲਾਹ ਰੱਖਾ ਖਾਂ ਲੈਅ ਤਾਲ ਦੀ ਦੁਨੀਆ ਦੇ ਸਮਰਾਟ ਸਨ। ਉਹਨਾਂ ਦੇ ਤਬਲਾ ਵਾਦਨ ਵਿਚ ਇਕ ਇਲਾਹੀ ਜਾਦੂ ਸੀ ਅਤੇ ਭੈਣੀ ਸਾਹਿਬ ਵਾਲੇ ਗੁਰੂ ਘਰਾਨੇ ਨਾਲ ਬਹੁਤ ਅਕੀਦਤ ਪਿਆਰ ਸਤਿਕਾਰ ਰੱਖਦੇ ਸਨ। ਨਾਮਧਾਰੀ ਬਜ਼ੁਰਗ ਅਤੇ ਨੌਜਵਾਨ ਤਬਲਾ ਕਲਾਕਾਰਾਂ ਦਾ ਇਸ ਘਰਾਨੇ ਨਾਲ ਪੁਰਾਣਾ ਸਬੰਧ ਰਿਹਾ ਹੈ। ਉਹਨਾਂ ਦੇ ਹੀ ਸਪੁੱਤਰ ਉਸਤਾਦ ਜ਼ਾਕਰ ਹੁਸੈਨ ਬਚਪਣ ਤੋਂ ਹੀ ਤਬਲਾ ਵਾਦਨ ਦੁਆਰਾ ਲੈਅ ਤਾਲ ਵਿਚ ਪਾਰੰਗਤ ਹਨ। ਹੁਸਨ ਜਵਾਨੀ ਅਤੇ ਸੰਗੀਤ ਕਲਾ ਵਿਚ ਹੀ ਪਰਮਾਤਮਾ ਨੇ ਉਹਨਾਂ ਨੂੰ ਮਾਲਾਮਾਲ ਨਹੀਂ ਕੀਤੀ ਸਗੋਂ ਬਹੁਤ ਪਿਆਰ ਮੁਹੱਬਤ ਵਾਲੀ ਪਵਿੱਤਰ ਰੂਹ ਵੀ ਉਹਨਾਂ ਨੂੰ ਬਖਸ਼ਿਸ਼ ਕੀਤੀ ਹੈ। ਬਹੁਤ ਸਾਲਾਂ ਤੋਂ ਮੁੜ ਪੰਜਾਬ ਆਉਣ ਦੀ ਉਹਨਾਂ ਦੀ ਉਡੀਕ ਹੀ ਰਹੀ ਹੈ। ਉਹਨਾਂ ਦੇ ਪਿਤਾ ਸ੍ਰੀ ਉਸਤਾਦ ਅਲਾਹ ਰੱਖਾ ਜੀ ਇਸ ਸੰਸਾਰ ਤੋਂ ਰੁਖਸਤ ਹੋ ਗਏ ਤਾਂ ਕਲਾ ਅਤੇ ਖਾਨਦਾਨ ਦੀ ਸਾਰੀ ਵਿਰਾਸਤ ਉਸਤਾਦ ਜ਼ਾਕਿਰ ਹੁਸੈਨ ਤੇ ਮੋਢਿਆ ਤੇ ਆ ਪਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਾਮਧਾਰੀ ਕਲਾਕਾਰਾਂ ਦੁਆਰਾ ਉਹਨਾਂ ਨਾਲ ਲਗਾਤਾਰ ਰਾਬਤਾ ਰਿਹਾ ਹੈ, ਇਹ ਕਲਾਕਾਰ ਮੁੰਬਈ ਅਕਸਰ ਜਾ ਕੇ ਸਤਿਗੁਰੂ ਜੀ ਦੇ ਰਾਜਦੂਤਾਂ ਵਜੋਂ ਮੇਲ ਰੱਖਦੇ ਰਹੇ ਹਨ।

ਆਖਰ ਆਪਣੇ ਪੇਚੀਦਾ ਪ੍ਰੋਗਰਾਮ ਵਿਚੋਂ ਉਹਨਾਂ ਨੇ ੧੫ ਫਰਵਰੀ ੨੦੧੦ ਵਾਲੇ ਦਿਨ ਵਿਚ ਸਮਾਂ ਕੱਢ ਹੀ ਲਿਆ। ੧੪ ਫਰਵਰੀ ਰਾਤ ਨੂੰ ਦਿੱਲੀ ਵਿਚ ਪ੍ਰੋਗਰਾਮ ਕਰਕੇ ਉਹ ਨਾਮਧਾਰੀ ਕਲਾਕਾਰਾਂ, ਮੋਹਣ ਸਿੰਘ ਸੁਖਦੇਵ ਸਿੰਘ, ਬਲਵੰਤ ਸਿੰਘ, ਰਾਜੇਸ਼ ਮਾਲਵੀਆ ਗੁਰਦਿਆਲ ਸਿੰਘ ਲਾਲੀ ਅਤੇ ਜਤਿੰਦਰਪਾਲ ਸਿੰਘ ਚਿੰਕਾ ਆਦਿ ਨਾਲ ਰਾਤੋ ਰਾਤ ਸਫਰ ਕਰ ਕੇ ਤੜਕੇ ਸ੍ਰੀ ਭੈਣੀ ਸਾਹਿਬ ਪੁੱਜੇ। ਦੋ ਤਿੰਨ ਘੰਟੇ ਦੇ ਆਰਾਮ ਬਾਦ ਹੀ ਕੋਈ ੧੦-੧੧ ਦੇ ਦਰਮਿਆਨ ਉਹ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਪੁੱਜੇ। ਓਹਨਾਂ ਨਾਲ ਹੀ ਉਹਨਾਂ ਦੇ ਹੀ ਸ਼ਾਗਿਰਦ ਗੁਰਭਾਈ ਪ੍ਰਸਿੱਧ ਕਲਾਕਾਰ ਸ੍ਰੀ ਯੋਗੇਸ਼ ਸ਼ਮਸੀ ਅਤੇ ਪਰਿਵਾਰ



Namdhari Elibrary NamdhariElibrary@gmail.com

ਦੇ ਵੀ ਕੁਝ ਜੀਅ ਸਨ। ਸਤਿਗੁਰੂ ਜੀ ਦੀ ਕੋਠੀ ਨੰਬਰ ਇਕ ਵਿਚ ਕਲਾਕਾਰਾਂ ਨੇ ਉਹਨਾਂ ਨੂੰ ਜੀਅ ਆਇਆ ਆਖਿਆ। ਇਥੇ ਕੋਈ ਵਿਧੀਵਤ ਸੰਗੀਤ ਪ੍ਰੋਗਰਾਮ ਬੈਠਕ ਆਦਿ ਦਾ ਆਯੋਜਨ ਨਹੀਂ ਸੀ ਅਤੇ ਨਾ ਹੀ ਇਸ ਸਬੰਧ ਵਿਚ ਕਿਸੇ ਨੂੰ ਬੁਲਾਇਆ ਗਿਆ ਸੀ ਪਰ ਬਹੁਤ ਸਾਰੇ ਕਲਾਕਾਰਾਂ ਨੂੰ ਉਸਤਾਦ ਸਾਹਿਬ ਦੀ ਆਮਦ ਕੀ ਖੁਸ਼ਬੋ ਆ ਗਈ ਸੀ ਅਤੇ ਕਲਾਕਾਰਾਂ ਦੀ ਇਕ ਭੀੜ ਜਿਹੀ ਇਕੱਠੀ ਹੋ ਗਈ ਸੀ। ਕੁਝ ਕਰੁਣਾਮਈ ਮਾਹੌਲ ਵੀ ਸੀ। ਜਦੋਂ ਕਲਾਕਾਰ ਜੋੜੀ ਤੇ ਪਰਿਵਾਰ-ਸਤਿਗੁਰੂ ਜੀ ਦੇ ਸਨਮੁਖ ਹੋਏ ਤਾਂ ਭਾਵੁਕ ਹੋ ਗਏ। ਸਤਿਗੁਰਾਂ ਨੂੰ ਨਮਸਕਾਰ ਕਰਨ ਤੋਂ ਬਾਦ ਕਿੰਨਾ ਚਿਰ ਹੀ ਭਿਜੀਆਂ ਅੱਖਾਂ ਨਾਲ ਉਸਤਾਦ ਜ਼ਾਕਿਰ ਹੁਸੈਨ ਸਤਿਗੁਰੂ ਜੀ ਦੇ ਚਰਨਾਂ ਤੇ ਹੱਥ ਰੱਖ ਕੇ ਬੈਠੇ ਰਹੇ। ਬਿਲਕੁਲ ਖਾਮੋਸ਼ੀ ਦਾ ਮਾਹੌਲ ਸੀ। ਸਤਿਗੁਰੂ ਜੀ ਦਾ ਆਸਣ ਕੋਠੀ ਦੇ ਵਰਾਂਡੇ ਵਿਚ ਸ਼ੀਸ਼ੇ ਦੇ ਪਿਛੇ ਹੀ ਸੀ। ਉਥੇ ਕੁਝ ਕੁ ਸਰੀਰਾਂ ਜੋਗੀ ਥਾਂ ਸੀ। ਬਾਕੀ ਹਾਜ਼ਰ ਸੰਗਤ ਬਾਹਰ ਬੈਠੀ ਸੀ। ਬਹੁਤ ਦੇਰ ਤਕ ਉਸਤਾਦ ਜ਼ਾਕਿਰ ਹੁਸੈਨ ਸਤਿਗੁਰਾਂ ਦੇ ਚਿਹਰੇ ਤੇ ਨਿਗਾਹ ਟਿਕਾਈ ਬੈਠੇ ਰਹੇ। ਸੰਖੇਪ ਵਿਚ ਸ਼ਬਦ ਕਹੇ ਕਿ ਇਹਨਾਂ ਹੱਥਾਂ ਤੇ ਆਪ ਨੇ ਕਿਰਪਾ ਕੀਤੀ ਹੈ ਅਗੋਂ ਆਪ ਨੇ ਕਰਨੀ ਹੈ...। ਸੰਤ ਰਛਪਾਲ ਸਿੰਘ ਸਤਿਗੁਰੂ ਜੀ ਨੂੰ ਉਸਤਾਦ ਜੀ ਦੇ ਮਨੋਭਾਵ ਉਚੀ ਬੋਲ ਕੇ ਦੱਸਦੇ ਰਹੇ। ਫੇਰ ਰਛਪਾਲ ਸਿੰਘ ਹੋਰਾਂ ਸਤਿਗੁਰੂ ਜੀ ਦੀ ਇੱਛਾ ਦੱਸੀ ਤੇ ਉਸਤਾਦ ਜ਼ਾਕਿਰ ਹੁਸੈਨ ਅਤੇ ਯੁਗੇਸ਼ ਸ਼ਮਸੀ ਹੋਰਾਂ ਹੁਕਮ ਮੰਨ ਕੇ ਤਬਲੇ ਤੇ ਯੁਗਲਬੰਦੀ ਪੇਸ਼ ਕੀਤੀ। ਸਾਹਮਣੇ ਹੀ ਵਖਰੇ ਸਟੇਜ ਦਾ ਪ੍ਰਬੰਧ ਕੀਤਾ ਗਿਆ ਸੀ ਉਸ ਉਤੇ ਦੋਵੇਂ ਤਬਲਾ ਕਲਾਕਾਰ ਅਤੇ ਹਾਰਮੋਨੀਅਮ ਤੇ ਨਗਮਾ ਦੇਣ ਲਈ ਸੁਖਦੇਵ ਸਿੰਘ ਜੀ ਸਨ। ਕੋਈ ਅੱਧਾ ਘੰਟਾ ਜ਼ੋਰਦਾਰ ਤਬਲਾ ਵਾਦਨ ਹੋਇਆ। ਬਸ ਝੂਮਣ, ਸਿਰ ਹਿਲਾਉਣ ਅਤੇ ਬਦੋਬਦੀ ਵਾਹ ਵਾਹ ਦੇ ਸ਼ਬਦਾਂ ਦਾ ਹੀ ਦ੍ਰਿਸ਼ ਸੀ। ਸਤਿਗੁਰੂ ਜੀ ਵੱਲੋਂ ਕਲਾਕਾਰਾਂ ਨੂੰ ਪਰਿਵਾਰ ਸਮੇਤ ਬਹੁਤ ਮਾਣ ਸਨਮਾਨ, ਪਿਆਰ ਅਤੇ ਆਸ਼ੀਰਵਾਦ ਬਖਸ਼ਿਆ ਗਿਆ। ਬਹੁਤ ਸਾਰੇ ਕਲਾਕਾਰ, ਲੁਧਿਆਣਾ ਚੰਡੀਗੜ੍ਹ, ਜਲੰਧਰ ਤੋਂ ਵੀ ਪੁੱਜ ਗਏ ਸਨ ਅਤੇ ਕਈ ਰਾਗੀ ਸਿੰਘ ਵੀ ਹਾਜ਼ਰ ਸਨ।... ਸ੍ਰੀ ਭੈਣੀ ਸਾਹਿਬ ਰਹਿੰਦੇ ਨਾਮਧਾਰੀ ਕਲਾਕਾਰਾਂ ਦੇ ਘਰਾਂ ਵਿਚ ਉਸਤਾਦ ਜੀ ਤੇ ਪਰਿਵਾਰ ਨੇ ਨਾਸ਼ਤਾ ਕੀਤਾ, ਲੰਗਰ ਛਕਿਆ ਅਤੇ ਪਰਿਵਾਰਕ ਮਾਹੌਲ ਵਿਚ ਸਮਾਂ ਬਿਤਾਇਆ। ਉਸਤਾਦ ਅਲਾਹ ਰੱਖਾ ਖਾਂ ਸਾਹਿਬ ਦੇ ਦੇਹਾਂਤ ਬਾਦ ਸ੍ਰੀ ਭੈਣੀ ਸਾਹਿਬ ਤੋਂ ਗਏ ਕਲਾਕਾਰਾਂ ਨਾਲ ਸ. ਜਤਿੰਦਰਪਾਲ ਸਿੰਘ ਚਿੰਕਾ ਵੀ ਸਨ। ਉਸਤਾਦ ਜ਼ਾਕਿਰ ਹੁਸੈਨ ਨੇ ਉਹਨਾਂ ਨੂੰ ਕਿਹਾ ਚਿੰਕਾ, ਸਤਿਗੁਰੂ ਜੀ ਨੂੰ ਅਰਜ਼ ਕਰੀਂ ਕਿ ਜ਼ਾਕਰ ਯਤੀਮ ਹੋ ਗਿਆ ਹੈ। ਆਪ ਦਾ ਹੱਥ ਮੇਰੇ ਸਿਰ ਤੇ ਬਣਿਆ ਰਹੇ। ਮੇਰਾ ਬੜਾ ਜੀਅ ਕਰਦਾ ਹੈ ਆਪ ਦੇ ਦਰਸ਼ਨ ਨੂੰ। ਦਿੱਲੀ ਏਅਰਪੋਰਟ ਤੋਂ ਜਾਣ ਲਗੇ ਤਾਂ ਕਿਹਾ ਕਿ ਜਾ ਕੇ ਸੱਚੇ ਪਾਤਸ਼ਾਹ ਨੂੰ ਅਰਜ਼ ਕਰੀਂ ਆਪ ਦਾ ਪਿਆਰ ਭਰਿਆ ਹੱਥ ਇਸੇ ਤਰ੍ਹਾਂ ਬਣਿਆ ਰਹੇ। ਮੇਰੀ ਅਜੇ ਅੱਧੀ ਹਾਜ਼ਰੀ ਹੋਈ ਹੈ। ਦੁਬਾਰਾ ਜਲਦੀ ਆਵਾਂਗਾ। ਢਾਈ ਤਿੰਨ ਘੰਟੇ ਤਬਲਾ ਸੁਨਾਣ ਦੀ ਇਛਾ ਹੈ। ਫੇਰ ਹਾਜ਼ਰੀ ਪੂਰੀ ਹੋਵੇਗੀ। ਉਸਤਾਦ ਜ਼ਾਕਿਰ ਹੁਸੈਨ ਸ੍ਰੀ ਭੈਣੀ ਸਾਹਿਬ ਦੇ ਕਲਾਕਾਰਾਂ ਦੇ ਘਰਾਂ ਵਿਚ ਸਹੂਲਤਾਂ ਵੇਖ ਕੇ ਬਹੁਤ ਖੁਸ਼ ਹੋਏ ਤੇ ਕਿਹਿਣ ਲੱਗੇ ਕਿ ਅਜਿਹੀਆਂ ਸਹੂਲਤਾਂ ਤਾਂ ਸਾਡੇ ਕੋਲ ਮੁੰਬਈ ਵੀ ਨਹੀਂ ਹਨ। ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ, ਸੰਤ ਜਗਤਾਰ ਸਿੰਘ ਜੀ ਉਸਤਾਦ ਜ਼ਾਕਿਰ ਹੁਸੈਨ ਦੇ ਕਾਹਲੀ ਬਣੇ ਪ੍ਰੋਗਰਾਮ ਨੂੰ ਕੁਸ਼ਲਤਾ ਪੂਰਬਕ ਨਿਭਾਉਣ ਲਈ ਵਧਾਈ ਦੇ ਪਾਤਰ ਹਨ। ਸਾਡੀ ਜ਼ਿੰਦਗੀ ਦਾ ਇਹ-ਇਹ ਸੁਖਾਵਾਂ ਤੇ ਯਾਦਗਾਰੀ ਦਿਨ ਸੀ।

*—ਜਗਜੀਤ ਸਿੰਘ ਵਰਿਆਮ*

## ਸ. ਜਸਵਿੰਦਰ ਸਿੰਘ ਜੀ ਨੂੰ ਸਦਮਾ

ਸਾਡੇ ਸੁਹਿਰਦ ਮਿਤਰ ਸ. ਜਸਵਿੰਦਰ ਸਿੰਘ 'ਹਿਸਟੋਰੀਅਨ' ਦੇ ਬਜ਼ੁਰਗ ਮਾਤਾ ਜੀ, ਬੀਬੀ ਹਰਬੰਸ ਕੌਰ ਸੁਪਤਨੀ ਸ. ਕਿਰਪਾਲ ਸਿੰਘ ਕਲਸੀ ਦਿੱਲੀ ਵਿੱਚ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਸ. ਜਸਵਿੰਦਰ ਸਿੰਘ ਦੀ ਜਨਮ ਦਾਤੀ ਮਾਤਾ ਹਰਬੰਸ ਕੌਰ ਜੀ ਦਾ ਜਸਵਿੰਦਰ ਸਿੰਘ ਦੀ ਸ਼ਖਸੀਅਤ ਬਨਾਉਣ ਵਿਚ ਉਘਾ ਯੋਗਦਾਨ ਹੈ। ਮਾਂ ਵਰਗੇ ਘਣਛਾਵੇਂ ਬਿਰਖ ਤੋਂ ਵਾਂਝਿਆ ਹੋ ਜਾਣ ਦੇ ਮਹਾਨ ਵਿਗੋਚੇ ਸਮੇਂ ਅਸੀਂ ਸ. ਜਸਵਿੰਦਰ ਸਿੰਘ ਜੀ ਨਾਲ ਡੂੰਘੀ ਹਮਦਰਦੀ ਸਾਂਝੀ ਕਰਦੇ ਹੋਏ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਬੀਬੀ ਜੀ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸਾਰੇ ਪਰਿਵਾਰ ਅਤੇ ਮਿਤਰ ਮੰਡਲ ਨੂੰ ਭਾਣਾ ਮਨੰਣ ਦਾ ਬੱਲ ਬਖਸ਼ਨ।

*—ਜਗਜੀਤ ਸਿੰਘ ਵਰਿਆਮ*



Namdhari Elibrary NamdhariElibrary@gmail.com

# ਅਨੰਦਪੁਰ ਦਾ ਹੋਲਾ ਮਹੱਲਾ ਮਾਰਚ ੧੮੬੭

—ਪ੍ਰੋ. ਕਿਰਪਾਲ ਸਿੰਘ ਕਸੇਲ



ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਮਾਘੀ ਦੇ ਮੇਲੇ ਉੱਤੇ ਜਾਣ ਦੀ ਪੰਜਾਬ ਸਰਕਾਰ ਵਲੋਂ ਆਗਿਆ ਨਾ ਮਿਲੀ ਤਾਂ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਮਹੱਲੇ ਦੇ ਅਵਸਰ ਨੂੰ ਵੱਡੇ ਮੇਲੇ ਅਰਥਾਤ ਸੰਗਤਾਂ ਦੇ ਵੱਡੇ ਇਕੱਠ ਨਾਲ ਮਨਾਉਣ ਦਾ ਫੈਸਲਾ ਕੀਤਾ। ਸੂਬਾ ਲੱਖਾ ਸਿੰਘ ਨੂੰ ਲਾਹੌਰ ਜਾ ਕੇ ਪੰਜਾਬ ਸਰਕਾਰ ਨੂੰ ਇਤਲਾਹ ਦੇਣ ਲਈ ਭੇਜਿਆ ਗਿਆ। ਪੰਜਾਬ ਸਰਕਾਰ ਹਾਲੀਂ ਜੱਕੋ-ਤੱਕੇ ਵਿਚ ਸੀ। ਉਸ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਮਿਸਟਰ ਈਲੀਅਟ ਨੂੰ ਲਿਖ ਭੇਜਿਆ ਕਿ ਉਹ ਭੈਣੀ ਜਾ ਕੇ ਇਸ ਗੱਲ ਦਾ ਪਤਾ ਕਰਨ ਕਿ ਉਹ ਕਿਸ ਤਰ੍ਹਾਂ ਦਾ ਮੇਲਾ ਕਰਨਾ ਚਾਹੁੰਦੇ ਹਨ। ਸਰਕਾਰ ਦਾ ਖਿਆਲ ਸੀ ਕਿ ਮੇਲੇ ਵਿਚ ਵੱਡੀ ਗਿਣਤੀ ਵਿਚ ਸੰਗਤ ਨੂੰ ਨਾ ਆਉਣ ਦਿੱਤਾ ਜਾਵੇ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਿਸਟਰ ਈਲੀਅਟ ਅਤੇ ਸੁਪਰਡੈਂਟ ਪੁਲੀਸ ਮਿਸਟਰ ਸਮਿੱਥ ਆਪ ਭੈਣੀ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ। ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਸਪਸ਼ਟ ਤੌਰ ਤੇ ਕਹਿ ਦਿੱਤਾ ਕਿ ਅਸੀਂ ਮੇਲਾ ਜ਼ਰੂਰ ਕਰਾਂਗੇ। ਸਾਨੂੰ ਥੋੜ੍ਹੀ ਗਿਣਤੀ ਵਾਲੀ ਸ਼ਰਤ ਪ੍ਰਵਾਨ ਨਹੀਂ ਹੈ। ਜੇ ਤੁਸੀਂ ਅਨੰਦਪੁਰ ਜਾ ਕੇ ਹੋਲਾ ਮਨਾਉਣ ਦੀ ਆਗਿਆ ਨਹੀਂ ਦੇਵੋਗੇ ਤਾਂ ਅਸੀਂ ਇਹ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਕਰਾਂਗੇ ਪਰ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਲੋਕਾਂ ਤੇ ਸਰਕਾਰ-ਭਗਤ ਸ੍ਰੀ ਭੈਣੀ ਸਾਹਿਬ ਵਿਖੇ ਮੇਲਾ ਕਰਨ ਦੇ ਵਿਰੁੱਧ ਸਨ। ਇਸ ਲਈ ਸਰਕਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਦਾ ਦੀਵਾਨ ਕਰਨ ਦੀ ਆਗਿਆ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਸ ਨਾਲ ਸਰਕਾਰ ਨੂੰ ਇਹ ਜਾਣਕਾਰੀ ਵੀ ਮਿਲ ਸਕਦੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਕਿੰਨੀ ਕੁ ਨਾਮਧਾਰੀ ਸੰਗਤ ਇਕੱਤਰ ਹੋ ਸਕਦੀ ਹੈ ਕਿਉਂ ਜੋ ਪੰਜਾਬ ਸਰਕਾਰ ਨਾਮਧਾਰੀਆਂ ਦੀ ਵਾਸਤਵਿਕ ਸ਼ਕਤੀ ਦੀ ਟੋਹ ਲਾਉਣ ਲਈ ਬੜੀ ਉਤਸੁਕ ਸੀ। ਇਸ ਲਈ ਜਿਥੇ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੋਲੇ ਦੇ ਪੁਰਬ ਉੱਤੇ ਅਨੰਦਪੁਰ ਸਾਹਿਬ ਦੀ ਯਾਤਰਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ, ਉੱਥੇ ਨਾਲ ਹੀ ਮਿਸਟਰ ਮੈਕਐਂਡਰਿਊ ਡੀ. ਆਈ. ਜੀ. ਪੰਜਾਬ ਨੂੰ ਸਕੱਤਰ ਪੰਜਾਬ ਸਰਕਾਰ ਨੇ ਇਹ ਆਦੇਸ਼ ਵੀ ਜਾਰੀ ਕਰ ਦਿੱਤਾ ਕਿ ਉਹ ਆਪ ਜਾ ਕੇ ਇਸ ਮੇਲੇ ਦਾ ਪ੍ਰਬੰਧ ਵੇਖੇ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਦੇ ਵਾਪਰਨ ਦੀ ਸੰਭਾਵਨਾ ਨੂੰ ਰੋਕੇ।

[1]* ਸਤਿਗੁਰੂ ਜੀ ਵਲੋਂ ਆਪਣੇ ਸਾਰੇ ਸੂਬਿਆਂ ਨੂੰ ਇਹ ਸੰਦੇਸ਼ ਭੇਜ ਦਿੱਤਾ ਗਿਆ ਕਿ ਹੋਲੇ ਦਾ ਪੁਰਬ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਵੇਗਾ। ਇਸ ਲਈ ਨਾਮਧਾਰੀ ਸਾਧ ਸੰਗਤ ਵੱਡੇ ਤੇ ਸ਼ਾਨਦਾਰ ਜਲੂਸ ਦੀ ਸ਼ਕਤ ਵਿਚ ਸ੍ਰੀ ਭੈਣੀ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਰਵਾਨਾ ਹੋਵੇਗੀ। ਇਸ ਲਈ ਸਾਰੀ ਸਾਧ-ਸੰਗਤ ਸੂਬੇ ਅਤੇ ਜਥੇਦਾਰ ਸ੍ਰੀ ਭੈਣੀ ਸਾਹਿਬ ਪੁੱਜ ਜਾਣ। ਸੰਤ ਸੰਤੋਖ ਸਿੰਘ ਬਾਹੋਵਾਲ ਨੇ ਇਸ ਗੱਲ ਦਾ ਵੀ ਵਰਣਨ ਕੀਤਾ ਹੈ ਕਿ ਸਤਿਗੁਰੂ ਜੀ ਨੇ ਹੋਲੇ ਤੋਂ ਕੁਝ ਚਿਰ ਪਹਿਲਾਂ ਸੂਬਾ ਲੱਖਾ ਸਿੰਘ ਤੇ ਕੁਝ ਹੋਰ ਸਿੰਘਾਂ ਨੂੰ ਅਨੰਦਪੁਰ ਸਾਹਿਬ ਜਾ ਕੇ ਸਾਰੀ ਸਥਿਤੀ ਤੋਂ ਜਾਣੂ ਹੋਣ ਲਈ ਭੇਜਿਆ ਸੀ। ਆਮ ਤੌਰ ਤੇ ਉਸ ਸਮੇਂ ਪ੍ਰਮੁੱਖ ਗੁਰਧਾਮਾਂ ਦੇ ਪੁਜਾਰੀ ਨਾਮਧਾਰੀਆਂ ਦਾ ਵਿਰੋਧ ਕਰਦੇ ਸਨ ਅਤੇ ਉਨ੍ਹਾਂ ਨੂੰ ਤਨਖਾਹੀਏ ਕਰਾਰ ਦਿੰਦੇ ਸਨ। ਮਸਤਾਨਾ ਬਿਰਤੀ ਵਿਚ ਸ਼ਬਦ ਪੜ੍ਹਨ ਸਮੇਂ ਕਈ ਵਾਰ ਨਾਮਧਾਰੀਆਂ ਦੀਆਂ ਦਸਤਾਰਾਂ ਤੇ ਕੇਸ ਖੁਲ੍ਹ ਜਾਂਦੇ ਸਨ। ਨਾਮਧਾਰੀਆਂ ਦੇ ਗੁਰਮੰਤਰ ਨੂੰ ਵੀ ਉਹ ਕਲਾਮ ਦੱਸਦੇ ਸਨ ਕਿਉਂ ਜੋ ਸਤਿਗੁਰੂ ਬਾਲਕ ਸਿੰਘ ਜੀ ਦੇ ਸਮੇਂ ਤੋਂ ਹੀ 'ਨਾਮ' ਨੂੰ ਗੁਪਤ ਰੱਖਣ ਤੇ ਜਪਣ ਦਾ ਹੁਕਮ ਸੀ। ਅਨੰਦਪੁਰ ਪਹੁੰਚ ਕੇ ਸੂਬਾ ਲੱਖਾ ਸਿੰਘ ਦਾ ਗੁਰੂ ਤੇਗ ਬਹਾਦਰ ਸਥਾਨ ਤੇ ਨਿਹੰਗ ਸਿੰਘਾਂ ਨਾਲ ਟਾਕਰਾ ਹੋਇਆ ਜਿਸ ਦੇ ਦਿਲਚਸਪ ਵੇਰਵੇ ਸੰਤ ਸੰਤੋਖ ਸਿੰਘ ਬਾਹੋਵਾਲ ਨੇ ਆਪਣੇ ਗ੍ਰੰਥ ਵਿਚ ਦਿੱਤੇ ਹਨ। [2]* ਇਸ ਰੋਚਕ ਘਟਨਾ ਦਾ ਵਰਣਨ ਸੰਤ ਬਾਹੋਵਾਲ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ।

"ਬਾਬਾ ਲੱਖਾ ਸਿੰਘ ਅਤੇ ਹੋਰ ਦੂਸਰੇ ਸੂਬੇ, ਦੋਹਾਂ ਨੇ ਜਾ

1. ਡਾ. ਜਸਵੰਤ ਸਿੰਘ ਜਸ, ਬਾਬਾ ਰਾਮ ਸਿੰਘ ਨਾਮਧਾਰੀ ਪੰਨਾ 110
2. ਉਪਰੋਕਤ ਪੰਨਾ 245-246



Namdhari Elibrary NamdhariElibrary@gmail.com

ਕੇ ਅਰਦਾਸਾਂ ਕਰਾਈਆਂ। ਜਾਂ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਆਰੇ ਗਏ ਤਾਂ ਪੁਜਾਰੀ ਕਹਿੰਦੇ ਏਥੇ ਹੀ ਖੜੇ ਹੋ ਜਾਓ। ਸੂਬਿਆਂ ਕਹਿਆ ਕਿਉਂ? ਪੁਜਾਰੀ ਕੈਂਹਦੇ ਤੁਸੀਂ ਤਨਖਾਹੀਏ ਹੋ, ਤੁਹਾਡੀ ਪੱਗ ਉਤਰ ਜਾਂਦੀ ਹੈ ਸੂਤਰ ਮੈ। ਕੇਸਾਂ ਦੀ ਬੇਅਦਬੀ ਅਰ ਕਲਾਮ ਪੜਦੇ ਹੋ। ਸੂਬਿਆਂ ਕਹਾ ਕਿ ਪ੍ਰਮੇਸਰ ਕੀ ਦਰਗਾਹ ਤੇ ਝੂਠੇ, ਸ਼ਬਦ ਕੋ ਕਲਾਮ ਦਸਦੇ ਹੋ? ਸ਼ਬਦ ਕੇ ਪ੍ਰੇਮ ਮੇਂ ਮਸਤਾਨੇ ਹੋ ਕੇ ਉਨ੍ਹਾਂ ਕੋ ਸਰਬ ਰੂਪ ਏਕ ਹੀ ਨਜ਼ਰ ਆਉਂਦਾ ਹੈ। ਥੁਆਡੇ ਘਰ ਦੀਆਂ ਸਿੰਘਣੀਆਂ ਤਮਾਕੂ ਦੀ ਨਸਵਾਰ ਵਰਤਦੀਆਂ ਹਨ। ਥੁਆਨੂੰ ਓਨਾਂ ਹੱਥਾਂ ਨਾਲ ਪ੍ਰਸ਼ਾਦਾ ਪਕਾ ਕੇ ਛਕਾਉਂਦੀਆਂ ਹਨ। ਤੁਸੀਂ ਤਾਂ ਆਪ ਤਨਖਾਹੀਏ ਹੋ। ਸਾਨੂੰ ਤੁਸਾਂ ਕੀ ਤਨਖਾਹ ਲੈਣੀ ਹੈ। ਸੂਬਿਆਂ ਕਹਾ ਕਿ ਦੋ ਚਿੱਠੀਆਂ ਲਿਖ ਕੇ ਅਗਨ ਮੇਂ ਸੁਟ ਦੇਂਦੇ ਹੈਂ। ਜੋ ਸਾਬਤ ਬਚ ਰਹੀ ਸੋ ਸੱਚੇ। ਕੋਲ ਹੀ ਥਾਣੇਦਾਰ ਤੇ ਤਸੀਲਦਾਰ ਸੇ। ਉਨ੍ਹਾਂ ਕਿਹਾ ਕਿ ਅਦਾਲਤ ਸਹੀ ਹੈ। ਏਸੇ ਤਰ੍ਹਾਂ ਕਰੋ। ਏਕ ਨਿਹੰਗ ਨੇ ਉਚੀ ਸੇ ਪੁਕਾਰ ਕੇ ਕਹਿਆ ਕਿ ਚਿੱਠੀਆਂ ਅਗਨ ਮੈ ਨਾ ਪਾਇਓ। ਥੁਆਡੀ ਚਿੱਠੀ ਅਗਨ ਮੇਂ ਜਲ ਜਾਊਗੀ। ਝੂਠੇ ਹੋਇ ਜਾਵੋਗੇ। ਸੂਬਿਆਂ ਨੇ ਕਹਿਆ ਤੁਸੀਂ ਇਸ਼ਨਾਨ ਭੀ ਨਹੀਂ ਕਰਦੇ। ਅਸੀਂ ਸਣਕੇਸੀਂ ਇਸ਼ਨਾਨ ਕਰਦੇ ਹਾਂ ਅਤੇ ਨਿਤਨੇਮ ਦਾ ਪਾਠ ਕਰਦੇ ਹਾਂ। ਸਾਨੂੰ ਤੁਸੀਂ ਗੁਰਦਵਾਰੀਂ ਨਹੀਂ ਚੜ੍ਹਨ ਦੇਂਦੇ। ਤੁਸੀਂ ਆਦ ਅੰਤ ਤੇ ਹੀ ਝੂਠੇ ਹੋ। ਹੋਲੇ ਕੋ ਅਸੀਂ ਆਪਣੇ ਸਤਿਗੁਰੂ ਜੀ ਕੋ ਲੈ ਕੇ ਆਵਾਂਗੇ।"

ਫੇਰ ਸੂਬਿਆਂ ਨੇ ਪੈਸੇ ਅਤੇ ਕੌਡੀਆਂ ਦੀਆਂ ਮੁੱਠਾਂ ਭਰ ਭਰ ਕੇ ਮਾਰੀਆਂ। ਪੁਜਾਰੀ ਲੱਗੇ ਚੁਗਣ। ਮੱਖੀਆਂ ਵਾਂਗ ਪੁਜਾਰੀ ਡਿੱਗਣ। ਕਈਆਂ ਦੀਆਂ ਪੱਗਾਂ ਲਹਿ ਗਈਆਂ। ਲੋਕ ਹੱਸਣ ਕਿ ਤੁਸੀਂ ਤਾਂ ਕੂਕਿਆਂ ਕੋ ਕਹਿੰਦੇ ਹੋ ਕਿ ਪੱਗਾਂ ਲਾਹ ਦੇਂਦੇ ਹੈਂ ਹੁਣ ਥੁਆਡੀਆਂ ਪੱਗਾਂ ਆਪੇ ਹੀ ਲਹਿ ਗਈਆਂ ਹੈਨ। ਕੂਕਿਆਂ ਦੀ ਪੱਗ ਤਾਂ ਸ਼ਬਦ ਕੀ ਮਸਤੀ ਨਾਲ ਲਹਿ ਜਾਂਦੀ ਹੈ, ਥੁਆਡੀ ਪੱਗ ਪੈਸਿਆਂ ਪਿਛੇ ਲਹਿ ਜਾਂਦੀ ਹੈ, ਥੁਆਨੂੰ ਸ਼ਰਮ ਨਹੀਂ ਆਉਂਦੀ ਓਨ੍ਹਾਂ ਕੋ ਤਨਖਾਹੀਏ ਕੈਂਹਦੇ ਹੋ, ਨਾਲੇ ਉਨ੍ਹਾਂ ਕੀ ਪੂਜਾ ਲੈਂਦੇ ਹੋ। ਥਾਣੇਦਾਰ ਔਰ ਤਸੀਲਦਾਰ ਨੇ ਐਸੀ ਫਿਟ ਲਾਨਤ ਕਰੀ ਕਿ ਪੁਜਾਰੀ ਸ਼ਰਮ ਦੇ ਮਾਰੇ ਚੁਪ ਕਰ ਰਹੇ। ਕੋਈ ਜਵਾਬ ਨਾ ਆਵੇ ਅੱਗੋ ਸੇ।

**ਅਨੰਦਪੁਰ ਯਾਤਰਾ ਦਾ ਸ਼ਾਨਦਾਰ ਜਲੂਸ**

੧੬ ਮਾਰਚ, ੧੮੬੭ ਨੂੰ ਸ੍ਰੀ ਭੈਣੀ ਸਾਹਿਬ ਤੋਂ ਅਰਦਾਸਾ ਸੋਧ ਕੇ ਨਾਮਧਾਰੀ ਸਾਧ ਸੰਗਤ ਦਾ ਸ਼ਾਨਦਾਰ ਜਲੂਸ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਾਧ ਸੰਗਤ ਦੀ ਰਵਾਨਗੀ ਨਾਲ ਆਰੰਭ ਹੋਇਆ। ਸੂਬਾ ਸੁਧ ਸਿੰਘ ਨੂੰ ਇਸ ਸ਼ਾਨਦਾਰ ਜਲੂਸ ਦਾ ਮੁੱਖੀ ਥਾਪਿਆ ਗਿਆ।

ਜਲੂਸ ਦੇ ਅੱਗੇ ਅੱਗੇ ਨਿਗਾਰਚੀ ਸਨ ਜੋ ਨਗਾਰੇ ਵਜਾ ਰਹੇ ਸਨ। ਨਾਮਧਾਰੀ ਪੰਥ ਦਾ ਸਫੇਦ ਪਰਚਮ ਵੀ ਲਹਿਰਾ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਉੱਤੇ ਸਵਾਰ ਸਨ ਅਤੇ ਸਭ ਤੋਂ ਮੋਹਰੇ ਜਾ ਰਹੇ ਸਨ। ਉਨ੍ਹਾਂ ਤੋਂ ਪਿਛੇ ਸੂਬੇ ਘੋੜਿਆਂ ਤੇ ਸਵਾਰ ਸਨ। ਕੁਝ ਸਿੰਘ ਊਠਾਂ ਉਤੇ ਅਤੇ ਕੁਝ ਜੋ ਸਿਹਤ ਦੇ ਪੱਖੋਂ ਕਮਜ਼ੋਰ ਸਨ, ਗੱਡਿਆਂ ਉੱਤੇ ਸਵਾਰ ਸਨ। ਪਿੱਛੇ ਪਿੱਛੇ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਸਾਧ ਸੰਗਤ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੀ ਜਾ ਰਹੀ ਸੀ। ਇਸ ਸ਼ਾਨਦਾਰ ਜਲੂਸ ਵਿਚ ੫੦੦੦ ਤੋਂ ਵੀ ਵੱਧ ਸਿੱਖ ਸੰਗਤ ਮਾਈ-ਭਾਈ ਸ਼ਾਮਿਲ ਸੀ। ਸਾਰੀ ਕਾਰਵਾਈ ਅਜਿਹੇ ਅਨੁਸ਼ਾਸਨ ਵਿਚ ਚਲ ਰਹੀ ਸੀ ਕਿ ਵੇਖਦਿਆਂ ਹੀ ਸ਼ੋਭਾ ਬਣਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਵਡਿਆਈ ਤੇ ਸ਼ਾਨ ਦਾ ਸ਼ਾਨਦਾਰ ਨਜ਼ਾਰਾ ਦ੍ਰਿਸ਼ਟੀਗੋਚਰ ਹੁੰਦਾ ਸੀ। ਰਸਤੇ ਵਿਚ ਪਿੰਡਾਂ ਦੇ ਲੋਕ ਕੋਠਿਆਂ ਉੱਤੇ ਚੜ੍ਹ ਕੇ ਵੱਡੀ ਗਿਣਤੀ ਵਿਚ ਇਸ ਸ਼ਾਨਦਾਰ ਜਲੂਸ ਨੂੰ ਵੇਖ ਕੇ ਧੰਨ ਧੰਨ ਆਖ ਰਹੇ ਸਨ।

ਯਾਤਰਾ ਨੇ ਪਹਿਲਾ ਪੜ੍ਹਾ ਖਮਾਣੋਂ ਜਾ ਕੇ ਕੀਤਾ।[1*] "ਉਥੋਂ ਦੀ ਸੰਗਤ ਨੇ ਪਿੰਡੋਂ ਬਾਹਰ ਆ ਕੇ ਜੱਥੇ ਦਾ ਨਿੱਘਾ ਸੁਆਗਤ ਕੀਤਾ।----ਪਿੰਡੋਂ ਬਾਹਰ ਖੁੱਲ੍ਹੇ ਥਾਂ ਜੱਥੇ ਦੇ ਠਹਿਰਣ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਹੋਇਆ ਸੀ। ਅੰਮ੍ਰਿਤ ਵੇਲੇ ਦੀਵਾਨ ਸਜਿਆ। ਨਾਮ ਬਾਣੀ ਦਾ ਪਰਵਾਹ ਚੱਲਿਆ। ਅੰਮ੍ਰਿਤ ਪ੍ਰਚਾਰ ਹੋਇਆ। ਪਿੰਡ ਦੇ ਸਰਦਾਰਾਂ ਨੇ ਅੰਮ੍ਰਿਤ ਛਕਿਆ। ਸ. ਪ੍ਰਤਾਪ ਸਿੰਘ ਨੇ ਤਿੰਨ ਸੌ ਰੁਪਏ ਥਾਲ ਵਿਚ ਰੱਖੇ, ਉੱਤੇ ਰੁਮਾਲ ਪਾਇਆ ਤੇ ਜਾ ਸਤਿਗੁਰੂ ਜੀ ਦੀ ਭੇਟ ਕੀਤਾ। ਸਤਿਗੁਰੂ ਜੀ ਨੇ ਮਲਕੜੇ ਰੁਮਾਲ ਚੁਕਿਆ ਅਤੇ ਕਹਿਣ ਲੱਗੇ। "ਏਨੇ ਰੁਪਏ ਕਾਹਨੂੰ ਲਿਆਉਣੇ ਸਨ।" ਹਜ਼ੂਰ ਮੈਂ ਤਾਂ ਅਜੇ ਹੋਰ ਲਿਆਉਣੇ ਚਾਹੁੰਦਾ ਸਾਂ...ਇਹ ਕੋਈ ਬਹੁਤੇ ਨਹੀਂ। ਇਸ ਤੋਂ ਵੱਧ ਤਾਂ ਮੈਂ ਸ਼ਰਾਬ ਪੀ ਜਾਂਦਾ ਸੀ, ਜਿਹੜੀ ਹੁਣ ਤੁਹਾਡੀ ਕਿਰਪਾ ਦੇ ਨਾਲ ਛੁੱਟ ਗਈ ਹੈ।" ਸਤਿਗੁਰੂ ਜੀ ਨੇ ਥਾਲ ਫੜ ਕੇ ਸੂਬਾ ਸੁੱਧ ਸਿੰਘ ਨੂੰ ਦੇ ਦਿੱਤਾ।

ਅਗਲਾ ਪੜ੍ਹਾ ਭੋਜੋ ਮਾਜਰੇ ਜਾ ਕੀਤਾ। ਇੱਥੋਂ ਦੇ ਕੁਝ ਬ੍ਰਾਹਮਣਾਂ ਨੇ ਸਤਿਗੁਰੂ ਜੀ ਤੋਂ ਗੁਰਮੰਤਰ ਲਿਆ।

1. ਡਾ. ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ ਨਾਮਧਾਰੀ ਪੰਨਾ ੧੧੧, ੧੧੨



Namdhari Elibrary NamdhariElibrary@gmail.com

ਰੋਪੜ ਵਿਖੇ ਅਣਗਿਣਤ ਨਰ-ਨਾਰੀਆਂ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਆਪ ੧੮ ਮਾਰਚ ੧੮੬੭ ਨੂੰ ਕੀਰਤਪੁਰ ਸਾਹਿਬ ਪਹੁੰਚ ਗਏ। ਸਤਿਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਦੇ ਬਾਗ ਵਿਚ ਡੇਰਾ ਕੀਤਾ। ਇੱਥੇ ਹੀ ਸੰਤ ਬਾਹੋਵਾਲ ਅਨੁਸਾਰ ਸਤਿਗੁਰੂ ਜੀ ਨੇ ਸੰਗਤ ਨੂੰ ਬਸੰਤੀ ਰੰਗ ਦੇ ਦਸਤਾਰ ਰੰਗਣ ਦਾ ਹੁਕਮ ਕੀਤਾ। ਸਭ ਨੇ ਬਸੰਤੀ ਦਸਤਾਰੇ ਤੇ ਬੀਬੀਆਂ ਨੇ ਬਸੰਤੀ ਦੁਪੱਟੇ ਪਹਿਨ ਲਏ। ਸਾਰੇ ਬੰਨ੍ਹੇ ਬਸੰਤ ਹੀ ਬਸੰਤ ਨਜ਼ਰ ਆ ਰਹੀ ਸੀ। ਸੰਗਤ ਦਾ ਇਕੱਠ ਇਨਾ ਵੱਡਾ ਸੀ ਕਿ ਪੈਰ ਧਰਨ ਨੂੰ ਵੀ ਥਾਂ ਨਹੀਂ ਸੀ ਰਹੀ। ਰਾਗੀ ਸਿੰਘਾਂ ਨੇ ਬਸੰਤ ਰਾਗ ਦੇ ਸ਼ਬਦ ਦਾ ਬਸੰਤ ਰਾਗ ਵਿਚ ਹੀ ਗਾਇਨ ਕੀਤਾ। ਇੰਨੀ ਮਸਤੀ ਵਿਚ ਸ਼ਬਦ ਦਾ ਗਾਇਨ ਕੀਤਾ ਕਿ ਸਭ ਨੂੰ ਸੂਤਰ ਹੋ ਗਿਆ ਤੇ ਸਭ ਸ਼ਬਦ ਦੀ ਮਸਤੀ ਵਿਚ ਅਨੰਦ ਮਗਨ ਹੋ ਕੇ ਮਾਨੋਂ ਜਿਵੇਂ ਬੈਕੁੰਠ ਦਾ ਅਨੰਦ ਮਾਣ ਰਹੇ ਹੋਣ।

੧੯ ਮਾਰਚ ੧੮੬੭ ਨੂੰ ਇਹ ਯਾਤਰੀਆਂ ਦਾ ਸ਼ਾਨਦਾਰ ਸਮੂਹ ਜਲੂਸ ਦੇ ਰੂਪ ਵਿਚ ਅਨੰਦਪੁਰ ਸਾਹਿਬ ਪਹੁੰਚ ਗਿਆ। ਇਸ ਜਲੂਸ ਦੀ ਸ਼ੋਭਾ ਅਤੇ ਅਦਭੁੱਤ ਅਨੁਸ਼ਾਸਣ ਦਾ ਨਜ਼ਾਰਾ ਵੇਖਦਿਆਂ ਹੀ ਬਣਦਾ ਸੀ। ਮਨੋਹਰ ਸ਼ਬਦ ਕੀਰਤਨ ਦਾ ਪ੍ਰਵਾਹ ਆਲੇ ਦੁਆਲੇ ਦੇ ਵਾਤਾਵਰਣ ਨੂੰ ਵੀ ਅਨੰਦ ਵਿਭੋਰ ਕਰ ਰਿਹਾ ਸੀ।

ਦੂਜੇ ਬੰਨ੍ਹੇ ਪੰਜਾਬ ਸਰਕਾਰ ਵਲੋਂ ਵੀ ਇਸ ਮੇਲੇ ਦੇ ਪ੍ਰਬੰਧ ਅਤੇ ਇਸ ਵਿਚ ਹੋਣ ਵਾਲੀ ਕਿਸੇ ਗੜਬੜ ਦੀ ਸੰਭਾਵਨਾ ਨੂੰ ਮੁੱਖ ਰੱਖ ਕੇ ਪੂਰੀ ਤਿਆਰੀ ਕੀਤੀ ਗਈ ਸੀ ਅਤੇ ਵੱਡੀ ਗਿਣਤੀ ਵਿਚ ਪੁਲਿਸ ਅਤੇ ਸਿਵਲ ਦੇ ਵੱਡੇ ਅਫ਼ਸਰ ਭਾਰੀ ਪੁਲਿਸ ਬਲ ਨਾਲ ਇੱਥੇ ਅਨੰਦਪੁਰ ਪਹੁੰਚ ਗਏ ਸਨ।

ਪੰਜਾਬ ਸਰਕਾਰ ਸੰਤ ਖਾਲਸੇ, ਸਨਾਤਨੀ ਅਤੇ ਨਿਹੰਗ ਸਿੰਘਾਂ ਦੇ ਪਰਸਪਰ ਵਿਰੋਧ ਤੋਂ ਜਾਣੂ ਸੀ। ਇਸ ਲਈ ਸਰਕਾਰ ਵਲੋਂ ਵਿਆਪਕ ਪ੍ਰਬੰਧ ਕਰਨ ਦੀ ਯੋਜਨਾ ਬਣਾਈ ਗਈ। ਸਰਕਾਰੀ ਅਮਲੇ ਫੈਲੇ ਦੀ ਤਿਆਰੀ ਅਤੇ ਕਰਮਚਾਰੀਆਂ ਦੀ ਗਿਣਤੀ ਆਦਿ ਬਾਰੇ ਵੇਰਵੇ ਨਾਮਧਾਰੀ ਇਤਿਹਾਸਕਾਰਾਂ ਨੇ ਦਿੱਤੇ ਹਨ, ਜਿਨ੍ਹਾਂ ਦੀ ਪੁਸ਼ਟੀ ਸਰਕਾਰੀ ਦਸਤਾਵੇਜ਼ਾਂ ਤੋਂ ਵੀ ਹੋ ਜਾਂਦੀ ਹੈ। ਪੰਜਾਬ ਸਰਕਾਰ ਵਲੋਂ ਅਨੰਦਪੁਰ ਸਾਹਿਬ ਦੇ ਮੇਲੇ ਲਈ ਕੀਤੇ ਗਏ ਪ੍ਰਬੰਧਾਂ ਦੇ ਵੇਰਵੇ ਇਹ ਸਿੱਧ ਕਰਦੇ ਹਨ ਕਿ ਸਰਕਾਰ ਸਤਿਗੁਰੂ ਜੀ ਦੀ ਅਨੰਦਪੁਰ ਦੀ ਯਾਤਰਾ ਨੂੰ ਡੂੰਘੀ ਨਜ਼ਰ ਨਾਲ ਵੇਖ ਰਹੀ ਸੀ ਅਤੇ ਹਰ ਪ੍ਰਕਾਰ ਦੀ ਗੜਬੜ ਨੂੰ ਰੋਕਣਾ ਚਾਹੁੰਦੀ ਸੀ।

[1]"ਡਿਪਟੀ ਇੰਸਪੈਕਟਰ ਜਨਰਲ ਮਿਸਟਰ ਮੈਕਐਂਡਰੀਓ ਨੇ ੧੦ ਮਾਰਚ ੧੮੬੭ ਨੂੰ ਲਾਹੌਰ ਤੋਂ ਚਲ ਕੇ ੧੨ ਮਾਰਚ ੧੮੬੭ ਤਰੀਖ ਨੂੰ ਜਲੰਧਰ ਦੇ ਕਮਿਸ਼ਨਰ ਨਾਲ ਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਆਵਣ ਸਬੰਧੀ ਸਲਾਹ ਮਸ਼ਵਰੇ ਕੀਤੇ। ਹੁਸ਼ਿਆਰਪੁਰ ਦੇ ਜ਼ਿਲ੍ਹੇ ਦੇ ਸੁਪਰਡੈਂਟ ਪੁਲੀਸ ਦੇ ਨਾਮ ਹੁਕਮ ਭੇਜਿਆ ਕਿ ਪੁਲੀਸ ਦੇ ਜਿਤਨੇ ਭੀ ਆਦਮੀ ਡਿਊਟੀਆਂ ਤੋਂ ਵੇਹਲੇ ਕੀਤੇ ਜਾ ਸਕਦੇ ਹੋਵਣ, ਤਿਆਰ ਰਖੇ ਜਾਵਣ। ੧੩ ਮਾਰਚ ਨੂੰ ਹੁਸ਼ਿਆਰਪੁਰ ਪਹੁੰਚ ਕੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਨਾਲ ਅਨੰਦਪੁਰ ਸਾਹਿਬ ਦੇ ਇੰਤਜ਼ਾਮ ਮੁਤਲੱਕ ਸਲਾਹਾਂ ਕੀਤੀਆਂ। ਇਕ ਇੰਸਪੈਕਟਰ, ਇਕ ਡਿਪਟੀ ਇੰਸਪੈਕਟਰ ਅਤੇ ੫੦ ਸਿਪਾਹੀ ਹੁਸ਼ਿਆਰਪੁਰ ਪੁਲੀਸ ਦੇ, ਇਕ ਡਿਪਟੀ ਇੰਸਪੈਕਟਰ ਅਤੇ ੧੦ ਸਿਪਾਹੀ ਜਲੰਧਰ ਪੁਲੀਸ ਦੇ ਨਾਲ ਲੈ ਕੇ ੧੭ ਮਾਰਚ ਨੂੰ ਮਿਸਟਰ ਮੈਕਐਂਡਰੀਊ ਅਨੰਦਪੁਰ ਪਹੁੰਚ ਗਿਆ। ਸਿਪਾਹੀ ਸਾਰੇ ਦੇ ਸਾਰੇ ਚੁਣਵੇਂ ਪੁਰਾਣੀਆਂ ਨੌਕਰੀਆਂ ਵਾਲੇ ਮੁਸਲਮਾਨ ਤੇ ਰਾਜਪੂਤ ਡੋਗਰੇ ਸਨ। ਸਰਦਾਰ ਬਹਾਦੁਰ ਅਤਰ ਸਿੰਘ ਸ਼ੇਰਦਿਲ ਰਜਮੈਂਟ ਦਾ ਪੁਰਾਣਾ ਕਮਾਂਡੈਂਟ, ਫਿਰੋਜ਼ਪੁਰ ਪੁਲੀਸ ਦਾ ਇੰਸਪੈਕਟਰ ਕੁਤਬਸ਼ਾਹ, ਅੰਮ੍ਰਿਤਸਰ ਪੁਲੀਸ ਦਾ ਇੰਸਪੈਕਟਰ ਫਤਹਿ ਦੀਨ ਖਾਨ ਅਤੇ ਹੁਸ਼ਿਆਰਪੁਰ ਦਾ ਐਸਿਸਟੈਂਟ ਸੁਪਰਡੈਂਟ ਮਿਸਟਰ ਹੈਚਲ ਭੀ ਨਾਲ ਹੀ ਸਨ। ਪੁਲੀਸ ਦਾ ਡੇਰਾ ਤਖਤ ਕੇਸਗੜ੍ਹ ਤੋਂ ਥੋੜ੍ਹੀ ਦੂਰ ਲੋਕਾਂ ਦੀਆਂ ਅੱਖਾਂ ਤੋਂ ਉਹਦੇ ਕੀਤਾ ਗਿਆ। ੧੮ ਤਰੀਖ (੧੮ ਮਾਰਚ, ੧੮੬੭) ਨੂੰ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਭੀ ਪਹੁੰਚ ਗਿਆ। ਇਸ ਤਰ੍ਹਾਂ ਸਰਕਾਰ ਨੇ ਆਪਣੇ ਵਲੋਂ ਕਿਸੇ ਕਿਸਮ ਦੇ ਹੋਵਣ ਵਾਲੇ ਬਲਵੇ ਫਸਾਦ ਯਾਂ ਦੰਗਾ ਰੋਕਣ ਦਾ ਪੂਰਾ ਪ੍ਰਬੰਧ ਕਰ ਲਿਆ।"

੧੯ ਮਾਰਚ, ੧੮੬੭ ਦੀ ਸ਼ਾਮ ਨੂੰ ਹੀ ਜਲੰਧਰ ਦਾ ਕਮਿਸ਼ਨਰ ਮਿਸਟਰ ਫੋਰਸਾਈਥ ਅਤੇ ਹੁਸ਼ਿਆਰਪੁਰ ਦਾ ਪੁਲਿਸ ਇੰਸਪੈਕਟਰ ਫਜ਼ਲ ਹੁਸੈਨ ਵੀ ਪਹੁੰਚ ਗਏ।

ਜਦੋਂ ਨਾਮਧਾਰੀਆਂ ਦਾ ਇਹ ਸ਼ਾਨਦਾਰ ਧਾਰਮਿਕ ਜਲੂਸ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਸ਼ਬਦ ਕੀਰਤਨ ਕਰਦਾ ਹੋਇਆ ਅਨੰਦਪੁਰ ਦੀ ਧਰਤੀ ਉੱਤੇ ਪੁੱਜਾ ਤਾਂ ਸਰਕਾਰੀ ਪੁਲਿਸ ਤੇ ਸਿਵਲ ਅਧਿਕਾਰੀ ਸ਼ਬਦ ਕੀਰਤਨ ਦੀਆਂ ਧੁਨੀਆਂ ਦੀ ਉੱਚੀ ਗੂੰਜਾਰ ਤੇ ਕੂਕਾਂ ਸੁਣ ਕੇ ਬਾਹਰ ਆ ਗਏ। ਮਿਸਟਰ ਮੈਕਐਂਡਰਿਊ ਨੇ ਜਲੂਸ ਨੂੰ ਰੁਕਣ ਦਾ

1. ਨਾਹਰ ਸਿੰਘ ਨਾਮਧਾਰੀ ਇਤਿਹਾਸ, ਭਾਗ ਪਹਿਲਾ ਪੰਨਾ ੧੬੭



Namdhari Elibrary NamdhariElibrary@gmail.com

ਇਸ਼ਾਰਾ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਚੀਨੀ ਘੋੜੀ ਦਾ ਮੂੰਹ ਪਿਛੇ ਵੱਲ ਮੋੜ ਕੇ ਸੱਜੀ ਬਾਂਹ ਉਪਰ ਕਰਨ ਦਾ ਇਸ਼ਾਰਾ ਕੀਤਾ ਤਾਂ ਇਸ ਭਾਰੀ ਇਕੱਠ ਵਿਚ ਇਕ ਦਮ ਸ਼ਾਂਤੀ ਛਾ ਗਈ। ਸਰਕਾਰੀ ਅਫ਼ਸਰ ਵੀ ਸਤਿਗੁਰੂ ਰਾਮ ਸਿੰਘ ਜੀ ਦਾ ਆਪਣੇ ਪੈਰੋਕਾਰਾਂ ਉੱਤੇ ਅਦੁੱਤੀ ਅਨੁਸ਼ਾਸਨ ਦਾ ਅਜਿਹਾ ਦ੍ਰਿਸ਼ ਵੇਖ ਕੇ ਇਕਦਮ ਪ੍ਰਭਾਵਿਤ ਹੋ ਗਏ। ਮਿਸਟਰ ਮੈਕਐਂਡਰਿਊ ਨੇ ਸਤਿਗੁਰੂ ਜੀ ਨੂੰ ਆਪਣੇ ਨੇੜੇ ਦੇ ਕੈਂਪ ਵਿਚ ਆਉਣ ਲਈ ਬੇਨਤੀ ਕੀਤੀ। ਸਾਰੇ ਸੂਬੇ ਆਪਣੇ ਆਪਣੇ ਘੋੜਿਆਂ ਤੋਂ ਇਕਦਮ ਹੇਠਾਂ ਉੱਤਰ ਆਏ। ਸਤਿਗੁਰੂ ਰਾਮ ਸਿੰਘ ਜੀ ਤੇ ਸੂਬਾ ਸੁੱਧ ਸਿੰਘ ਜੋ ਇਸ ਯਾਤਰਾ ਦੀ ਅਗਵਾਈ ਕਰ ਰਿਹਾ ਸੀ, ਡਿਪਟੀ ਕਮਿਸ਼ਨਰ ਪਾਰਕਿਨਜ਼ ਨਾਲ ਸਰਕਾਰੀ ਤੰਬੂ ਵਿਚ ਪਹੁੰਚ ਗਏ, ਜਿੱਥੇ ਉਨ੍ਹਾਂ ਨੂੰ ਆਦਰ ਸਹਿਤ ਕੁਰਸੀਆਂ ਤੇ ਬਿਠਾਇਆ ਗਿਆ। ਸਰਕਾਰੀ ਅਫ਼ਸਰਾਂ ਨੇ ਸਤਿਗੁਰੂ ਜੀ ਤੋਂ ਇਸ ਯਾਤਰਾ ਦੇ ਉਦੇਸ਼ ਬਾਰੇ ਪੁੱਛਗਿੱਛ ਕੀਤੀ ਕਿਉਂ ਜੋ ਗੁਰਦੁਆਰੇ ਦੇ ਮਹੰਤ ਇਹ ਖਤਰਾ ਮਹਿਸੂਸ ਕਰ ਰਹੇ ਸਨ ਕਿ ਕਿਤੇ ਨਾਮਧਾਰੀ ਗੁਰਧਾਮ ਤੇ ਕਬਜ਼ਾ ਹੀ ਨਾ ਕਰ ਲੈਣ। ਇਸ ਉਦੇਸ਼ ਲਈ ਉਨ੍ਹਾਂ ਨੇ ਨਾਮਧਾਰੀਆਂ ਦੇ ਗੁਰਦੁਆਰੇ ਵਿਚ ਦਾਖਲੇ ਨੂੰ ਰੋਕਣ ਲਈ ਨਿਹੰਗ ਸਿੰਘਾਂ ਨੂੰ ਵੀ ਬੁਲਾਇਆ ਹੋਇਆ ਸੀ। ੩੦੦ ਕਰੀਬ ਨਿਹੰਗ ਸਿੰਘ ਗੁਰੂ ਤੇਗ ਬਹਾਦਰ ਦੇ ਸਥਾਨ ਉਤੇ ਹਥਿਆਰਬੰਦ ਹੋ ਕੇ ਨਾਮਧਾਰੀਆਂ ਦੇ ਜੱਥੇ ਨੂੰ ਗੁਰਦੁਆਰੇ ਵਿਚ ਜਾਣ ਤੋਂ ਰੋਕਣ ਲਈ ਤਿਆਰ ਬਰ ਤਿਆਰ ਖੜੇ ਸਨ।

ਸਤਿਗੁਰੂ ਜੀ ਨੇ ਸਰਕਾਰੀ ਅਧਿਕਾਰੀਆਂ ਨੂੰ ਦੱਸਿਆ ਕਿ ਸਾਡਾ ਮੰਤਵ ਤਾਂ ਇਸ ਪਵਿੱਤਰ ਧਾਮ ਦੇ ਦਰਸ਼ਨ ਕਰਨਾ ਹੀ ਹੈ ਤਾਂ ਜੋ ਖਾਲਸੇ ਦੀ ਇਸ ਪਵਿੱਤਰ ਜਨਮ ਭੂਮੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਨਮਸਕਾਰ ਕਰ ਸਕੀਏ। ਜਦ ਪੁਜਾਰੀਆਂ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਨਾਮਧਾਰੀਆਂ ਦੀ ਇਸ ਯਾਤਰਾ ਬਾਰੇ ਕੀ ਇਤਰਾਜ਼ ਹੋ ਸਕਦਾ ਹੈ ਤਾਂ ਉਨ੍ਹਾਂ ਨੇ ਘਸੇ ਪਿੱਟੇ ਨੁਕਤੇ ਉਠਾਏ ਕਿ ਨਾਮਧਾਰੀਆਂ ਦੀਆਂ ਮਸਤੀ ਵਿਚ ਸ਼ਬਦ ਪੜ੍ਹਦਿਆਂ ਦਸਤਾਰਾਂ ਉਤਰ ਜਾਂਦੀਆਂ ਹਨ ਅਤੇ ਕੇਸ ਖੁੱਲ੍ਹ ਜਾਂਦੇ ਹਨ। ਜੋ ਸਿੱਖੀ ਮਰਿਆਦਾ ਦੇ ਵਿਪਰੀਤ ਗੱਲ ਹੈ। ਫਿਰ ਉਨ੍ਹਾਂ ਨੇ ਨਿਹੰਗ ਸਿੰਘਾਂ ਦੇ ਹਥਿਆਰਬੰਦ ਜੱਥੇ ਬਾਰੇ ਦੱਸਿਆ ਜੋ ਨਾਮਧਾਰੀਆਂ ਦੇ ਗੁਰਦੁਆਰੇ ਵਿਚ ਜਾਣ ਨੂੰ ਰੋਕਣ ਲਈ ਤਿਆਰ ਬੈਠੇ ਹਨ। ਸਰਕਾਰੀ ਅਧਿਕਾਰੀਆਂ ਨੇ ਮਹੰਤਾਂ ਨੂੰ ਕਿਹਾ ਇਹ ਗੁਰਧਾਮ ਸਭ ਸਿੱਖਾਂ ਦਾ ਸਾਂਝਾ ਹੈ। ਇੱਥੇ ਕਿਸੇ ਨੂੰ ਵੀ ਪੂਜਾ ਅਤੇ ਦਰਸ਼ਨ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ।

ਸਰਕਾਰੀ ਅਧਿਕਾਰੀਆਂ ਨਾਲ ਇਹ ਫੈਸਲਾ ਹੋਇਆ ਕਿ ਸਤਿਗੁਰੂ ਜੀ ਆਪਣੇ ੧੦੦ ਸਿੱਖਾਂ ਨੂੰ ਨਾਲ ਲੈ ਕੇ ੨੦ ਮਾਰਚ ੧੮੬੭ ਨੂੰ ਤਖਤ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ। ੨੦ ਮਾਰਚ, ੧੮੬੭ ਨੂੰ ਜਦੋਂ ਆਸਾ ਦੀ ਵਾਰ ਦੇ ਭੋਗ ਪਿਛੋਂ ਸ੍ਰੀ ਸਤਿਗੁਰੂ ਜੀ ਕੜਾਹ ਪ੍ਰਸ਼ਾਦਿ ਦੀ ਦੇਗ ਸਮੇਤ ਤਖਤ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਪੁੱਜੇ ਤਾਂ ੫੦ ਨਿਹੰਗ ਸਿੰਘਾਂ ਦਾ ਜੱਥਾ ਸਫਾਜੰਗ ਤੇ ਟਕੂਏ ਲੈ ਕੇ ਨਾਮਧਾਰੀਆਂ ਦੇ ਜੱਥੇ ਨੂੰ ਰੋਕਣ ਲਈ ਆ ਗਿਆ। ਮਿਸਟਰ ਮੈਕਐਂਡਰੀਊ ਅਤੇ ਕੁਝ ਅਫ਼ਸਰਾਂ ਨੇ ਉਨ੍ਹਾਂ ਨੂੰ ਹਥਿਆਰ ਰੱਖ ਦੇਣ ਅਤੇ ਝਗੜਾ ਫਸਾਦ ਨਾ ਕਰਨ ਲਈ ਕਿਹਾ। ਪਰ ਜਦੋਂ ਨਿਹੰਗ ਸਿੰਘਾਂ ਨੇ ਇਹ ਵੇਖਿਆ ਕਿ ਕੇਵਲ ਤਿੰਨ ਪੁਲਿਸ ਅਧਿਕਾਰੀ ਹੀ ਖੜ੍ਹੇ ਹਨ ਤਾਂ ਉਨ੍ਹਾਂ ਨੇ ਹਥਿਆਰ ਸੌਂਪਣ ਤੋਂ ਨਾਂਹ ਕਰ ਦਿੱਤੀ। ਪੁਲਿਸ ਅਫ਼ਸਰਾਂ ਦੇ ਸੰਕੇਤ ਕਰਨ ਤੇ ੩੦ ਪੁਲਿਸ ਦੇ ਸੈਨਿਕ ਤਲਵਾਰਾਂ ਲੈ ਕੇ ਇਕਦਮ ਆ ਗਏ ਜੋ ਪਹਿਲਾਂ ਹੀ ਇਸ ਉਦੇਸ਼ ਲਈ ਤਿਆਰ ਖੜੇ ਸਨ। ਨਿਹੰਗ ਸਿੰਘਾਂ ਨੇ ਉਨ੍ਹਾਂ ਦੇ ਆਉਣ ਤੇ ਹਥਿਆਰ ਸੁੱਟ ਦਿੱਤੇ ਅਤੇ ਨਿਰਾਸ਼ਾ ਵਿਚ ਸਰਕਾਰੀ ਅਫ਼ਸਰਾਂ ਨੂੰ ਮੰਦਾ ਬੋਲਦੇ ਹੋਏ ਉਥੋਂ ਹਰਨ ਹੋ ਗਏ।

੨੦ ਮਾਰਚ, ੧੮੬੭ ਨੂੰ ਜਦੋਂ ਗੁਰੂ ਰਾਮ ਸਿੰਘ ਜੀ ਨਾਮਧਾਰੀ ਪੰਥ ਦੇ ਚੋਣਵੇਂ ਸੂਬਿਆਂ ਅਤੇ ਸੰਗਤ ਸਮੇਤ ਤਖ਼ਤ ਕੇਸਗੜ੍ਹ ਸਾਹਿਬ ਤੇ ਪੁੱਜੇ ਤਾਂ ਪੁਜਾਰੀਆਂ/ਮਹੰਤਾਂ ਨੇ ਸਤਿਗੁਰੂ ਜੀ ਵਲੋਂ ੨੫ ਰੁਪਏ ਦੀ ਭੇਟਾ ਤਾ ਪ੍ਰਵਾਨ ਕਰ ਲਈ ਪਰ ਕੜਾਹ ਪ੍ਰਸ਼ਾਦ ਦੀ ਦੇਗ ਦਾ ਅਰਦਾਸਾ ਕਰਨ ਤੋਂ ਨਾਂਹ ਕਰ ਦਿੱਤੀ। ਸਤਿਗੁਰੂ ਜੀ ਨੇ ਸੂਬਾ ਬ੍ਰਹਮਾ ਸਿੰਘ ਨੂੰ ਅਰਦਾਸ ਕਰਨ ਲਈ ਕਿਹਾ। ਇਸ ਪਿਛੋਂ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਦਿੱਤੀ ਗਈ। ਇੰਸਪੈਕਟਰ ਫਜ਼ਲ ਹੁਸੈਨ ਦੀ ਸਰਕਾਰੀ ਰਿਪੋਰਟ ਅਨੁਸਾਰ ਪੁਜਾਰੀਆਂ ਨੂੰ ਨਾਮਧਾਰੀਆਂ ਬਾਰੇ ਇਹ ਮੁੱਖ ਇਤਰਾਜ਼ ਸਨ:

(ੳ) ਤੁਸੀਂ ਆਪਣੇ ਆਪ ਨੂੰ ਰੱਬ (ਗੁਰੂ) ਸਮਝਦੇ ਹੋ।

(ਅ) ਤੁਸੀਂ ਕਿਸੇ ਨੂੰ ਸਿੱਖ ਬਨਾਉਣ ਲਗਿਆਂ ਅੰਮ੍ਰਿਤ ਛਕਾਉਣ ਦੀ ਥਾਂ ਕੰਨ ਵਿਚ ਗੁਰਮੰਤਰ ਦਿੰਦੇ ਹੋ।

(ੲ) ਤੁਸੀਂ ਜਨਮ ਗੁਰੂ ਪਟਨਾ, ਵਾਸੀ ਗੁਰੂ ਅਨੰਦਪੁਰ ਨਹੀਂ ਮੰਨਦੇ ਸਗੋਂ ਜਨਮ ਗੁਰੂ ਹਜ਼ਰੋ ਵਾਸੀ ਗੁਰੂ ਭੈਣੀ ਮੰਨਦੇ ਹੋ।



Namdhari Elibrary NamdhariElibrary@gmail.com

(ਸ) ਸਿੱਖ ਕੇਸ ਨਹੀਂ ਖਿਲਾਰਦੇ ਨਾਲੇ ਪੱਗਾਂ ਵੀ ਲਾਹੁੰਦੇ ਪਰ ਤੁਸੀਂ ਦੋਵੇਂ ਗੱਲਾਂ ਕਰਦੇ ਹੋ।

(ਹ) ਕੂਕੇ ਮੁਸਲਮਾਨ ਫ਼ਕੀਰਾਂ ਵਾਂਗ, ਵਜਦ ਵਿਚ ਆ ਕੇ ਉੱਚੀ ਕੂਕਦੇ ਹਨ ਸੋ ਉਹ ਸਿੱਖ ਨਹੀਂ।"

ਸਤਿਗੁਰੂ ਜੀ ਨੇ ਇੱਕ ਚਿੱਠੀ ਲਿਖ ਕੇ ਮਹੰਤ ਨੂੰ ਕਿਹਾ ਕਿ ਉਹ ਮਾਸ ਖਾਂਦੇ ਹਨ, ਝੂਠ ਬੋਲਦੇ ਹਨ, ਮਦਰਾ ਪਾਨ ਕਰਦੇ ਹਨ, ਵਿਭਚਾਰ ਤੇ ਦੁਰਾਚਾਰ ਕਰਦੇ ਹਨ, ਜੰਮਦੀਆਂ ਬੱਚੀਆਂ ਨੂੰ ਮਾਰਦੇ ਹਨ, ਜੋ ਗੁਰੂ ਮਰਿਯਾਦਾ ਦੇ ਉਲਟ ਹੈ ਸੋ ਉਹ ਆਪ ਹੀ ਸਿੱਖ ਨਹੀਂ ਹਨ।"

ਇਸ ਤੋਂ ਪਿਛੋਂ ਸਤਿਗੁਰੂ ਜੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸਥਾਨ ਤੇ ਪੁੱਜੇ, ਜਿੱਥੋਂ ਦੇ ਪ੍ਰਬੰਧਕਾਂ ਨੂੰ ਉਨ੍ਹਾਂ ਦੀ ੨੫ ਰੁਪਏ ਭੇਟਾ ਪ੍ਰਵਾਨ ਕਰ ਲਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਦਾ ਵੀ ਅਰਦਾਸਾ ਸੋਧ ਦਿੱਤਾ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਅਰਦਾਸੀਏ ਸਿੰਘ ਨੂੰ ਇਕ ਦਮੜਾ ਹੋਰ ਭੇਟ ਕੀਤਾ।

੨੦ ਮਾਰਚ, ੧੮੬੭ ਨੂੰ, ਸ਼ਾਮ ਨੂੰ ਮਿਸਟਰ ਮੇਕਔਡਰੀਊ ਤੇ ਸ. ਅਤਰ ਸਿੰਘ ਸਤਿਗੁਰੂ ਜੀ ਦੇ ਡੇਰੇ ਪਹੁੰਚੇ। ਵੱਡੇ ਸ਼ਮਿਆਨੇ ਥੱਲੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੰਜ ਹਜ਼ਾਰ ਦੇ ਕਰੀਬ ਨਾਮਧਾਰੀ ਸਾਧ ਸੰਗਤ, ਇਸਤਰੀ ਪੁਰਸ਼, ਸਹਿਜਸ਼ਾਂਤੀ ਦੀ ਅਵਸਥਾ ਵਿਚ ਬੈਠੇ ਸਨ। ਸਤਿਗੁਰੂ ਜੀ ਨੇ ਆਸਣ ਤੋਂ ਉਠ ਕੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ। ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸਤਿਗੁਰੂ ਜੀ ਨੇ ਅਨੰਦਪੁਰ ਵਿਖੇ ਨਿਹੰਗਾਂ ਤੇ ਸੋਢੀਆਂ ਨਾਲ ਹੋਲਾ ਖੇਡਿਆ। ਸੋਢੀਆਂ ਤੇ ਨਾਮਧਾਰੀਆਂ ਦੇ ਬਸਤਰ ਗੁਲਾਲ ਨਾਲ ਰੰਗੇ ਗਏ।'

ਇਸ ਤੋਂ ਸਰਕਾਰੀ ਅਫ਼ਸਰਾਂ ਦੇ ਸਤਿਗੁਰੂ ਰਾਮ ਸਿੰਘ ਜੀ ਡੇਰੇ ਪੁੱਜਣ ਦਾ ਮਨੋਰਥ ਇਹੋ ਹੀ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਦਿਲੋਂ ਸਤਿਗੁਰੂ ਰਾਮ ਸਿੰਘ ਜੀ ਦਾ ਸਤਿਕਾਰ ਕਰਦੀ ਸੀ ਅਤੇ ਸਰਕਾਰੀ ਅਧਿਕਾਰੀ ਇਸ ਗੱਲ ਦਾ ਵੀ ਅਨੁਮਾਨ ਲਗਾਉਣਾ ਚਾਹੁੰਦੇ ਸਨ ਕਿ ਨਾਮਧਾਰੀ ਪੰਥ ਵਿਚ ਸਰਕਾਰ ਵਿਰੋਧੀ ਵੀ ਕੋਈ ਅੰਸ਼ ਮੌਜੂਦ ਹੈ ਜਾਂ ਨਹੀਂ। ਅਨੰਦਪੁਰ ਸਾਹਿਬ ਦੀ ਇਹ ਯਾਤਰਾ ਨਾਮਧਾਰੀ ਮੱਤ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਮੰਨੀ ਜਾਂਦੀ ਹੈ। ਇਕ ਬੰਨ੍ਹੇ ਤਾਂ ਨਾਮਧਾਰੀ ਇਤਿਹਾਸਕਾਰ ਇਸਨੂੰ ਸਤਿਗੁਰੂ ਜੀ ਵਲੋਂ ਕੀਤਾ ਗਿਆ ਸਤਿਆਗ੍ਰਹਿ ਦੱਸਦੇ ਹਨ! ਜਿਹੜਾ ਅਦੁੱਤੀ ਅਨੁਸ਼ਾਸਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਸਾਧ ਸੰਗਤ ਵਲੋਂ ਦਰਸਾਇਆ ਗਿਆ, ਉਸ ਦੀ ਪ੍ਰਸ਼ੰਸਾ ਕਰਨ ਤੋਂ ਸਰਕਾਰੀ ਅਧਿਕਾਰੀ ਵੀ ਨਹੀਂ ਰਹਿ ਸਕੇ।

ਇਸ ਮੇਲੇ ਵਿਚ ੫੦੦੦ ਤੋਂ ੮੦੦੦ ਤੱਕ ਨਾਮਧਾਰੀ ਇਸਤਰੀ ਪੁਰਸ਼ ਸ਼ਾਮਿਲ ਹੋਏ ਦੱਸੇ ਜਾਂਦੇ ਹਨ। ਇਸ ਤੋਂ ਬਿਨਾਂ ਇਸ ਅਵਸਰ ਉਤੇ ਪੰਜਾਹ ਦੇ ਲਗਭਗ ਨਵੇਂ ਕੂਕੇ ਬਣੇ। ਜਿਨ੍ਹਾਂ ਵਿਚ ਕੁਝ ਪ੍ਰਮੁੱਖ ਸਨ-ਸੋਢੀਆਂ ਵਿਚੋਂ ਪ੍ਰਤਾਪ ਸਿੰਘ ਰਸੌਲੀਵਾਲਾ ਤੇ ਉਸ ਦਾ ਪੁੱਤਰ ਦੇਵਾ ਸਿੰਘ ਕੂਕੇ ਬਣ ਗਏ। ਸੋਢੀ ਨਰਿੰਦਰ ਸਿੰਘ ਕੁਰਾਲੀਵਾਲਾ ਅਤੇ ਸੋਢੀ ਹੀਰਾ ਸਿੰਘ ਵੀ ਕੂਕੇ ਸੱਜ ਗਏ ਸਨ।

ਪੰਜਾਬ ਸਰਕਾਰ ਵਲੋਂ ਹੁਸ਼ਿਆਰਪੁਰ ਦੇ ਪੁਲਿਸ ਇੰਸਪੈਕਟਰ ਫ਼ਜ਼ਲ ਹੁਸੈਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਮਾਰਚ ੧੮੬੭ ਦੀ ਅਨੰਦਪੁਰ ਦੀ ਯਾਤਰਾ ਬਾਰੇ ਵੇਰਵੇ ਸਹਿਤ ਰਿਪੋਰਟ ਭੇਜਣ ਲਈ ਆਦੇਸ਼ ਕੀਤੇ ਗਏ ਸਨ, ਜਿਸ ਦੀ ਸਰਕਾਰੀ ਰਿਪੋਰਟ ਦਾ ਹਵਾਲਾ ਇਥੇ ਦਿੱਤਾ ਜਾ ਰਿਹਾ ਹੈ। ਇਹ ਰਿਪੋਰਟ ਤੱਤਕਾਲਕ ਕੂਕਾ ਮਤ ਬਾਰੇ ਵਿਸਥਾਰ ਸਹਿਤ ਪ੍ਰਕਾਸ਼ ਪਾਉਂਦੀ ਹੈ। ਇੰਸਪੈਕਟਰ ਫ਼ਜ਼ਲ ਹੁਸੈਨ ਦਾ ਬਿਆਨ ਤੱਥਾਂ ਉਤੇ ਆਧਾਰਿਤ ਅਤੇ ਕਾਫੀ ਹੱਦ ਤੱਕ ਸੰਤੁਲਿਤ ਹੈ।

ਇੰਸਪੈਕਟਰ ਫ਼ਜ਼ਲ ਹੁਸੈਨ ਦੀ ਰਿਪੋਰਟ ਦਾ ਸਾਰ:

ਰਾਮ ਸਿੰਘ ਦੇ ਕੂਕਾ ਮੱਤ ਨੂੰ ਆਰੰਭ ਕਰਨ ਦੇ ਸਮੇਂ ਤੋਂ ਹੀ ਮੈਂ ਗੁਰੂ ਰਾਮ ਸਿੰਘ ਦੇ ਮਨੋਰਥਾਂ ਨੂੰ ਸਮਝਣ ਦਾ ਯਤਨ ਕੀਤਾ ਹੈ।

ਮੇਰੀ ਇਹ ਧਾਰਨਾ ਬਣੀ ਹੈ ਕਿ ਆਮ ਸਿੱਖਾਂ ਤੇ ਕੂਕਿਆਂ ਦੇ ਧਰਮ ਵਿਚ ਕੋਈ ਅੰਤਰ ਨਹੀਂ ਹੈ। ਦੋਵੇਂ ਹੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਗ੍ਰੰਥਾਂ ਦਾ ਪਾਠ ਕਰਦੇ ਹਨ। ਫਿਰ ਵੀ ਇਨ੍ਹਾਂ ਦੋਹਾਂ ਵਿਚ ਵੱਡੀ ਦੁਸ਼ਮਣੀ ਹੈ।

ਇਸ ਸਾਲ ਅਨੰਦਪੁਰ ਆਉਣ ਅਤੇ ਗੁਰਦੁਆਰਿਆਂ ਦੀ ਯਾਤਰਾ ਕਰਨ ਉਤੇ ਖੁਸ਼ ਨਹੀਂ ਸਨ। ਆਪਣੀ ਬਣ ਚੁੱਕੀ ਆਦਤ ਅਨੁਸਾਰ ਉਹ ਕੂਕਿਆਂ ਦੁਆਰਾ ਗੁਰਧਾਮਾਂ ਦੀ ਯਾਤਰਾ ਕਰਨ ਦਾ ਵਿਰੋਧ ਕਰਦੇ ਰਹਿੰਦੇ ਸਨ। ਉਨ੍ਹਾਂ ਦਾ ਇਹ ਵੀ ਇਰਾਦਾ ਸੀ ਕਿ ਇਸ ਪੁਰਬ ਉਤੇ ਵੀ ਉਨ੍ਹਾਂ ਨੂੰ ਯਾਤਰਾ ਕਰਨ ਤੋਂ ਰੋਕਿਆ ਜਾਵੇ। ਫਿਰ ਵੀ ਉਨ੍ਹਾਂ ਨੂੰ ਕੁਝ ਸ਼ਰਤਾਂ ਉਤੇ ਯਾਤਰਾ ਰਨ ਦੀ ਆਗਿਆ ਦੇ ਦਿੱਤੀ ਗਈ। ਗੁਰੂ ਰਾਮ ਸਿੰਘ ਜੀ ਨੇ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ। ਸ਼ਰਤਾਂ ਇਹ ਸਨ:

੧) ਯਾਤਰਾ ਸਮੇਂ ਦਸਤਾਰਾਂ ਸਿਰ ਤੋਂ ਨਾ ਉਤਾਰੀਆਂ ਜਾਣ।



Namdhari Elibrary NamdhariElibrary@gmail.com

੨) ਕੇਸਾਂ ਦੇ ਜੂੜੇ ਖੁੱਲ੍ਹੇ ਨਹੀਂ ਹੋਣੇ ਚਾਹੀਦੇ।

੩) ਨਾ ਹੀ ਕੂਕਾਂ ਮਾਰੀਆਂ ਜਾਣ।

ਗੁਰੂ ਰਾਮ ਸਿੰਘ ਨੇ ੨੦ ਮਾਰਚ, ੧੮੬੭ ਨੂੰ ਆਪਣੇ ਸਿੱਖਾਂ ਸਮੇਤ ਸ੍ਰੀ ਕੇਸਗੜ੍ਹ ਅਤੇ (ਗੁਰੂ) ਤੇਗ਼ ਬਹਾਦਰ ਗੁਰਦੁਆਰੇ ਦੇ ਦਰਸ਼ਨ ਕਰਕੇ ਅਰਦਾਸ ਕੀਤੀ। ਦੋਹਾਂ ਥਾਵਾਂ ਤੇ ੨੫-੨੫ ਰੁਪਏ ਭੇਟ ਕੀਤੇ ਗਏ। ਕੇਸਗੜ੍ਹ ਦੇ ਪੁਜਾਰੀਆਂ ਨੇ ਮਰਿਯਾਦਾ ਅਨੁਸਾਰ ਅਰਦਾਸ ਨਾ ਕੀਤੀ, ਜਿਸ ਤੇ ਗੁਰੂ ਰਾਮ ਸਿੰਘ ਜੀ ਨੂੰ ਨਿਰਾਸ਼ਾ ਹੋਈ ਪਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਦੇ ਪੁਜਾਰੀਆਂ ਦੇ ਵਿਹਾਰ ਤੋਂ ਗੁਰੂ ਰਾਮ ਸਿੰਘ ਜੀ ਨੂੰ ਥੋੜ੍ਹੀ ਪ੍ਰਸੰਨਤਾ ਹੋਈ ਤੇ ਗੁਰੂ ਜੀ ਨੇ ਇਕ ਰੁਪਿਆ ਹੋਰ ਅਰਦਾਸੀਏ ਸਿੰਘ ਨੂੰ ਦਿੱਤਾ।

ਉਸੇ ਦਿਨ ਗੁਰੂ ਰਾਮ ਸਿੰਘ ਨੇ ਕੇਸਗੜ੍ਹ ਦੇ ਮਹੰਤ ਨੂੰ ਗੁਰਮੁੱਖੀ ਵਿਚ ਇਕ ਪੱਤਰ ਲਿਖਿਆ ਜਿਸ ਵਿਚ ਇਹ ਪੁੱਛ ਕੀਤੀ ਗਈ ਸੀ ਕਿ ਤੁਸੀਂ ਸਾਨੂੰ ਗੁਰੂ ਦਾ ਸਿੱਖ ਨਹੀਂ ਸਮਝਦੇ, ਜਿਸ ਕਾਰਨ ਤੁਸੀਂ ਸਾਡੀ ਅਰਦਾਸ ਨਹੀਂ ਕੀਤੀ ਪਰ ਇਸ ਗੱਲ ਦੀ ਸਾਨੂੰ ਕੋਈ ਪਰਵਾਹ ਨਹੀਂ ਹੈ। ਗੁਰੂ ਦੇ ਸਿੱਖ ਨੂੰ ਅਭਿਮਾਨੀ ਨਹੀਂ ਹੋਣਾ ਚਾਹੀਦਾ।

ਇਸ ਪੱਤਰ ਦਾ ਪੁਜਾਰੀਆਂ ਨੇ ਕੋਈ ਲਿਖਤੀ ਉੱਤਰ ਨਾ ਦਿੱਤਾ ਪਰ ਇਹ ਅਖਵਾ ਭੇਜਿਆ ਕਿ ਸਾਡੇ ਤੁਹਾਡੇ ਮਤਭੇਦ ਕਿਸ ਕਾਰਨ ਹਨ:

੧) ਤੁਸੀਂ ਆਪਣੇ ਆਪ ਨੂੰ ਰੱਬ (ਗੁਰੂ) ਸਮਝਦੇ ਹੋ।

੨) ਆਪਣਾ ਸਿੱਖ ਬਣਾਉਣ ਸਮੇਂ ਤੁਸੀਂ ਅੰਮ੍ਰਿਤ ਨਹੀਂ ਛਕਾਉਂਦੇ ਸਗੋਂ ਕੰਨ ਵਿਚ ਮੰਤਰ ਦਿੰਦੇ ਹੋ।

੩) ਨਵੇਂ ਬਣੇ ਸਿੱਖ ਨੂੰ ਤੁਸੀਂ ਕਹਿੰਦੇ ਹੋ: ਜਨਮ ਗੁਰੂ ਹਜ਼ਰੋ ਅਰ ਵਾਸੀ ਗੁਰੂ ਭੈਣੀ ਜਦੋਂ ਕਿ ਅਸੀਂ ਕਹਿੰਦੇ ਹਾਂ: ਜਨਮ ਗੁਰੂ ਪਟਨਾ ਅਰ ਵਾਸੀ ਗੁਰੂ ਅਨੰਦਪੁਰ।

੪) ਜਦੋਂ ਸਿੱਖ ਗੁਰੂਧਾਮ ਵਿਚ ਦਾਖਲ ਹੁੰਦੇ ਹਨ ਤਾਂ ਨਾ ਤਾਂ ਉਹ ਦਸਤਾਰ ਉਤਾਰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਕੇਸ ਖੁੱਲ੍ਹੇ ਹੁੰਦੇ ਹਨ ਪਰ ਕੂਕੇ ਅਜਿਹੇ ਕਰਦੇ ਹਨ।

੫) ਕਈ ਵਾਰ ਕੂਕੇ ਮੁਸਲਮਾਨ ਫ਼ਕੀਰਾਂ ਵਾਂਗ ਵਜਦ ਵਿਚ ਆ ਕੇ ਮਸਤਾਨੇ ਹੋ ਜਾਂਦੇ ਹਨ ਪਰ ਆਮ ਸਿੱਖ ਅਜਿਹਾ ਨਹੀਂ ਕਰਦੇ।

ਇਸ ਦੇ ਉਤਰ ਵਿਚ ਗੁਰੂ ਰਾਮ ਸਿੰਘ ਨੇ ਕਿਹਾ ਕਿ ਜੇ ਉਹ ਗੁਰੂ ਦੇ ਸਿੱਖ ਹੁੰਦੇ ਤਾਂ ਸਾਡੀਆਂ ਕਾਰਵਾਈਆਂ ਦੀ ਪ੍ਰਸ਼ੰਸਾ ਕਰਦੇ ਪਰ ਤੁਸੀਂ ਗੁਰੂ ਗ੍ਰੰਥ ਦੇ ਉਪਦੇਸ਼ ਦੇ ਬਿਲਕੁਲ ਉਲਟ ਕੁਕਰਮ ਕਰਦੇ ਹੋ - ਮਾਸ ਤੇ ਸ਼ਰਾਬ ਦੀ ਵਰਤੋਂ ਕਰਦੇ ਹੋ, ਵਿਭਚਾਰ ਕਰਦੇ ਹੋ ਅਤੇ ਜੰਮਦੀਆਂ ਕੁੜੀਆਂ ਨੂੰ ਮਾਰ ਦਿੰਦੇ ਹੋ। ਇਸ ਲਈ ਕੂਕੇ ਤੁਹਾਨੂੰ ਸਿੱਖ ਨਹੀਂ ਮੰਨਦੇ। ਪ੍ਰਭੂ ਦੀ ਯਾਦ ਵਿਚ ਕੂਕੇ ਇੰਨੇ ਲੀਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦਸਤਾਰਾਂ ਤੇ ਕੇਸਾਂ ਦੀ ਸੁੱਧ-ਬੁੱਧ ਹੀ ਨਹੀਂ ਰਹਿੰਦੀ।

ਇਸ ਲਈ ਕੂਕਿਆਂ ਅਤੇ ਨਿਹੰਗਾਂ ਵਿਚ ਵੱਡੀ ਦੁਸ਼ਮਣੀ ਪਾਈ ਜਾਂਦੀ ਹੈ। ਜਦੋਂ ਕੂਕੇ ਕੇਸਗੜ੍ਹ ਦੇ ਦਰਸ਼ਨ ਕਰਨ ਜਾ ਰਹੇ ਸਨ ਤਾਂ ੫੦ ਨਿਹੰਗ ਸਿੱਖ ਹਥਿਆਰਬੰਦ ਹੋ ਕੇ ਰੋਕਣ ਲਈ ਆਏ ਪਰ ਪੁਲਿਸ ਬਲ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਅਤੇ ਉਨ੍ਹਾਂ ਦੇ ਹਥਿਆਰ ਰਖਵਾ ਲਏ।

ਇਸ ਮੇਲੇ ਉਤੇ ੮੦੦੦ ਦੇ ਕਰੀਬ ਕੂਕੇ ਪਹੁੰਚੇ ਸਨ, ਜਿਨ੍ਹਾਂ ਵਿਚ ਦੋ-ਤਿਹਾਈ ਜਵਾਨ ਪੁਰਸ਼ ਸਨ ਅਤੇ ਇਕ-ਤਿਹਾਈ ਔਰਤਾਂ ਅਤੇ ਬੱਚੇ ਸਨ।

ਹੇਠ ਲਿਖੇ ਵਿਅਕਤੀਆਂ ਨੂੰ ਗੁਰੂ ਰਾਮ ਸਿੰਘ ਜੀ ਨੇ ਆਪਣੇ ਸੂਬੇ ਥਾਪਿਆ ਸੀ। ਇਨ੍ਹਾਂ ਵਿਚੋਂ ਜੋਤਾ ਸਿੰਘ ਨੂੰ ਛੱਡ ਕੇ ਬਾਕੀ ਸਾਰੇ ਇਸ ਮੇਲੇ ਵਿਚ ਹਾਜ਼ਰ ਸਨ—

ਸਰਦਾਰ ਮੰਗਲ ਸਿੰਘ ਬਿਸ਼ਨਪੁਰੀਆ, ਬਾਬਾ ਸੁਧ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਜਵਾਹਰ ਸਿੰਘ, ਬਾਬਾ ਹੁਕਮਾ ਸਿੰਘ, ਬਾਬਾ ਹਰਦਿਤ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਦੀਦਾਰ ਸਿੰਘ, ਬਾਬਾ ਰਤਨ ਸਿੰਘ, ਬਾਬਾ ਜੋਤਾ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਸੁੱਧ ਸਿੰਘ, ਬਾਬਾ ਨਰੈਣ ਸਿੰਘ, ਬਾਬਾ ਖਜ਼ਾਨ ਸਿੰਘ, ਬਾਬਾ ਹਰਨਾਮ ਸਿੰਘ, ਬਾਬਾ ਸਾਧੂ ਸਿੰਘ, ਬਾਬਾ ਸਮੁੰਦ ਸਿੰਘ, ਬਾਬਾ ਗੋਪਾਲ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਲਾਭ ਸਿੰਘ।

ਮੈਂ ਇਨ੍ਹਾਂ ਕੋਲੋਂ ਇਨ੍ਹਾਂ ਦੇ ਘਰ ਪਰਿਵਾਰ ਦੇ ਪਤੇ ਪੁੱਛਣ ਦਾ ਯਤਨ ਕੀਤਾ ਪਰ ਉਨ੍ਹਾਂ ਸਭ ਦਾ ਇਹੋ ਉਤਰ ਸੀ ਕਿ ਕੂਕਾ ਪੰਥ ਵਿਚ ਆਉਣ ਪਿਛੋਂ ਉਨ੍ਹਾਂ ਸਭ ਦਾ ਨਿਵਾਸ ਭੈਣੀ ਵਿਖੇ ਹੈ ਅਤੇ ਉਨ੍ਹਾਂ ਦਾ ਗੁਰੂ ਰਾਮ ਸਿੰਘ ਹੈ। ਮੈਨੂੰ ਇਹ ਜਾਪਦਾ ਹੈ ਕਿ ਕੂਕਿਆਂ ਦੀ ਵਧੇਰੇ ਗਿਣਤੀ ਅੰਬਾਲਾ, ਲੁਧਿਆਣਾ, ਫਿਰੋਜ਼ਪੁਰ ਜ਼ਿਲ੍ਹਿਆਂ ਤੋਂ ਬਿਨਾਂ ਪਟਿਆਲਾ ਅਤੇ ਨਾਭਾ ਰਿਆਸਤਾਂ ਵਿਚ ਵੀ ਹੈ। ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਅਤੇ ਗੁਰਦਾਸਪੁਰ ਵਿਚ ਇਨ੍ਹਾਂ ਦੀ ਗਿਣਤੀ ਘੱਟ ਹੈ।

ਗੁਰੂ ਰਾਮ ਸਿੰਘ ਕੋਲ ਆਪਣੇ ਅਤੇ ਸੂਬਿਆਂ ਦੀ ਸਵਾਰੀ ਲਈ ੪੦ ਘੋੜੇ-ਘੋੜੀਆਂ ਹਨ। ਉਸ ਦੇ ਜਲੂਸ ਵਿਚ ਨਿਸ਼ਾਨ ਝੂੱਲ ਰਹੇ ਸਨ ਅਤੇ ਨਗਾਰੇ ਵੱਜੇ ਰਹੇ ਸਨ।

ਗੁਰੂ ਰਾਮ ਸਿੰਘ ਜੀ ਨੇ ਆਪਣੇ ਸੂਬਿਆਂ ਨੂੰ ਇਹ ਅਧਿਕਾਰ ਦਿੱਤਾ ਹੋਇਆ ਹੈ ਕਿ ਉਹ ਨਵੇਂ ਬਣਨ ਵਾਲੇ


Namdhari Elibrary NamdhariElibrary@gmail.com

ਕੂਕਿਆਂ ਨੂੰ ਗੁਰਮੰਤਰ ਦੇ ਸਕਦੇ ਹਨ। ਕੂਕਾ ਬਣਨ ਸਮੇਂ ਕੋਈ ਮਾਇਆ ਅਰਪਣ ਨਹੀਂ ਕਰਨੀ ਪੈਂਦੀ ਪਰ ਦੂਜੇ ਬੰਨ੍ਹੇ ਸਿੱਖੀ ਵਿਚ ਪ੍ਰਵੇਸ਼ ਸਮੇਂ ਨਗਦ ਭੇਟਾ ਲਈ ਜਾਂਦੀ ਹੈ। ਕੂਕਾ ਬਣ ਜਾਣ ਪਿਛੋਂ ਜੋ ਵੀ ਭੇਟਾ ਉਹ ਕਰਦਾ ਹੈ, ਗੁਰੂ ਰਾਮ ਸਿੰਘ ਪ੍ਰਵਾਨ ਕਰ ਲੈਂਦੇ ਹਨ।

ਗੁਰੂ ਰਾਮ ਸਿੰਘ ਆਪਣੇ ਕੋਲੋਂ ਲੋੜਵੰਦਾਂ ਨੂੰ ਭੋਜਨ ਅਤੇ ਬਸਤਰ ਦਿੰਦੇ ਹਨ ਅਤੇ ਭਲਾਈ ਦਾ ਉਪਦੇਸ਼ ਕਰਦੇ ਹਨ। ਇਸੇ ਕਾਰਨ ਵੱਖ ਵੱਖ ਫਿਰਕਿਆਂ ਵਿਚੋਂ ਬਹੁਤ ਸਾਰੇ ਵਿਅਕਤੀ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਹਨ।

ਮੈਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਕੂਕਿਆਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ ਅਤੇ ਸਨਾਤਨੀ ਸਿੱਖਾਂ ਦੀ ਗਿਣਤੀ ਘੱਟ ਰਹੀ ਹੈ। ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਕੂਕਾ ਬਣਨ ਸਮੇਂ ਕੋਈ ਨਗਦ ਭੇਟਾ ਨਹੀਂ ਕਰਨੀ ਪੈਂਦੀ ਪਰ ਆਮ ਸਿੱਖਾਂ ਵਿਚ ਸ਼ਾਮਲ ਹੋਣ ਸਮੇਂ ਇਹ ਭੇਟਾ ਦੇਣੀ ਪੈਂਦੀ ਹੈ। ਇਸ ਲਈ ਕੂਕਾ ਬਣਨ ਸਮੇਂ ਕੋਈ ਖਰਚਾ ਨਹੀਂ ਕਰਨਾ ਪੈਂਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਨਿਹੰਗ ਸਿੰਘਾਂ ਨੂੰ ੫੦ ਰੁਪਏ ਦੀ ਹਾਨੀ ਹੋਈ ਅਤੇ ਨਵੇਂ ਬਣੇ ਕੂਕਿਆਂ ਨੂੰ ੫੦ ਰੁਪਏ ਦਾ ਲਾਭ। ਨਿਹੰਗਾਂ ਤੇ ਕੂਕਿਆਂ ਦੀ ਦੁਸ਼ਮਣੀ ਦਾ ਇਹੋ ਹੀ ਕਾਰਨ ਹੈ।

ਇਸ ਗੱਲ ਵਿਚ ਕੋਈ ਸਚਾਈ ਨਹੀਂ ਹੈ ਕਿ ਰਾਮ ਸਿੰਘ ਆਪਣੇ ਸਿੱਖਾਂ ਨੂੰ ਕੋਈ ਅਜਿਹਾ ਜਾਦੂ ਦਾ ਮੰਤਰ ਦੱਸਦਾ ਹੈ ਜਿਸ ਨਾਲ ਸਿੱਖ ਬੇਸੁੱਧ ਹੋ ਜਾਂਦੇ ਹਨ।...

ਰਾਮ ਸਿੰਘ ਦਿਨ ਵਿਚ ਤਿੰਨ ਵਾਰ ਇਸ਼ਨਾਨ ਕਰਦਾ ਹੈ ਰਾਤ ਨੂੰ ੨ ਵਜੇ ਜਾਗ ਕੇ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਜਿਸ ਦਾ ਉਸ ਨੂੰ ਪੂਰਨ ਬੋਧ ਹੈ। ਇਹ ਹਰ ਬੁਰੀ ਚੀਜ਼ ਤੋਂ ਘ੍ਰਿਣਾ ਕਰਦਾ ਹੈ। ਇਸ ਲਈ ਹਰ ਕੂਕਾ ਉਸ ਦਾ ਸਤਿਕਾਰ ਕਰਦਾ ਹੈ....

ਉਨ੍ਹਾਂ ਦਾ ਖ਼ਿਆਲ ਹੈ ਕਿ ਗੁਰੂ ਰਾਮ ਸਿੰਘ ਪਰਮਾਤਮਾ ਵਲੋਂ ਭੇਜਿਆ ਗਿਆ ਅਵਤਾਰ ਹੈ ਜੋ ਕੂਕਾ ਪੰਥ ਨੂੰ ਸਥਾਪਿਤ ਕਰਨ ਲਈ ਭੇਜਿਆ ਗਿਆ ਹੈ। ਇਹ ਪੰਥ, ਸਿੱਖ ਧਰਮ ਦੀ ਅਧੋਗਤੀ ਸਮੇਂ ਹੋਰ ਵਧੇ ਫੁਲੇਗਾ। ਹਿਦੂਆਂ ਤੋਂ ਉਹ ਇਸ ਲਈ ਵੱਖਰਾ ਹੈ ਕਿਉਂ ਜੋ ਹਿਦੂਆਂ ਦੇ ਬਹੁ ਦੇਵ ਪੂਜਾ ਦੀ ਤੁਲਨਾ ਵਿਚ ਉਹ ਇਕ ਈਸ਼ਵਰ ਦੀ ਹੀ ਅਰਾਧਨਾ ਕਰਦਾ ਹੈ।”

*(ਗ੍ਰੰਥ ਤਵਾਰੀਖ ਸੰਤ ਖਾਲਸਾ ਵਿਚੋਂ)*


BBL FOODS PVT. LTD.





**India's Larget Second Hand Food Machines Dealer Cum Rebuilder**

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchali.com*





Namdhari Elibrary NamdhariElibrary@gmail.com

# ਦੜਪ ਦੀ ਸਿੱਖੀ ਦਾ ਕੇਂਦਰ ਬਿੰਦੂ—ਸੂਬਾ ਜਮੀਅਤ* ਸਿੰਘ ਗਿੱਲ

*—ਸੁਵਰਨ ਸਿੰਘ ਵਿਰਕ*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਦੀਵਾਨਾਂ ਵਿਚ, ਇਹ ਬਚਨ ਅਕਸਰ ਦੁਹਰਾਇਆ ਕਰਦੇ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚ ਪਰਪੱਕ, ਸਿਰਫ ਢਾਈ ਸਿੱਖ ਹੀ, ਉਹਨਾਂ ਨੂੰ ਮਿਲੇ ਹਨ। ਬਾਕੀ ਸਾਰੇ ਤਾਂ ਉਹਨਾਂ ਨੂੰ ਨਵੇਂ ਸਿਰਿਉਂ ਤਿਆਰ ਕਰਨੇ ਪਏ ਹਨ। ਇਹ ਢਾਈ ਸਿੱਖ ਕਿਹੜੇ ਸਨ? ਜਿਹੜੇ ਆਪ ਦੇ ਮਾਪ ਦੰਡ ਤੇ ਪੂਰੇ ਉਤਰਨ ਦਾ ਸ਼ਰਫ ਹਾਸਲ ਕਰ ਚੁੱਕੇ ਸਨ। ਕਾਹਨਾ, ਜ਼ਿਲ੍ਹਾ ਲਾਹੌਰ ਦੇ ਬਾਬਾ ਜਮੀਅਤ਼ ਸਿੰਘ ਜੀ, ਸ. ਹਰੀ ਸਿੰਘ ਨਲਵਾ ਪ੍ਰਸਿੱਧ ਸਿੱਖ ਜਰਨੈਲ ਦੇ ਜੁਆਈ ਬਾਬਾ ਲਹਿਣਾ ਸਿੰਘ ਜੀ ਘਰਜਾਖੀਏ ਜੋ ਗੁਰਜਾਂਵਾਲਾ ਸ਼ਹਿਰ ਵਿਚ ਹੀ ਰਹਿੰਦੇ ਸਨ, ਇਹ ਦੋ ਤਾਂ ਪੂਰੇ ਸਨ ਅਤੇ ਅੱਧਾ ਸਿੱਖ ਪਹਿਲੀ ਕਸਵੱਟੀ ਵਾਲਿਆਂ ਵਿਚੋਂ ਸੀ, ਬਾਬਾ ਜਮੀਅਤ ਸਿੰਘ ਪਿੰਡ ਗਿੱਲ ਜ਼ਿਲ੍ਹਾ ਸਿਆਲਕੋਟ। ਸਤਿਗੁਰੂ ਜੀ ਦੀ ਸੰਗਤ ਵਿਚ ਆਉਣ ਤੋਂ ਪਹਿਲਾਂ ਇਹ ਬਾਬਾ ਜੀ ਵਿਆਜ ਲੈ ਲੈਂਦੇ ਸਨ। ਇਸ ਅਣਕਮਾਈ ਮਾਇਆ ਨੂੰ ਗ੍ਰਹਿਣ ਕਰਨ ਸਦਕਾ ਹੀ, ਸਤਿਗੁਰੂ ਜੀ ਨੇ ਆਪ ਨੂੰ ਸੌ ਫੀ ਸਦੀ ਦੀ ਬਜਾਏ ਪੰਜਾਹ ਫੀਸਦੀ ਨੰਬਰ ਦਿੱਤੇ ਸਨ। ਇਹਨਾਂ ਦਾ ਸਤਿਗੁਰੂ ਜੀ ਨਾਲ ਸੰਪਰਕ ਫੌਜੀ ਜੀਵਨ ਵਿਚ ਹੀ ਬਣ ਗਿਆ ਸੀ। ਇਸ ਤਰ੍ਹਾਂ ਇਹ ਆਪ ਦੇ ਪਹਿਲੀ ਉਮਰ ਦੇ ਐਸੇ ਸਾਥੀ ਸਨ, ਜਿਹੜੇ ਆਯੂ ਪ੍ਰਯੰਤ ਫਿਰ ਆਪ ਦੇ ਰੰਗ ਵਿਚ ਹੀ ਰੰਗੇ ਰਹੇ। ਸਤਿਗੁਰੂ ਜੀ ਨੇ ਪੰਥ ਦੀ ਸਾਜਣਾ ਕਰਨ ਬਾਦ, ਪਹਿਲੇ ਪੰਜਾਂ ਤੋਂ ਬਾਅਦ ਜਦੋਂ ਹੋਰ ਸਤਾਰਾਂ ਸੂਬੇ ਥਾਪੇ ਸਨ ਤਾਂ ਬਾਬਾ ਜਮੀਅਤ ਸਿੰਘ ਜੀ ਨੂੰ ਸੂਬਾ ਪਦਵੀ ਨਾਲ ਵੀ ਨਿਵਾਜਿਆ ਸੀ। ਪਹਿਲੇ ਢਾਈਆਂ ਵਿਚੋਂ ਭਾਵੇਂ ਆਪ ਨੂੰ ਅੱਧਾ ਆਖਿਆ ਪ੍ਰੰਤੂ ਇਹਨਾਂ ਸਾਰਿਆਂ ਵਿਚੋਂ, ਸੂਬਾ ਕੇਵਲ ਆਪ ਨੂੰ ਹੀ ਥਾਪ ਕੇ, ਨਾਮਧਾਰੀ ਸੰਗਠਨ ਦੇ ਪ੍ਰਮੁੱਖ ਵਾਲੀ ਜ਼ਿੰਮੇਵਾਰੀ ਸਉਂਪੀ। ਸੂਬਾ ਪਦਵੀ, ਧਾਰਮਿਕ ਜੀਵਨ ਦੇ ਨਾਲ ਨਾਲ, ਰਾਜਨੀਤੀ ਦੀਆਂ ਚਾਲਾਂ ਨੂੰ ਸਮਝਣ ਵਾਲੇ ਪ੍ਰਬੁੱਧ ਚਿੰਤਕਾਂ ਦੇ ਹਿੱਸੇ ਆਉਂਦੀ ਸੀ। ਇੱਥੇ ਨਿਰੋਲ ਅਧਿਆਤਮਕ ਮੰਡਲ ਜਾਂ ਮਸਤੀ ਦੇ ਆਲਮ ਵਿਚ ਵਿਚਰਨ ਵਾਲੇ ਸਿੰਘ, ਸਤਿਗੁਰੂ ਜੀ ਦੀ ਪਰੀਖਿਆ ਵਿਚ ਖਰੇ ਨਹੀਂ ਸਨ ਉਤਰਦੇ। ਸ਼ਾਇਦ ਇਹੋ ਕਾਰਨ ਸੀ ਕਿ ਸਿੱਖੀ ਦੀ ਰੂਹ ਨਾਲ ਆਪ ਤੋਂ ਪੀਡੀ ਪਹਿਚਾਨ ਬਨਾਉਣ ਵਾਲੇ, ਉਪਰੋਕਤ ਦੋਹਾਂ ਸੱਜਣਾਂ ਨੂੰ, ਸੂਬੇ ਨਹੀਂ ਸੀ ਥਾਪਿਆ ਗਿਆ। ਉਂਜ ਸਿਆਲਕੋਟ ਜ਼ਿਲ੍ਹਾ, ਜਿਹਨੂੰ ਭੂਗੋਲਿਕ ਲਹਿਜੇ ਵਿਚ ਦੜਪ ਵੀ ਆਖਿਆ ਜਾਂਦਾ ਸੀ, ਵਿਚ ਨਾਮਧਾਰੀ ਪੰਥ ਦੇ ਤਿੱਖੇ ਅਤੇ ਵਧੇਰੇ ਵਿਕਾਸ ਲਈ, ਸੂਬਾ ਜਮੀਅਤ ਸਿੰਘ ਗਿੱਲ ਹੀ, ਸਤਿਗੁਰੂ ਜੀ ਤੋਂ ਬਾਅਦ ਮੁੱਖ ਤੌਰ ਤੇ ਜ਼ਿੰਮੇਵਾਰ ਸਨ। ਦੜਪ ਦੀ ਸਿੱਖੀ ਦੇ



ਬਾਬਾ ਜੀ ਕੇਂਦਰ ਬਿੰਦੂ ਜਾਂ ਵੱਡੇ ਥੰਮ੍ਹ ਕਹੇ ਜਾ ਸਕਦੇ ਹਨ। ਜਿਹਨਾਂ ਦੀ ਛੂਹ ਪ੍ਰਾਪਤ ਕਰਕੇ, ਅਨੇਕਾਂ ਪ੍ਰਾਣੀ ਗੁਰੂ ਵਾਲੇ ਬਣੇ ਅਤੇ ਉਹਨਾਂ ਨੇ ਆਪਣਾ ਜੀਵਨ, ਸਦਮਾਰਗ ਤੇ ਚੱਲਦਿਆਂ ਬਿਤਾਇਆ। ਦੜਪ ਦੇ ਨਾਮਧਾਰੀਆਂ ਵਿਚ, ਬਾਬਾ ਜਮੀਅਤ ਸਿੰਘ ਹੋਰਾਂ ਦਾ ਨਾਮ ਇਕ ਘਰੇਲੂ ਨਾ ਬਣ ਚੁੱਕਾ ਸੀ। ਕੂਕਿਆਂ ਦੇ ਸਭ ਤੋਂ ਵੱਧ ੧੨੪ ਪਿੰਡ, ਸਿਆਲਕੋਟ ਜ਼ਿਲ੍ਹੇ ਵਿਚ ਹੀ ਸਨ। ਸ੍ਰੀ ਸਤਿਗੁਰੂ ਜੀ ਦੇ ਆਪਣੇ ਗ੍ਰਹਿ ਜ਼ਿਲ੍ਹੇ ਲੁਧਿਆਣੇ ਵਿਚ, ਦੂਜੇ ਨੰਬਰ ਤੇ ਰਹਿ ਕੇ ੧੧੫ ਪਿੰਡ ਸਨ।

ਸੂਬਾ ਬਨਾਉਣ ਤੋਂ ਪਹਿਲਾਂ, ਗਿੱਲ ਪਿੰਡ ਦੇ ਨਾਮਧਾਰੀਆਂ ਦੇ ਇਤਿਹਾਸਕ ਅਸਥਾਨ ਦਾ, ਸਤਿਗੁਰੂ ਜੀ ਨੇ ਆਪ ਨੂੰ ਮਹੰਤ ਥਾਪ ਦਿੱਤਾ ਸੀ। ਇਸ ਲਈ ਮਹੱਤਵਪੂਰਨ ਕੂਕਿਆਂ ਵਾਲੀ ਲਿਸਟ-੧੮੭੧ ਈ. ਵਾਲੀ ਵਿਚ ਆਪ ਨੂੰ ਜਮੀਅਤ ਸਿੰਘ ਮਹੰਤ ਪੁੱਤਰ ਚੰਦਾ ਸਿੰਘ, ਵਾਹੀਵਾਨ, ਪਿੰਡ ਗਿੱਲ, ਥਾਣਾ ਕਿਲਾ ਸੋਭਾ ਸਿੰਘ ਲਿਖਿਆ ਹੈ, ਆਪ ਦਾ ਦਾਹੜਾ ਲੰਮਾ, ਕੱਦ ਲੰਮਾ ਅਤੇ ਸਰੀਰ ਪਤਲਾ, ਉਮਰ ੬੦ ਸਾਲ ਦੇ ਲਗਭਗ ਦਰਜ ਹੈ। ਵਿਸ਼ੇਸ਼ਤਾਵਾਂ ਅਤੇ ਚਾਲ ਚੱਲਣ ਵਾਲੇ ਖਾਨੇ ਵਿਚ ਦਰਜ ਹੈ : "ਇਹ ਵਿਅਕਤੀ ਸਮੁੱਚੇ ਪੰਜਾਬ ਦੇ ਕੂਕਿਆਂ ਵਿਚ ਜਾਣਿਆ ਅਤੇ ਸਤਿਕਾਰਿਆ ਜਾਂਦਾ ਹੈ।"[੧] ਉਮਰ ਦੇ ਸਬੰਧ ਵਿਚ, ੧੮੬੭ ਈ. ਦੀ ਦੀਵਾਲੀ ਸਮੇਂ ਜਿਹੜੇ ਸੂਬੇ ਸਤਿਗੁਰੂ ਜੀ ਨਾਲ ਅੰਮ੍ਰਿਤਸਰ ਵਿਖੇ ਹਾਜ਼ਰ ਸਨ, ਉਸ ਸੂਚੀ ਵਿਚ ਬਾਬਾ ਜੀ ਦੀ ਆਯੂ ੫੦ ਸਾਲ ਲਿਖੀ ਹੈ। ਅਤੇ ਇਹ ਵੀ ਦਰਜ ਹੈ ਕਿ ਉਹ

* ਜਮੀਅਤ ਸਿੰਘ ਜਾਂ ਜਮੀਤ ਸਿੰਘ ਇਕੋ ਹਸਤੀ ਹੈ : ਸੰਪਾਦਕ



Namdhari Elibrary NamdhariElibrary@gmail.com

ਸਿਆਲਕੋਟ ਅਤੇ ਆਸ ਪਾਸ ਦੇ ਜ਼ਿਲਿਆਂ ਵਿਚ, ਆਪਣੇ ਮੱਤ ਦਾ ਪਰਚਾਰ ਕਰਨ ਲਈ ਨਿਯੁਕਤ ਕੀਤੇ ਗਏ ਹਨ।[2] ਇਸੇ ਦੀਵਾਲੀ ਪੁਰਬ ਦੇ ਸਰਕਾਰੀ ਰੀਕਾਰਡ ਵਿਚ ਸੂਬਾ ਜੀ ਦਾ ਨਾਮ ਪੁਰਾਣੇ (ਭਾਵੇਂ ਪਹਿਲੋਂ ਥਾਪੇ ਗਏ) ਸੂਬਿਆਂ ਵਿਚ ਦਰਜ ਹੈ।[3] ਇਥੇ ਬੇਸ਼ਕ ਉਹਨਾਂ ਦਾ ਪਿੰਡ ਕਿਲਾ ਸੂਬਾ ਸਿੰਘ ਲਿਖਿਆ ਹੈ। ਇਹ ਵੱਡਾ ਪਿੰਡ ਗਿੱਲ ਦੇ ਨੇੜੇ ਹੀ ਸੀ ਦੋ ਸਿੱਖ ਸਰਦਾਰਾਂ ਜੋ ਸਕੇ ਭਾਈ ਸਨ, ਨੇ ਸਿੱਖ ਰਾਜ ਵੇਲੇ, ਆਪਣੇ ਨਾਵਾਂ ਤੇ ਕਿਲਾ ਸੂਬਾ ਸਿੰਘ ਤੇ ਕਿਲਾ ਸੋਭਾ ਸਿੰਘ ਵਸਾਏ ਸਨ। ਗੁਰੂ ਸ਼ਕਤੀ-ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ-੧੯੯੯ ਈ. ਸਫਾ ੩੯ ਅੱਜ ਕਲ੍ਹ ਪਾਕਿਸਤਾਨ ਵਿਚ ਕਿਲਾ ਸੂਬਾ ਸਿੰਘ ਨੂੰ ਕੱਲਰ ਵਾਲਾ ਕਿਲਾ ਕਿਹਾ ਜਾਂਦਾ ਹੈ। ੧੮੮੧ ਵਾਲੀ ਲਿਸਟ ਮੁਤਾਬਿਕ ਆਪ ਦਾ ਜਨਮ ਸਾਲ ੧੮੨੧ ਈ. ਅਤੇ ੧੮੬੭ ਵਾਲੀ ਲਿਸਟ ਮੁਤਾਬਿਕ ੧੮੧੭ ਈ. ਬਣਦਾ ਹੈ। ਮਲੂਮ ਹੁੰਦਾ ਹੈ ਕਿ ਬਾਬਾ ਜੀ ਸਤਿਗੁਰੂ ਜੀ ਨਾਲੋਂ ਉਮਰ ਵਿਚ ਤਿੰਨ ਜਾਂ ਚਾਰ ਸਾਲ ਵੱਡੇ ਹੋਣਗੇ। ਇਸ ਲਈ ਆਪ ਦਾ ਜਨਮ ਵਰ੍ਹਾ ੧੮੧੨-੧੩ ਈ. ਹੀ ਬਣਦਾ ਹੈ।

ਆਪ ਗਿਲ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਸਨ। ਉਚੇ ਲੰਮੇ ਛੀਟਕੇ ਜੁਆਨ ਸਨ। ਸਰੀਰ ਫੁਰਤੀਲਾ ਅਤੇ ਫੱਬ ਸੁੰਦਰ ਸੀ। ਇਹੋ ਜਿਹੇ ਦਰਸ਼ਨੀ ਨੌਜੁਆਨਾਂ ਨੂੰ, ਮਹਾਰਾਜਾ ਰਣਜੀਤ ਸਿੰਘ, ਖੁਦ ਦਿਲਚਸਪੀ ਲੈ ਕੇ, ਆਪਣੇ ਪੋਤਰੇ ਕੰਵਰ ਨੌ ਨਿਹਾਲ ਸਿੰਘ ਵਾਲੀ ਰੈਜੀਮੈਂਟ ਵਿਚ ਭਰਤੀ ਕਰਵਾ ਦਿੰਦਾ ਸੀ। ਬਾਬਾ ਜੀ ਨੂੰ ਸੱਜੀ ਬਾਂਹ ਉਤੇ ਕੂਹਣੀ ਤੋਂ ਉਤੇ ਕਪਾਹ ਦੀ ਖੋਖੜੀ ਵਰਗਾ ਕਾਫੀ ਵੱਡਾ ਨਿਸ਼ਾਨ ਸੀ। ਜੋ ਸੈਨਿਕ ਜੀਵਨ ਦੀ ਕਿਸੇ ਝੜਪ ਸਮੇਂ ਲੱਗਾ ਹੋ ਸਕਦਾ ਹੈ। ਜਦੋਂ ਸਤਿਗੁਰੂ ਰਾਮ ਸਿੰਘ ਜੀ ਵੀ ਸੰਨ ੧੮੩੬ ਈ. ਵਿਚ ਇਸੇ ਰੈਜੀਮੈਂਟ ਵਿਖੇ ਭਰਤੀ ਹੋ ਕੇ ਆਏ ਤਾਂ ਅਧਿਆਤਮਕ ਬਿਰਤੀਆਂ ਵਾਲੇ ਜਮੀਅਤ ਸਿੰਘ ਗਿੱਲ ਨਾਲ, ਕਾਹਨ ਸਿੰਘ ਚੱਕ ਵਾਲੇ ਜਿਉਂ ਆਪ ਦਾ ਮਿਲਾਪ ਹੋਣ ਵਿਚ ਕੋਈ ਜ਼ਿਆਦਾ ਸਮਾਂ ਨਹੀਂ ਲੱਗਾ ਸੀ। ਕਾਹਨ ਸਿੰਘ ਤੇ ਜਮੀਅਤ ਸਿੰਘ ਦੋਵੇਂ ਹੀ ਸਤਿਗੁਰੂ ਜੀ ਤੋਂ ਆਯੂ ਵਿਚ ਕੁਝ ਵਡੇਰੇ ਹੋਣ ਸਦਕਾ, ਜਿੱਥੇ ਆਪ ਦੀ ਮਸਤਾਨੀ ਅਤੇ ਪ੍ਰੇਮਾ ਭਗਤੀ ਵਾਲੀ ਨਾਮ ਬਾਣੀ ਦੇ ਰੰਗ ਵਿਚ ਰੰਗੀ ਮੂਰਤੀ ਦੇ ਪ੍ਰਤੀ ਤਾਂ ਸ਼ਰਧਾ ਭਾਵ ਰੱਖਣ ਲੱਗ ਪਏ, ਉੱਥੇ ਕਈ ਵੇਰ ਸਤਿਗੁਰੂ ਜੀ ਦੇ ਨਿਗਰਾਨ ਵਜੋਂ, ਵੀ ਸੇਵਾ ਨਿਭਾਹੁੰਦੇ ਸਨ। ਦੁਨਿਆਵੀ ਪਦਾਰਥਾਂ ਤੋਂ ਸਤਿਗੁਰੂ ਜੀ ਦੀ ਬਿਰਤੀ ਤਾਂ ਬਹੁਤ ਉੱਚੀ ਸੀ। ਪਰ ਇਹ ਦੋਵੇਂ ਸੱਜਣ ਜਦੋਂ ਸਮਝਦੇ ਕਿ ਕਿਸੇ ਨੇ ਮਸਤਾਨੀ ਬਿਰਤੀ ਵਾਲੇ ਸੈਨਿਕ ਨੂੰ ਵਿਹਾਰ ਕਾਰ ਵਿਚ, ਛਲ ਲਿਆ ਹੈ ਤਾਂ ਇਹ ਤੁਰੰਤ ਉਸ ਨੁਕਸਾਨ ਦੀ ਭਰਪਾਈ ਕਰਨ ਲਈ, ਹਰਕਤ ਵਿਚ ਆ ਜਾਂਦੇ। ਨਾਮਧਾਰੀਆਂ ਦਾ ਪਹਿਲਾ ਅਤੇ ਪੁਰਾਤਨ ਇਤਿਹਾਸਕਾਰ, ਭਾਈ ਸੰਤੋਖ ਸਿੰਘ ਬਾਹੋਵਾਲ, ਅਜਿਹੇ ਸੁੰਦਰ ਬਿਰਤਾਤਾਂ ਨੂੰ ਆਪਣੇ ਗਰੰਥ ਵਿਚ ਥਾਂ ਪੁਰ ਥਾਂ ਦਰਜ ਕਰਦਾ ਹੈ :

**ਸੋਨਾ ਅਤੇ ਸ਼ਸ਼ਤਰ**

"ਏਕ ਸਮੇਂ ਸ੍ਰੀ ਸਤਿਗੁਰੂ ਜੀ ਕੰਠਾ ਲਾਹ ਕੇ ਕਿਸੇ ਨੂੰ ਦੇ ਆਏ ਅਰ ਏਕ ਕਿਰਪਾਨ ਲੈ ਆਏ। ਜਮੀਤ ਸਿੰਘ ਨੇ ਜਾਇਕੇ ਉਸ ਨੂੰ ਕਹਿਆ ਤੈਨੂੰ ਸੌ ਰੁਪਏ ਕਾ ਕੰਠਾ ਪਚ ਜਾਏਗਾ? ਪੈਸੇ ਕੀ ਕਿਰਪਾਨ ਦੇ ਕੇ ਤੈਂ ਕੰਠਾ ਲੈ ਲਿਆ ਹੈ। ਉਸ ਨੇ ਕਹਾ ਜੀ ਕਿਰਪਾਨ ਭੀ ਰੱਖੋ ਤੇ ਕੰਠਾ ਭੀ ਲੈ ਜਾਓ। ਲਿਆਇ ਕੇ ਜਮੀਤ ਸਿੰਘ ਨੇ ਕਹਿਆ ਜੀ ਪੈਸੇ ਕੀ ਕਿਰਪਾਨ ਲੈ ਕੇ ਸੌ ਰੁਪਏ ਕਾ ਕੰਠਾ ਲਾਹ ਕੇ ਦੇ ਆਏ ਹੋ। ਗੁਰੂ ਜੀ ਬਚਨ ਕੀਤਾ ਸਾਡਾ ਤਾਂ ਸ੍ਰੀ ਸਾਹਿਬ ਸਵਾ ਲਾਖ ਕਾ ਹੈ।"

"ਇਕ ਵੇਰੀਂ ਵਾਲਾ ਲਾਹ ਕੇ ਦੇ ਆਏ ਤੇ ਖੰਡਾ ਲੈ ਆਏ। ਜਮੀਤ ਸਿੰਘ ਨੇ ਕਹਾ ਜੀ ਪੰਜਾਹ ਰੁਪਏ ਕਾ ਵਾਲਾ ਦੇ ਆਏ ਹੋ ਤੇ ਇਕ ਪੈਸੇ ਕਾ ਖੰਡਾ ਲੈ ਆਏ ਹੋ। ਗੁਰੂ ਜੀ ਬਚਨ ਕੀਤਾ ਖੰਡਾ ਸਵਾ ਲਾਖ ਕਾ ਹੈ। ਜਮੀਤ ਸਿੰਘ ਜਾਇਕੇ ਉਸ ਆਦਮੀ ਨੂੰ ਕਹਾ ਕਿ ਪੰਜਾਹ ਰੁਪੇ ਕਾ ਵਾਲਾ ਤੈਨੂੰ ਪਚੇਗਾ ਪੈਸੇ ਕਾ ਖੰਡਾ ਦੇ ਕੇ? ਉਸਨੇ ਕਹਾ ਜੀ ਵਾਲਾ ਭੀ ਲੈ ਜਾਓ ਤੇ ਖੰਡਾ ਭੀ ਰੱਖੋ। ਜਮੀਤ ਸਿੰਘ ਲੈ ਆਇਆ ਵਾਲਾ ਤੇ ਖੰਡਾ ਸਾਂਭ ਛੱਡੇ।"[4]

ਉਪਰੋਕਤ ਸਾਖੀਆਂ ਤੋਂ ਇਹ ਭਾਵ ਵੀ ਮਾਲੂਮ ਹੁੰਦਾ ਹੈ ਕਿ ਸਤਿਗੁਰੂ ਜੀ ਵਾਸਤੇ ਸੋਨਾ ਕੋਈ ਮਹੱਤਵਪੂਰਨ ਵਸਤੂ ਨਹੀਂ ਸੀ ਜਦੋਂ ਕਿ ਸਿੱਖੀ ਦੇ ਪ੍ਰਤੀਕ ਅਤੇ ਖਾਲਸਈ ਰਹੁ ਰੀਤ ਦੇ ਚਿੰਨ੍ਹ, ਸਰਬਲੋਹ ਦੇ ਖੰਡਾ ਅਤੇ ਕਿਰਪਾਨ ਨੂੰ, ਆਪ ਸੁਵਰਨ-ਆਭੂਖਣਾਂ ਨਾਲੋਂ ਜ਼ਿਆਦਾ ਕੀਮਤੀ ਸਮਝਦੇ ਸਨ।

ਸਤਿਗੁਰੂ ਜੀ ਨਾਮ ਦੀ ਮਸਤੀ ਵਿਚ, ਆਪਣੇ ਸਰੀਰ ਦੀਆਂ ਪਰਸਾਦੇ ਪਾਣੀ ਦੀਆਂ ਜ਼ਰੂਰਤਾਂ ਤੋਂ ਵੀ ਉੱਪਰ ਉੱਠ ਜਾਂਦੇ ਸਨ। ਅਜਿਹੇ ਸਮੇਂ ਕਾਹਨ ਸਿੰਘ ਚੱਕਵਾਲਾ, ਜਮੀਅਤ ਸਿੰਘ ਗਿੱਲ, ਧਿਆਨ ਸਿੰਘ ਮਲਵਈ, ਦੂਲਾ ਸਿੰਘ ਰਾਜੇਆਣੇ ਦਾ, ਜੀਤ ਸਿੰਘ ਠਰੂ ਅਤੇ ਰਾਜਾ ਸਿੰਘ ਤਰਾਂਛੀ ਵਾਲਾ ਆਦਿਕ ਫੌਜੀ ਸਿੰਘ ਸਤਿਗੁਰੂ ਜੀ ਤੇ ਪੂਰੀ ਪ੍ਰੀਤ ਭਾਵਨੀ, ਪਰਤੀਤ ਆਦਿ ਰੱਖਦੇ ਸਨ। ਪਰਸ਼ਾਦਾ ਵੀ ਸਤਿਗੁਰੂ ਜੀ ਦਾ, ਇਹੋ ਸਿੰਘ ਤਿਆਰ ਕਰਦੇ ਸਨ ਅਤੇ ਜਿੱਥੇ ਵੀ ਆਪ ਹੁੰਦੇ, ਉਥੋਂ ਲੱਭ ਕੇ ਆਪਣੇ ਟਿਕਾਣੇ ਤੇ ਲਿਆ ਕੇ, ਫਿਰ ਛਕਾਉਣ ਦੀ ਜ਼ਿੰਮੇਵਾਰੀ ਵੀ, ਉਹੋ ਨਿਭਾਹੁੰਦੇ ਸਨ।[5]

ਲਹੌਰ ਦਰਬਾਰ ਦੀ ਸਤਿਗੁਰੂ ਜੀ ਵਾਲੀ ਸੈਨਿਕ ਟੁਕੜੀ,



Namdhari Elibrary NamdhariElibrary@gmail.com



ਕਿਸੇ ਸਰਕਾਰੀ ਕਾਰਜ ਲਈ, ਪਸ਼ੌਰ ਨੂੰ ਜਾਂਦੀ ਹੋਈ ਹਜ਼ਰੋ ਸਾਹਿਬ ਵਿਖੇ ਅਟਕ ਗਈ ਸੀ, ਸੰਨ ੧੮੪੧ ਈ. ਵਿਚ। ਹਜ਼ਰੋ ਸਾਹਿਬ (ਜ਼ਿਲ੍ਹਾ ਅਟਕ ਜਾਂ ਕੈਮਪਬੈਲ ਪੁਰ-ਪੱਛਮੀ ਪੰਜਾਬ) ਵਿਚ ਉਸ ਸਮੇਂ ਸੰਤ-ਅਵਤਾਰ ਗੁਰੂ ਬਾਲਕ ਸਿੰਘ ਜੀ ਦੇ ਸੁਭ ਉਪਦੇਸ਼ਾਂ ਦੀ ਕਾਫੀ ਚਰਚਾ ਸੀ। ਫੌਜੀ ਸਿੰਘਾਂ ਵਿਚੋਂ, ਆਪ ਦੀ ਸੋਅ ਸੁਣ ਕੇ, ਸਭ ਤੋਂ ਪਹਿਲਾਂ, ਬਾਬਾ ਜਮੀਅਤ ਸਿੰਘ ਜੀ ਦਰਸ਼ਨ ਕਰਨ ਗਏ ਅਤੇ ਨਾਮ ਦੀ ਦਾਤ ਲੈ ਕੇ ਆਏ। ਬਾਹੋਵਾਲ ਜੀ, ਬਾਬਾ ਜਮੀਅਤ ਸਿੰਘ ਜੀ, ਪਹਿਲਾਂ ਕਿਹੜਾ ਨਾਮ ਜਪਦੇ ਸਨ ਅਤੇ ਹੁਣ ਸਮੇਂ ਦਾ ਨਾਮ ਕਿਹੜਾ ਹੈ, ਇਸ ਬਾਰੇ ਗੁਰੂ ਬਾਲਕ ਸਿੰਘ ਜੀ ਦੀ ਸਿੱਖਿਆ ਨੂੰ, ਇਉਂ ਨਿਰੂਪਤ ਕਰਦੇ ਹਨ। "ਸੁਣ ਕੇ ਸੋਇ ਗੁਰੂ ਜੀ ਕੀ ਬਾਬਾ ਜਮੀਤ ਸਿੰਘ ਫੌਜ ਵਿਚੋਂ ਪਹਿਲੇ ਗਿਆ। ਦਰਸ਼ਨ ਜਾਇ ਕੀਤਾ ਗੁਰੂ ਬਾਲਕ ਸਿੰਘ ਜੀ ਕਾ। ਸੀਸ ਨਿਵਾਇਆ, ਫਤੇ ਬੁਲਾਈ। ਗੁਰੂ ਬਾਲਕ ਸਿੰਘ ਜੀ ਅੰਤਰਜਾਮੀ 'ਸੋਹੰ' ਕਾ ਅਰਥ ਕਰਨ ਲੱਗੇ ਹੈਂ, "ਜੁਗਿ ਜੁਗਿ ਆਪੋ ਆਪਣਾ ਧਰਮ ਹੈ ਸੋਧਿ ਦੇਖਹੁ ਬੇਦ ਪੁਰਾਨਾ।" 'ਸੋਹੰ' ਸ਼ਬਦ ਸਤਿਜੁਗ ਦੁਆਪਰ ਤ੍ਰੇਤਾ ਕਾ ਹੈ। ਕਲਿਜੁਗ ਕਾ 'ਚਾਰ ਅੱਖਰਾ' ਭਜਨ ਹੈ। ਕਲਿਜੁਗ ਮੈਂ 'ਚਾਰ ਅੱਖਰ' ਮੇਂ ਸੱਤਾ ਹੈ... ਜਮੀਤ ਸਿੰਘ ਵੀ 'ਸੋਹੰ' ਦਾ ਜਾਪ ਜਪਦਾ ਹੁੰਦਾ ਸੀ। ਸੁਣ ਕੇ ਅਰਥ 'ਸੋਹੰ' ਸੇ ਨਿਸਚਾ ਦੂਰ ਹੋਇਆ। 'ਚਾਰ ਅੱਖਰਾ' ਭਜਨ ਲੈ ਲਿਆ। ਭਜਨ ਪਰ ਨਿਸਚਾ ਹੋਇਆ। ਭਜਨ ਦੇ ਕੇ ਗੁਰੂ ਜੀ ਬਚਨ ਕੀਤਾ, ਗੁਪਤ ਹੀ ਜਪਣਾ ਤੇ ਗੁਪਤ ਹੀ ਰੱਖਣਾ। ਸੁਣਦੇ ਸਾਰ ਹੀ ਬਿਰਤੀ ਟਿਕੀ ਜਿਹੜੀ ਡੋਲਦੀ ਸੀ।

"ਫੇਰ ਫੌਜ ਮੈਂ ਆਇਕੇ ਬਾਬੇ ਜਮੀਤ ਸਿੰਘ ਨੇ ਸ੍ਰੀ ਸਤਿਗੁਰੂ ਜੀ ਕੋ ਕਹਿਆ ਮੈਂ ਤਾਂ ਭਜਨ ਲੈ ਆਇਆ ਹਾਂ। ਗੁਰੂ ਬਾਲਕ ਸਿੰਘ ਜੀ ਸੰਤ ਅਵਤਾਰ ਹੈਨ। ਦਰਸ਼ਨ ਕਰਨੇ ਸੇ ਭੀ ਸ਼ਾਂਤ ਆਈ ਪਰ ਜਦ ਭਜਨ ਲਿਆ ਉਸੀ ਵਕਤ ਸਰੀਰ ਕੀ ਤਾਸੀਰ ਹੀ ਬਦਲ ਗਈ।... ਕਲਿਜੁਗ ਕਾ ਏਹ ਭਜਨ ਹੈ ਜੇਹੜਾ ਦਿੱਤਾ ਹੈ ਚਾਰ ਅੱਖਰ ਕਾ। ਸੁਣਦੇ ਸਾਰ ਆਤਮੇ ਨੂੰ ਸ਼ਾਂਤ ਆਇ ਜਾਂਦੀ ਹੈ। ਹੋਰ ਸਿੰਘ ਭੀ ਜਾਣੇ ਲਗੇ। ਜੇਹੜਾ ਜਾਵੇ ਸੋਈ ਮੋਹਿਆ ਜਾਵੇ ਦਰਸ਼ਨ ਕਰਕੇ।... ਇਸੀ ਤਰ੍ਹਾਂ ਸੌ ਡੇਢ ਸੌ ਸਿੰਘਾਂ ਨੇ ਭਜਨ ਲੈ ਲਿਆ।"[੬]

ਇਸ ਤਰ੍ਹਾਂ ਸਿੱਖ ਸੈਨਾ, ਵਿਸ਼ੇਸ਼ ਕਰਕੇ ਸਤਿਗੁਰੂ ਜੀ ਵਾਲੀ ਨੌਨਿਹਾਲ ਸਿੰਘ ਦੀ ਰੈਜੀਮੈਂਟ ਵਿਚ, ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਸਿੰਘਾਂ ਨੂੰ ਗੁਰੂ ਬਾਲਕ ਸਿੰਘ ਜੀ ਦੇ ਲੜ ਲਾਉਣ ਦਾ, ਪਹਿਲਾ ਕਾਰਜ, ਸਿਰੇ ਚੜ੍ਹਾਉਣਾ, ਬਾਬਾ ਜਮੀਅਤ ਸਿੰਘ ਹੋਰਾਂ ਦੇ ਹਿੱਸੇ ਆਇਆ। ਐਨੀ ਗਿਣਤੀ ਵਿਚ ਸਿੰਘਾਂ ਦੇ ਜਗਿਆਸੂਆਂ ਅਭਿਆਸੂਆਂ ਵਾਲੀ ਬਿਰਤੀ ਧਾਰਨ ਕਰਨ ਸਦਕਾ ਹੀ ਇਸ ਰੈਜੀਮੈਂਟ ਵਿਚਲੀ ਸਤਿਗੁਰੂ ਜੀ ਦੀ ਪਲਟਨ ਦਾ ਨਾਮ "ਭਗਤਾਂ ਵਾਲੀ ਪਲਟਨ" ਵੀ ਪੈ ਗਿਆ ਸੀ। ਬਾਅਦ ਵਿਚ ਸੰਤ ਖਾਲਸੇ ਦੀ ਸਾਜਣਾ ਤੋਂ ਬਾਅਦ ਸੈਨਿਕ ਜੀਵਨ ਦੇ ਸਾਥੀ, ਇਹ ਚਰਚਾ ਸੁਣ ਕੇ ਕਿ ਫੌਜ ਵਾਲੇ ਮਸਤਾਨੇ ਨੇ, ਨਵਾਂ ਪੰਥ ਸਾਜਿਆ ਹੈ, ਸਤਿਗੁਰੂ ਜੀ ਦੇ ਪ੍ਰਭਾ-ਮੰਡਲ ਦੇ ਗਿਰਦ ਜੁੜਦੇ ਗਏ। ਇਹਨਾਂ ਪੂਰਵ ਸੈਨਿਕਾਂ ਦਾ, ਪੰਥ ਦੇ ਪਰਚਾਰ ਪਰਸਾਰ ਅਤੇ ਜਥੇਬੰਦਕ ਢਾਂਚੇ ਵਿਚ ਵੀ ਵੱਡਾ ਯੋਗਦਾਨ ਹੈ। ਇਉਂ ਬਾਬਾ ਜਮੀਅਤ ਸਿੰਘ ਦੀ ਨਾਮਧਾਰੀ ਸਮੁਦਾਇ ਵਿਚ, ਸਤਿਗੁਰੂ ਜੀ ਤੋਂ ਬਾਅਦ ਮੋਢੀਆਂ ਵਾਲੀ ਭੂਮਿਕਾ ਵੀ ਗਿਣੀ ਜਾਂਦੀ ਹੈ।

ਜਦੋਂ ਸਤਿਗੁਰੂ ਰਾਮ ਸਿੰਘ ਜੀ, ਜਮੀਅਤ ਸਿੰਘ ਹੋਰਾਂ ਦੇ ਦੱਸਣ ਬਾਅਦ ਗੁਰੂ ਬਾਲਕ ਸਿੰਘ ਹੋਰਾਂ ਦੇ ਦਰਬਾਰ ਵਿਚ ਪੁੱਜੇ ਤਾਂ ਜਿਸ ਸ਼ਬਦ ਦੇ ਸ੍ਰੀ ਆਦਿ ਗਰੰਥ ਸਾਹਿਬ ਵਿਚੋਂ ਗੁਰੂ ਬਾਲਕ ਸਿੰਘ ਜੀ ਅਰਥ ਕਰ ਰਹੇ ਸਨ ਉਹ ਸੀ :

"ਠਾਕੁਰ ਤੁਮ੍ ਸਰਣਾਈ ਆਇਆ॥

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ।" (ਰਾਗ ਸਾਰੰਗ)

ਜਦੋਂ ਹਜ਼ੂਰ ਨੇ ਗੁਰੂ ਬਾਲਕ ਸਿੰਘ ਜੀ ਤੋਂ ਨਾਮ ਦੀ ਦਾਤ ਮੰਗੀ ਤਾਂ "ਗੁਰੂ ਬਾਲਕ ਸਿੰਘ ਜੀ ਪ੍ਰਸੰਨ ਹੋਇ ਕੇ



Namdhari Elibrary NamdhariElibrary@gmail.com

ਬਚਨ ਕੀਤਾ ਆਓ ਠਾਕੁਰ ਜੀ, ਤੁਹਾਨੂੰ ਉਡੀਕਦੇ ਸੇ। ਤੁਹਾਡੇ ਮੰਗਵਾਉਣ ਵਾਸਤੇ ਹੀ ਏਤਨੀ ਫੌਜ ਨੂੰ ਭਜਨ ਦਿੱਤਾ ਹੈ। ਹੁਣ ਨਹੀਂ ਫੌਜ ਕਾ ਕੋਈ ਭੀ ਸਾਡੇ ਪਾਸੋਂ ਭਜਨ ਪੁੱਛੇਗਾ। ਹੁਣ ਤੁਸੀਂ ਆਇ ਗਏ ਹੋ। ਸਾਡੇ ਮਨ ਕਾ ਸੰਕਲਪ ਪੂਰਾ ਹੋਇਆ ਹੈ। ਇਸ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਨਾਮ ਦੀ ਦਾਤ ਵੀ ਬਖਸ਼ੀ ਅਤੇ ਨਾਮ ਦੇ ਖਜ਼ਾਨੇ ਦੀਆਂ ਚਾਬੀਆਂ ਵੀ ਆਪ ਦੇ ਹਵਾਲੇ ਕਰ ਦਿੱਤੀਆਂ। ਨਾਮ ਦਾ ਕੜਛਾ ਵਰਤਾਉਣ ਦਾ ਆਦੇਸ਼ ਵੀ ਦਿੱਤਾ। ਸਤਿਗੁਰੂ ਜੀ ਦੀ ਝੋਲੀ ਵਿਚ ਪਤਾਸਿਆਂ ਦਾ ਬੁੱਕ ਭਰ ਕੇ ਪਾਇਆ, ਪੰਜ ਪੈਸੇ ਤੇ ਨਲੀਏਰ ਮੱਥਾ ਟੇਕ ਕੇ, ਪੰਜ ਪਰਕਰਮਾ ਕਰਕੇ ਨਮਸਕਾਰ ਕੀਤੀ। ਅਤੇ ਜਿਸ ਦੀ ਵਸਤ ਸੀ ਉਸ ਨੂੰ ਸਉਂਪਣ ਦਾ ਬਚਨ ਵੀ ਹੋਇਆ। ਆਪਣੀ ਸਾਰੀ ਸੰਗਤ ਨੂੰ, ਗੁਰੂ ਬਾਲਕ ਸਿੰਘ ਹੋਰਾਂ ਨੇ ਹੁਕਮ ਦੇ ਕੇ, ਸਤਿਗੁਰੂ ਰਾਮ ਸਿੰਘ ਦੇ ਚਰਨਾਂ ਤੇ ਨਮਸਕਾਰ ਕਰਵਾਈ। ਇਸ ਪਰਿਵਰਤਨਕਾਰੀ ਘਟਨਾ ਨਾਲ ਵੀ ਬਾਬਾ ਜਮੀਅਤ ਸਿੰਘ ਹੋਰਾਂ ਦੀ ਜੀਵਨ ਗਾਥਾ ਕਿਸੇ ਨਾ ਕਿਸੇ ਰੂਪ ਵਿਚ ਜੁੜ ਗਈ।

ਸਤਿਗੁਰੂ ਜੀ ਤਾਂ ਮੁਦਕੀ ਦੀ ਜੰਗ ਸਮੇਂ, ਸ੍ਰੀ ਭੈਣੀ ਸਾਹਿਬ ਆ ਗਏ ਸਨ, ਕਿਉਂਕਿ ਗੁਰੂ ਬਾਲਕ ਸਿੰਘ ਜੀ ਨੇ ਫੌਜ ਦੀ ਨੌਕਰੀ ਛੱਡ ਕੇ ਨਾਮ ਦਾ ਗੱਫਾ ਵਰਤਾਉਣ ਦਾ ਹੁਕਮ ਦਿੱਤਾ ਸੀ। ਬਾਬਾ ਜਮੀਅਤ ਸਿੰਘ, ਸਿੱਖ ਸੈਨਾ ਦਾ ਅੰਗਰੇਜ਼ ਹਾਕਮਾਂ ਦੁਆਰਾ, ੧੮੪੯ ਵਿਚ ਭੋਗ ਪਾਉਣ ਬਾਦ ਪਿੰਡ ਆ ਗਏ। ਇੱਥੇ ਉਹਨਾਂ ਨੇ ਇਕ ਡੇਰਾ ਬਣਾ ਲਿਆ ਸੀ, ਜਿੱਥੇ ਆਏ ਗਏ ਪਰਮਾਰਥੀ ਨਾਲ ਨਾਮਬਾਣੀ ਦੀ ਚਰਚਾ ਵੀ ਕਰਦੇ ਅਤੇ ਅਭਿਆਗਤਾਂ ਵਾਸਤੇ ਲੋਹ ਲੰਗਰ ਵੀ ਜਾਰੀ ਕਰ ਦਿੱਤਾ। ਜਿਸ ਦਾ ਪੇਕਾ ਪਿੰਡ ਕਿਆਮਪੁਰ (ਸਿਆਲਕੋਟ) ਸੀ। ਉੱਥੋਂ ਦੀ ਮਾਈ ਦੌਲੀ ਪਿੰਡ ਗਿੱਲ ਦੇ ਲੰਬੜਦਾਰ ਨਾਲ ਵਿਆਹੀ ਸੀ। ਬਾਬਾ ਜਮੀਤ ਸਿੰਘ ਵੀ ਸਰਕਾਰੀ ਰੀਕਾਰਡ ਦੇ ਮੁਤਾਬਿਕ ਪਿੰਡ ਦਾ ਲੰਬੜਦਾਰ ਸੀ। ਜਿਸ ਨੂੰ ਆਗੂ ਕੂਕਾ ਅਤੇ ਪਰਚਾਰਕ ਦੱਸਿਆ ਗਿਆ ਸੀ।[੭] ਮਾਈ ਦੌਲੀ ਦਾ ਪਤੀ ਉਸਨੂੰ ਸਾਧ ਸੰਗਤ ਵਿਚ ਜਾਣ ਨਹੀਂ ਸੀ ਦਿੰਦਾ ਅਤੇ ਇਹ ਮਾਈ ਬਾਬਾ ਜਮੀਅਤ ਸਿੰਘ ਦੇ ਦਰਸ਼ਨਾਂ ਬਿਨਾਂ ਪਰਸ਼ਾਦਾ ਨਹੀਂ ਸੀ ਛਕਦੀ। ਜਿੰਨਾ ਚਿਰ ਮਾਈ ਦੌਲੀ ਲੰਗਰ ਵਿਚ ਨਾ ਆਵੇ ਬਾਬਾ ਜੀ ਵੀ ਪ੍ਰਸ਼ਾਦ ਨਹੀਂ ਸਨ ਪਾਉਂਦੇ। ਇਹ ਮਾਈ ਦੌਲੀ ੧੮੬੧ ਈ. ਦੀ ਹਰਦੁਆਰ ਦੀ ਅਰਧ ਕੁੰਭੀ ਸਮੇਂ ਸਤਿਗੁਰੂ ਜੀ ਦੇ ਦਲ ਨਾਲ ਗੰਗਾ ਤੇ ਗਈ ਸੀ। ਉੱਥੇ ਮਾਈ ਨੂੰ ਲੰਗਰ ਵਿਚ ਸੰਗਤ ਦੇ ਬਰਤਨਾਂ ਦੀ ਸੇਵਾ ਕਰਦੀ ਵੇਖ ਕੇ "ਗੁਰੂ ਜੀ ਬਚਨ ਕੀਤਾ ਏਸ ਨੂੰ ਬਰਤਨ ਨਹੀਂ ਮਾਜਣ ਦੇਣਾ ਹੈ।" ਬਾਬਾ ਜਮੀਅਤ ਸਿੰਘ ਜੀ ਦੀ ਪ੍ਰੀਤਵਾਨ ਮਾਈ ਜਾਣ ਕੇ ਸਤਿਗੁਰੂ ਜੀ ਨੇ ਵੀ ਉਸਦਾ ਅਦਬ ਕੀਤਾ। ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਨੇ ਮਾਈ ਦੌਲੀ ਨੂੰ ਬਚਨ ਕੀਤਾ ਤੈਨੂੰ ਲੋਕ ਲਾਜ ਤੇ ਛੁਡਾਇਆ ਹੈ। ਸਤਿਗੁਰੂ ਜੀ ਦੀ ਮਾਮੀ ਦੀ ਨੂੰਹ ਭੋਲੀ ਅਤੇ ਮਾਈ ਦੌਲੀ ਨੂੰ ਸਤਿਗੁਰੂ ਮਹਿਲ ਮਾਤਾ ਜੱਸਾਂ ਜੀ ਵੀ ਲੁਧਿਆਣੇ ਤੱਕ ਤੋਰਨ ਗਏ ਸੀ।

ਪਿੰਡ ਟਰਪੌਲਿਆਂ ਦੀ ਇਕ ਮਾਈ ਗੁਰ੍ਹਾਈ ਵੀ ਬਾਬਾ ਜਮੀਅਤ ਸਿੰਘ ਦੀ ਸ਼ਰਧਾਵਾਨ ਸੀ। ਉਸਨੂੰ ਬਾਬਾ ਜੀ ਗੁਰੂ ਬਾਲਕ ਸਿੰਘ ਤੋਂ ਨਾਮ ਦਾਨ ਦੁਆ ਕੇ ਲਿਆਏ ਸਨ। ਇਸ ਮਾਈ ਦੇ ਪਤੀ ਨੂੰ ਗੁਰੂ ਬਾਲਕ ਸਿੰਘ ਜੀ ਨੇ ਕਹਾ ਸੀ ਕਿ ਇਸਦਾ ਅਦਬ ਕਰੀਂ। ਇਸ ਦਾ ਕਿਹਾ ਮੰਨੀ। ਇਸ ਦਾ ਪੱਲਾ ਨਾ ਛੱਡੀਂ। ਮਾਈ ਦੀ ਕਮਾਈ ਵੇਖ ਕੇ ਉਸਦੇ ਪਤੀ ਨੇ ਕਿਹਾ 'ਗੁਰ੍ਹਾਈਏ ਮੇਰੇ ਪਰ ਭੀ ਨਿਗਾਹ ਕਰ।" ਮਾਈ ਗੁਰ੍ਹਾਈ ਨੇ ਉਸਕੋ ਕਹਾ ਕਿ ਖਜ਼ਾਨਾ ਹੁਣ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਆਇ ਗਿਆ ਹੈ।" ਸੋ ਉਹ ਭੈਣੀ ਸਾਹਿਬ ਪੁੱਜਾ ਤੇ ਨਾਮ ਦੀ ਦਾਤ ਨਾਲ ਨਿਹਾਲ ਹੋਇਆ। ਇਹ ਭਜਨੀਕ ਜੋੜੀ ਨਾਮ ਦੇ ਰੰਗ ਵਿਚ ਰੰਗੀ ਗਈ। ਇਹ ਮਾਈ ਟਰਪੌਲਿਆਂ ਵਾਲੀ (ਜ਼ਿਲ੍ਹਾ ਸਿਆਲਕੋਟ) ਵੀ ਸਤਿਗੁਰੂ ਜੀ ਦੇ ਨਾਲ ਗੰਗਾ ਤੇ ਗਈ ਸੀ ਜਿੱਥੇ ਕਈ ਕੌਤਕ ਇਸ ਨੂੰ ਵਿਖਾਉਣ ਦਾ ਵੀ ਬਾਹੋਵਾਲ ਜੀ ਵਰਣਨ ਕਰਦੇ ਹਨ।[੮]

ਕਿਉਂਕਿ ਬਾਬਾ ਜਮੀਅਤ ਸਿੰਘ ਹੋਰਾਂ ਨੇ ਸਤਿਗੁਰੂ ਜੀ ਤੋਂ ਪਹਿਲਾਂ ਭਜਨ ਗੁਰੂ ਬਾਲਕ ਸਿੰਘ ਪਾਸੋਂ ਲਿਆ ਸੀ। ਫੌਜ ਵਿਚ ਵੀ ਇਕੱਠੇ ਰਹਿੰਦੇ ਸਨ ਅਤੇ ਆਯੂ ਵਿਚ ਵੀ ਸਤਿਗੁਰੂ ਜੀ ਤੋਂ ਕੁਝ ਵਡੇਰੇ ਸਨ, ਇਸ ਲਈ ਭਾਵੇਂ ਗੁਰੂ ਬਾਲਕ ਸਿੰਘ ਜੀ ਨੇ ੧੮੪੧ ਈ. ਵਿਚ ਹੀ ਆਪਣੇ ਵਲੋਂ ਆਪਣੀ ਜਗਾ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਸਥਾਪਨ ਕਰ ਦਿੱਤਾ ਸੀ, ਪਰ ਬਾਬਾ ਗਿੱਲ ਦਾ ਨਿਸ਼ਚਾ ਆਪ ਤੇ ਅਜੇ ਟਿਕ ਨਹੀਂ ਸੀ ਰਿਹਾ। ਇਸ ਲਈ ਉਸ ਦੇ ਮਨ ਦੀ ਇਸ ਭ੍ਰਾਂਤੀ ਦਾ ਨਿਵਾਰਣ ਕਰਨਾ, ਗੁਰੂ ਬਾਲਕ ਸਿੰਘ ਜੀ ਨੇ ਸਿੱਖ ਦੇ ਕਲਿਆਣ ਲਈ ਜ਼ਰੂਰੀ ਸਮਝਿਆ। ਬਾਹੋਵਾਲ ਜੀ ਇਹ ਵਿੱਥਿਆ ਆਪਣੇ ਰੰਗ ਵਿਚ ਇਉਂ ਦਰਜ ਕਰਦੇ ਹਨ-

"ਇਕ ਵਾਰ ਬਾਬੇ ਜਮੀਤ ਸਿੰਘ ਗਿਲਾਂਵਾਲੇ ਨੇ ਅਰਜ਼ ਕੀਤੀ, ਗੁਰੂ ਯਾਰ੍ਹਵੇਂ ਕੋਲ, "ਜੀ ਮੇਰੀ ਸ਼ਰਧਾ ਤੁਹਾਡੀ ਮੂਰਤੀ ਉੱਤੇ ਹੈ। ਓਨ੍ਹਾਂ ਕੀ (ਸਤਿਗੁਰੂ ਰਾਮ ਸਿੰਘ ਜੀ ਦੀ) ਮੂਰਤੀ ਉਤੇ ਸ਼ਰਧਾ ਨਹੀਂ ਹੈ ਕਿਉਂਕਿ ਇਕੱਠੇ ਹੀ ਨੌਕਰ ਥੇ। ਓਥੇ ਭੀ ਜੋ ਬਚਨ ਕਰਦੇ ਸੇ ਸੋ ਪੂਰ ਹੁੰਦਾ ਸੀ। ਅੜਬੰਗ ਸਿੰਘ ਨਾਮ ਭੀ ਕਰ ਬੁਲਾਉਂਦੇ ਸੇ। ਯਾਰ੍ਹਵੇਂ ਗੁਰੂ ਜੀ ਬਚਨ ਕੀਤਾ ਜਦ



Namdhari Elibrary NamdhariElibrary@gmail.com

ਠਾਕੁਰਾਂ ਉਤੇ ਤੁਹਾਡੀ ਸ਼ਰਧਾ ਹੋਊਗੀ ਤਾਂ ਕਈ ਜਨਮਾਂ ਕੇ ਪਾਪ ਤੁਹਾਡੇ ਕੱਟ ਜਾਣਗੇ। ਏਹ ਭੀ ਬਚਨ ਕੀਤਾ ਅਸੀਂ ਤਾਂ ਰਾਖੇ ਬੈਠੇ ਸੀ, ਠਾਕੁਰ ਜੀ ਲੈ ਗਏ ਅਮਾਨਤ ਤੁਹਾਡੀ ਧਰਤੀ ਤੇ।"[੯] ਗੁਰੂ ਜੀ ਨੇ ਜਮੀਤ ਸਿੰਘ ਦਾ ਸੰਸਾ ਦੂਰ ਕਰ ਦਿੱਤਾ।

ਗੁਰੂ ਬਾਲਕ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਮੰਗਲ ਸਿੰਘ ਹੱਥ ਇਕ ਪੱਤਰਿਕਾ ਆਪਣੇ ਹਸਤ ਕੰਵਲਾਂ ਨਾਲ ਲਿਖ ਕੇ ਬਾਬਾ ਜਮੀਅਤ ਸਿੰਘ ਪਾਸ ਗਿੱਲ ਪਿੰਡ ਵਿਖੇ ਪਹੁੰਚਾਈ ਕਿ ਸਾਡੀ ਹੁਣ ਦਰਗਾਹੀ ਸਫਰ ਦੀ ਤਿਆਰੀ ਹੈ, ਸੋ ਤੁਸੀਂ ਠਾਕੁਰ ਜੀ (ਸਤਿਗੁਰੂ ਰਾਮ ਸਿੰਘ) ਤਕ ਇਹ ਪੱਤਰਿਕਾ ਪੁਚਾਓ ਤਾਂ ਕਿ ਉਹ ਸਾਨੂੰ ਇਕ ਵੇਰ ਦਰਸ਼ਨ ਦੇ ਜਾਣ। ਸਤਿਗੁਰੂ ਜੀ ਨੂੰ ਪੱਤਰ ਥੋਹੜਾ ਦੇਰ ਨਾਲ ਮਿਲਿਆ ਤੇ ਆਪ ਜਦੋਂ ਹਜ਼ਰੋ ਸਾਹਿਬ ਨੂੰ ਚੱਲੇ ਤਾਂ ਝਨਾਂ ਦਰਿਆ ਦੇ ਵਜ਼ੀਰਾਬਾਦ ਵਾਲੇ ਪੱਤਣ ਤੇ ਗੁਰੂ ਬਾਲਕ ਸਿੰਘ ਜੀ ਦਾ ਭਾਈ ਮੰਨਾ ਸਿੰਘ ਅਤੇ ਹੋਰ ਸਿੰਘ ਆਪ ਨੂੰ ਗੁਰੂ ਬਾਲਕ ਸਿੰਘ ਦੇ ਫੁੱਲ ਲੈ ਕੇ ਆਉਂਦੇ ਮਿਲੇ, ਅੰਮ੍ਰਿਤਸਰੋਂ ਹੋ ਕੇ ਗੰਗਾ ਤੇ ਜਾਣ ਵਾਸਤੇ। ਗੁਰੂ ਸਾਹਿਬ ਚੜ੍ਹਾਈ ਕਰ ਚੁੱਕੇ ਸਨ। ਸੋ ਭੈਣੀ ਸਾਹਿਬ ਅਤੇ ਹਜਰੋ ਸਾਹਿਬ ਦੀਆਂ ਸੰਗਤਾਂ, ਇਕ ਪੜਾਉ ਵਜ਼ੀਰਾਬਾਦ ਸ਼ਹਿਰ ਵਿਖੇ ਕਰ ਕੇ ਗਿੱਲ (ਸਿਆਲਕੋਟ) ਬਾਬਾ ਜਮੀਅਤ ਸਿੰਘ ਪਾਸ ਪੁੱਜੀਆਂ ਜਿੱਥੇ ਗੁਰੂ ਬਾਲਕ ਸਿੰਘ ਜੀ ਦੀ ਥਾਂ ਤੇ ਗੁਰਤਾ ਦੀ ਦਸਤਾਰ ਗਿੱਲਾਂ ਦੀ ਸੰਗਤ ਨੇ ਬਾਬਾ ਜਮੀਅਤ ਸਿੰਘ ਦੇ ਹੱਥੀਂ, ਸਤਿਗੁਰੂ ਜੀ ਦੇ ਸੀਸ ਤੇ ਸੁਭਾਇਮਾਨ ਕੀਤੀ। ਬਾਬਾ ਜਮੀਅਤ ਸਿੰਘ ਹਜ਼ਰੋ ਨੂੰ ਜਾ ਰਹੀ ਭੈਣੀ ਸਾਹਿਬ ਵਾਲੀ ਸੰਗਤ ਵਿਚ ਹੀ, ਉਸਦੇ ਪਿੰਡ ਤੋਂ ਜਾਂਦੇ ਸਮੇਂ ਸ਼ਾਮਲ ਹੋ ਗਿਆ ਸੀ। ਇੱਥੇ ਫਿਰ ਬਾਬਾ ਜਮੀਅਤ ਸਿੰਘ ਦੇ ਸੰਕਲਪ ਵਿਕਲਪ ਗੁਰੂ ਕਿਰਪਾ ਨਾਲ ਸ਼ਾਂਤ ਕਰਕੇ ਉਹਨਾਂ ਨੂੰ ਸਿਦਕ ਭਰੋਸੇ ਦੀ ਦਾਤ ਬਖਸ਼ੀ। ਇਹ ਰੋਚਕ ਪਰਸੰਗ ਵੀ, ਭਾਈ ਸੰਤੋਖ ਸਿੰਘ ਭਾਵੀ ਇਤਿਹਾਸਕਾਰਾਂ ਲਈ, ਇਉਂ ਕਾਨੀਬੰਦ ਕਰਦੇ ਹਨ- "ਅਗਲੇ ਦਿਨ ਗਿੱਲੀਂ ਗਏ। ਬਾਬੇ ਜਮੀਤ ਸਿੰਘ ਜੀ ਫੁੱਲਾਂ ਕੇ ਆਗੇ ਮੱਥਾ ਟੇਕਿਆ, ਬੜਾ ਜੱਗ ਕੀਤਾ। ਬਹਿੰਗਮ ਸਿੰਘਾਂ ਕੋ ਪੁਸ਼ਾਕਾ ਦਿਤੀਆਂ। ਗਊਆਂ ਦਿੱਤੀਆਂ ਸੱਤ ਅਤੇ ਸੱਤ ਭੋਗ ਪਵਾਏ ਗ੍ਰੰਥ ਸਾਹਿਬ ਕੇ। ਬਾਬੇ ਜਮੀਤ ਸਿੰਘ ਨੇ ਤਿੰਨ ਥਾਨ ਲਿਆਂਦੇ ਮੱਥਾ ਟੇਕਣ ਕੋ। ਏਕ ਤਾਂ ਗੁਰੂ ਬਾਲਕ ਸਿੰਘ ਜੀ ਕੇ ਫੁੱਲਾਂ ਵਿਚੋਂ ਫੁੱਲ ਲੈ ਕੇ ਦੇਹੁਰਾ ਬਨਾਉਣ ਕਾ ਇਰਾਦਾ ਕਰਕੇ ਮੱਥਾ ਟੇਕਿਆ, ਦੂਸਰਾ ਜਿੱਥੇ ਗੁਰੂ ਜੀ ਨੇ ਦਸਤਾਰ ਸਜਾਈ ਸੀ, ਤੀਸਰੀ ਥਾਂ ਜਿੱਥੇ ਬੈਠ ਕੇ ਪ੍ਰਸਾਦ ਛਕਿਆ ਹੈ। ਗੁਰੂ ਜੀ ਬਚਨ ਕੀਤਾ ਥੜਿਆਂ ਪਰ ਕੁੱਤੇ ਮੈਲਾ ਕਰ ਦੇਂਦੇ ਹੈਨ। ਆਏ ਗਏ ਸਿੰਘ ਕੀ ਚੰਗੀ ਸੇਵਾ ਕਰਨੀ ਚਾਹੀਏ।



.... ਸ਼ਰਧਾ ਵਧਾਵਣੇ ਕੇ ਵਾਸਤੇ ਜਮੀਤ ਸਿੰਘ ਕੇ ਮਨ ਮੇਂ ਹੋਈ ਕਿ ਏਕ ਫੁੱਲ ਬਿਚ ਤੇ ਰੱਖ ਲਈਏ। ਦੇਹੁਰਾ ਬਣਾ ਕੇ ਵਿਚ ਗ੍ਰੰਥ ਸਾਹਿਬ ਪ੍ਰਕਾਸ਼ਾਂਗਾ। ਗੁਰੂ ਅੰਤਰਯਾਮੀ ਜੀ ਨੇ ਬਚਨ ਕੀਤਾ ਜਮੀਤ ਸਿੰਘ ਵਿਚੋਂ ਫੁੱਲ ਨਾ ਕੱਢ ਲਈਂ। ਜਮੀਤ ਸਿੰਘ ਨੇ ਦੋ ਫੁੱਲ ਵਿਚੋਂ ਰੱਖ ਲਏ। ਰਾਤ ਕੋ ਕੱਢੇ। ਦਿਨ ਚੜ੍ਹੇ ਅੰਤਰਯਾਮੀ ਗੁਰੂ ਜੀ ਬਚਨ ਕੀਤਾ-ਜਮੀਤ ਸਿੰਘ ਤੈਨੇ ਵਿਚੋਂ ਦੋ ਫੁੱਲ ਤਾਂ ਨਹੀਂ ਕੱਢੇ ਜਾ ਕਹਾ ਕਿ ਨਹੀਂ ਜੀ। ਸ੍ਰੀ ਸਰਬ ਘਟਾ ਕੇ ਜਾਣੇ ਵਾਲਿਆਂ ਨੇ ਵਚਨ ਕੀਤਾ- ਤੇਰੀ ਮਨਸ਼ਾ ਸੀ ਕਿ ਗੁਰੂ ਬਾਲਕ ਸਿੰਘ ਜੀ ਕੇ ਨਾਮ ਦੇਹੁਰਾ ਪਵਾਊਂਗਾ। ਦੇਹੁਰਾ ਬਣਾ ਕੇ ਵਿਚ ਗ੍ਰੰਥ ਸਾਹਿਬ ਪ੍ਰਕਾਸ਼ਾਂਗਾ। ਜਾਂ ਇਹ ਬੋਲਾ ਅੰਤਰਯਾਮੀ ਜੀ ਸੇ ਸੁਣਿਆ ਤਾਂ ਭੈ ਆਇਆ ਤੇ ਸਮਝਿਆ ਜੋ ਠੀਕ ਠਾਕੁਰ ਜੀ ਅੰਤਰਯਾਮੀ ਹੈਨ। ਮੈਂ ਕਿਉਂ ਮੁਕਰਦਾ ਹਾਂ।.. ਉਸੇ ਦਿਨ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਪੂਰਾ ਭਰੋਸਾ ਹੋ ਗਿਆ ਜਮੀਤ ਸਿੰਘ ਦਾ ਕਿ ਠੀਕ ਮੇਰਾ ਭਲਾ ਕਰਨਗੇ। ਗੁਰੂ ਯਾਰ੍ਹਵੇਂ ਜੀ ਕੇ ਬਚਨ ਪੂਰੇ ਹੋਏ ਹੈ।"[੧੦]

ਇਸ ਤੋਂ ਪਹਿਲਾਂ ਗੁਰੂ ਬਾਲਕ ਸਿੰਘ ਜੀ ਦੇ ਹੁਕਮ ਅਨੁਸਾਰ ਜਮੀਅਤ ਸਿੰਘ, ਚੱਕੀ ਨਾਲ ਆਟਾ ਆਪਣੇ ਹੱਥੀਂ ਪੀਹ ਕੇ ਆਈ ਸੰਗਤ ਨੂੰ ਪਰਸ਼ਾਦਾ ਛਕਾਇਆ ਕਰਦੇ ਸਨ। ਹੁਣ ਸਤਿਗੁਰੂ ਜੀ ਦੀ ਦਸਤਾਰਬੰਦੀ ਇਸ ਜਗ੍ਹਾ ਹੋਣ ਨਾਲ, ਸਮੁੱਚੇ ਪੰਜਾਬ ਵਿਚ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਬਹੁਤ ਵਧ ਗਈ ਸੀ। ਹੁਣ ਸੰਗਤ ਦੀ ਆਵਾਜਾਈ ਵੀ ਪਹਿਲਾਂ ਤੋਂ ਜ਼ਿਆਦਾ ਹੋ ਜਾਣੀ ਸੀ। ਇਸੇ ਕਾਰਨ ਹੁਣ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਜਮੀਅਤ ਸਿੰਘ ਨੂੰ ਫੁਰਮਾਇਆ ਕਿ ਹੁਣ ਚੱਕੀ ਵਾਲੀ ਸੇਵਾ ਤੁਹਾਡੀ ਪੂਰੀ ਹੋ ਗਈ, ਹੁਣ ਇਥੇ ਖਰਾਸ ਲਾ ਲਵੋ। ਕਿਉਂਕਿ ਹੁਣ ਸੰਗਤਾਂ ਦੀਆਂ ਵਹੀਰਾਂ ਪਈਆਂ ਰਹਿਣੀਆਂ ਹਨ। ਬਾਬਾ ਜੀ ਦੀਆਂ ਮਨ ਬਿਰਤੀਆਂ ਦੁਨਿਆਵੀ ਭੋਗਾਂ ਵਲੋਂ ਵੀ ਇਸ ਦਿਨ ਤੋਂ ਸ਼ਾਂਤ ਹੋ ਗਈਆਂ। ਗੁਰੂ ਬਾਲਕ ਸਿੰਘ ਜੀ ਦਾ ਪਹਿਰਾ ਸਹਿਜਧਾਰੀ ਸਿਖੀ ਵਾਲਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਕੇਸਾਧਾਰੀ ਅਤੇ ਪੰਜ ਕਕਾਰਾਂ ਦੀ ਰਹਿਤ ਧਾਰਨ ਵਾਲੀ, ਦਸਵੇਂ ਪਾਤਸ਼ਾਹ ਜੀ ਵਾਲੀ ਸਿਖੀ ਸੀ। ਇਸ ਲਈ ਫੁਰਨੇ ਖਲੋਣ ਬਾਅਦ ਬਿਰਤੀ ਇਸਥਿੱਤ ਹੋਣ ਸਦਕਾ, ਬਾਬਾ



Namdhari Elibrary NamdhariElibrary@gmail.com

ਗਿੱਲ ਨੂੰ, ਦੋਬਾਰਾ ਠਾਕੁਰ ਜੀ ਦੀ ਮੂਰਤੀ ਤੇ ਨਿਸ਼ਚਾ ਲਿਆਉਣ ਵਾਲਾ, ਗੁਰੂ ਬਾਲਕ ਸਿੰਘ ਜੀ ਦਾ ਪਹਿਲਾ ਬਚਨ ਸੱਤ ਹੁੰਦਾ ਮਲੂਮ ਹੋਇਆ। ਇਸੇ ਉਚੀ ਅਵਸਥਾ ਵਿਚ ਆਪ ਨੇ ਉਸੇ ਸਮੇਂ ਕਛਹਿਰੇ ਧਾਰਨ ਕਰ ਲਏ। ਮੱਖਣ ਸ਼ਾਹ ਲੁਬਾਣੇ ਜਿਉਂ ਹੋਕਾ ਵੀ ਦੇਣ ਲੱਗ ਪਏ-

"ਫੇਰ ਬਾਬੇ ਜਮੀਤ ਸਿੰਘ ਜੀ ਬਚਨ ਕੀਤਾ ਭੁੱਲੀਏ ਸੰਗਤੇ ਗੁਰੂ ਲੱਭਾ ਹੈ। ਏਹੀ ਕਲਕੀ ਅਵਤਾਰ ਗੁਰੂ ਹੈ, ਬਾਰ੍ਹਵਾਂ ਗੁਰੂ ਜਿਸਦਾ ਜੱਸ ਵੇਦ ਪੁਰਾਨ ਗਾਇ ਰਹੇ ਹੈਂ। ਏਹੀ ਠਾਕੁਰ ਅਬਿਨਾਸ਼ੀ ਹੈਨ। ਅੱਗੇ ਮੈਂ ਗੁਰਭਾਈ ਜਾਣਦਾ ਸੀ, ਹੁਣ ਗੁਰੂ ਜਾਣਿਆ ਹੈ। ਸਤਿਗੁਰੂ ਜੀ ਬੋਲਾ ਕੀਤਾ ਕਿ ਮਾਰਿਆ ਹੈ ਵੱਡਾ ਸਿਰਕੋਪ। ਸਿਘਾਂ ਪੁੱਛਿਆ ਜੀ ਕੇਹੜਾ ਵੱਡਾ ਸਿਰਕੋਪ? ਬਚਨ ਕੀਤਾ ਜਮੀਤ ਸਿੰਘ ਮੈਨੂੰ ਗੁਰੂ ਭਾਈ ਜਾਣਦਾ ਸੀ, ਅੱਜ ਗੁਰੂ ਰੂਪ ਜਣਿਆ ਹੈ। ਏਹੀ ਸਿਰਕੋਪ ਹੈ।"[੧੧]

ਇੱਥੇ ਹੀ ਫਿਰ ਗੁਰ ਮਰਿਆਦਾ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ, ਬਾਬਾ ਜਮੀਅਤ ਸਿੰਘ ਤੇ ਹੋਰਨਾਂ ਅਭਿਲਾਖੀਆਂ ਨੂੰ ਛਕਾਇਆ ਗਿਆ। "ਸ੍ਰੀ ਸਤਿਗੁਰੂ ਜੀ ਹੁਕਮ ਇਹ ਸੁਣਾਇਆ ਜੋ ਮੰਦਾ ਕਰਮ ਕਰਨ ਵਾਲਾ ਹੈ ਭਾਵੇਂ ਸਿੰਘ ਹੋਏ ਭਾਵੇਂ ਸਿੰਘਣੀ ਹੋਏ, ਸੋ ਮੈਨੂੰ ਮੂਲ ਨਹੀਂ ਭਾਂਵਦਾ। ਜੋ ਅਗਲੇ ਮਾੜੇ ਕਰਮ ਹੈਨ ਸੋ ਸਾਰੇ ਬਖਸ਼ੇ ਹੈਂ। ਅੱਗੇ ਜੋ ਮਾੜਾ ਕਰਮ ਨਾ ਕਰੇ ਸੋ ਸਾਨੂੰ ਅੱਛਾ ਲੱਗਦਾ ਹੈ ਤੇ ਜੇੜ੍ਹੇ ਸਾਡੇ ਹਟਾਏ ਨਾ ਹਟਣ ਮਾੜੇ ਕਰਮਾਂ ਤੇ ਸੋ ਮਹਾਂਨਰਕ ਚੁਰਾਸੀ ਗੇੜਾ।... ਧਰਮ ਦੀ ਅਦਾਲਤ ਹੋਊਗੀ। ਸਤਿਗੁਰੂ ਜੀ ਬਚਨ ਕੀਤਾ ਵੱਡਾ ਪਾਪ ਗਊ ਬੱਧ ਕਾ ਹੈ ਸੋ ਅਸੀਂ ਬੰਦ ਕਰਾਂਗੇ। ਸਾਰੀ ਧਰਤੀ ਪਰ ਧਰਮ ਚੱਲੇਗਾ। ਰਾਜਾ ਪਰਜਾ ਸਭ ਧਰਮ ਕਮਾਵਣਗੇ, ਝੂਠਿਆਂ ਕੋ ਮਾਰਨਗੇ।"[੧੨] ਇਉਂ ਦੜਪ ਦੀ ਸੰਗਤ ਲਈ ਸ਼ੁਭ ਸਿੱਖਿਆ ਦਾ ਮੁੱਢ ਬੰਨ੍ਹਿਆ ਅਤੇ ਫਿਰ ਥੋਹੜੇ ਸਮੇਂ ਵਿਚ ਹੀ, ਸਿੱਖੀ ਚਾਰ ਚੌਫੇਰੇ ਫੈਲਣ ਲੱਗ ਪਈ। ਬਾਬਾ ਜੀ ਦਾ ਪਿੰਡ ਦੜਪ ਦੀ ਸਿੱਖੀ ਲਈ ਮੋਹੜੀ ਗੱਡ ਪਿੰਡ ਬਣ ਗਿਆ। ਪੰਜਾਬ ਸਰਕਾਰ ਦੀ ੧੮੬੭ ਈ. ਦੀ ਰੀਪੋਰਟ ਵਿਚ, ਸਿਆਲਕੋਟ ਜ਼ਿਲ੍ਹੇ ਵਿਚ ਬਾਬਾ ਜਮੀਅਤ ਸਿੰਘ ਦੁਆਰਾ, ਵਿਆਪਕ ਸਤਰ ਤੇ ਪਰਚਾਰ ਕਰਨ ਤੋਂ ਘਬਰਾ ਕੇ ਸਰਕਾਰ ਵਲੋਂ ਕੂਕਾ ਇਕੱਠਾਂ ਤੇ ਪਾਬੰਦੀ ਲਾਏ ਜਾਣ ਦਾ ਉਲੇਖ ਮਿਲਦਾ ਹੈ, ਕਿਉਂਕਿ ਬਾਕੀ ਪੰਜਾਬ ਜਿਉਂ ਸਿਆਲਕੋਟ ਦੇ ਸਖਾਣਾ ਪਿੰਡ ਵਿਚ ਵੀ ਮੜ੍ਹੀਆਂ ਗੋਰਾਂ ਢਾਹੇ ਜਾਣ ਦੀ ਤਰਜ਼ ਤੇ ਕੁਝ ਮਕਬਰੇ ਡੇਗੇ ਗਏ ਸਨ ਤੇ ਸਰਕਾਰ ਨੇ ਪਰਸ਼ਾਸਨ ਨੂੰ ਸਥਿਤੀ ਕਾਬੂ ਵਿਚ ਰੱਖਣ ਲਈ, ਇਹਤਿਆਤੀ ਕਦਮ ਚੁੱਕਣ ਦੀ ਰਾਇ ਦਿੱਤੀ ਸੀ - 'ਸਿਆਲਕੋਟ ਵਿਚ ਡਿਪਟੀ ਕਮਿਸ਼ਨਰ ਮਰਸਰ ਨੇ, ਉਸਨੂੰ ਸੂਚਿਤ ਕਰ ਕੇ ਇਜਾਜ਼ਤ ਲਏ ਬਿਨਾਂ ਕੂਕਾ ਇਕੱਠਾਂ ਤੇ ਪਾਬੰਦੀ ਲਾ ਦਿੱਤੀ ਸੀ। ਇਸ ਜ਼ਿਲ੍ਹੇ ਵਿਚ ਫਿਰਕੇ ਦਾ ਮੁਖੀ ਸੂਬਾ ਜਮੀਅਤ ਸਿੰਘ ਹੈ। ਸਿਤੰਬਰ (੧੮੬੭ ਈ.) ਵਿਚ, ਕਿਲਾ ਸੋਭਾ ਸਿੰਘ ਵਿਚ ਇਕ ਸਭਾ ਬਿਨਾਂ ਮਨਜ਼ੂਰੀ ਤੋਂ ਕੀਤੀ ਗਈ ਜਿਸ ਵਿਚ ਲੁਧਿਆਣੇ ਤੋਂ ਆਏ ਸੱਤ ਕੂਕਿਆਂ ਨੇ ਭਾਗ ਲਿਆ। ਅਤੇ (ਪੁੱਛਣ ਤੇ) ਦੱਸਿਆ ਕਿ ਉਹਨਾਂ ਨੇ ਹੈਜ਼ੇ ਦੀ ਰੋਕਥਾਮ ਦੇ ਇਕੱਠ ਵਜੋਂ ਇਹ (ਪ੍ਰਾਰਥਨਾ) ਸਭਾ ਕੀਤੀ ਹੈ।'[੧੩] ੧੮੬੭ ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਤੇ ਬਾਬਾ ਜਮੀਅਤ ਸਿੰਘ ਦੇ ਪੁੱਜਣ ਦਾ ਵੇਰਵਾ ਨਹੀਂ ਮਿਲਦਾ। ਪ੍ਰੰਤੂ ਇਸੇ ਵਰ੍ਹੇ ਦੇ ਦੀਵਾਲੀ ਦੇ ਮੌਕੇ ਹੋਏ ਅੰਮ੍ਰਿਤਸਰ ਵਿਚਲੇ ਵਿਸ਼ਾਲ ਇਕੱਠ ਵਿਚ ਬਾਬਾ ਜੀ ਹਾਜ਼ਰ ਸਨ। ਸਰਕਾਰੀ ਰੀਕਾਰਡ ਵਿਚ ਕੂਕਿਆਂ ਦੀ ਅਲੱਗ ਕਿਸਮ ਦੀ ਸੰਸਥਾ ਦੀ ਪੁਲੀਸ ਦੀ ਖੁਫੀਆ ਰੀਪੋਰਟ, ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮੈਕਨਾਬ ਵਲੋਂ ੧੫ ਅਪ੍ਰੈਲ ੧੮੬੩ ਈ. ਨੂੰ ਭੇਜੀ ਗਈ ਸੀ ਜਿਸ ਵਿਚ ਲੁਧਿਆਣਾ ਜ਼ਿਲ੍ਹੇ ਦੇ ਇਕ ਵਡੇਰੀ ਉਮਰ ਦੇ ਵਿਅਕਤੀ ਜਿਹਨੂੰ "ਭਾਈ" ਕਿਹਾ ਜਾਂਦਾ ਸੀ ਦਾ ੨੦੦ ਲੋਕਾਂ ਨਾਲ ਸਿਆਲਕੋਟ ਭਰਮਣ ਦਾ ਜ਼ਿਕਰ ਸੀ। ਜਿਹੜੇ ਰਾਤ ਨੂੰ ਬੰਦੂਕਾਂ ਦੀ ਥਾਂ ਲਾਠੀਆਂ ਨਾਲ ਕਵੈਦ ਕਰਦੇ ਸਨ ਅਤੇ ਦਮਗਜਾ ਮਾਰਦੇ ਸਨ ਕਿ ਉਹਨਾਂ ਦੇ ੫੦੦੦ ਪੈਰੋਕਾਰ ਹਨ। ਉਹ ਕਿਸੇ ਹਾਕਮ ਨੂੰ ਨਹੀਂ ਮੰਨਦੇ। ਅਤੇ ਔਰਤਾਂ ਸਮੇਤ ਭਾਰੀ ਤਾਮਝਾਮ ਨਾਲ ਅੰਮ੍ਰਿਤਸਰ ਦੀ ਵੈਸਾਖੀ ਤੇ ਪੁੱਜਣ ਵਾਲੇ ਸਨ।[੧੪]

ਜਨਵਰੀ ੧੮੬੯ ਈ. ਵਿਚ ਮਾਘੀ ਦਾ ਮੇਲਾ, ਸਤਿਗੁਰੂ ਜੀ ਨੇ ਅੰਮ੍ਰਿਤਸਰ ਦੀ ਦੀਪਮਾਲਾ ਮਨਾਉਣ ਤੋਂ ਬਾਅਦ, ਮਾਝੇ, ਲਾਹੌਰ, ਗੁਜਰਾਂਵਾਲੇ, ਦੇ ਦੌਰੇ ਤੋਂ ਬਾਅਦ, ਸਿਆਲਕੋਟ ਦਾ ਦੌਰਾ ਕਰਦਿਆਂ ਸੰਗਤਾਂ ਸਮੇਤ ਗਿੱਲ ਪਿੰਡ ਵਿਖੇ ਬਾਬਾ ਜਮੀਅਤ ਸਿੰਘ ਹੋਰਾਂ ਪਾਸ ਹੀ ਮਨਾਇਆ। ਇਸ ਤੋਂ ਬਾਦ ਵੀ ਦੜਪ ਬਾਰ ਅਤੇ ਨੱਕੇ, ਮਾਝੇ ਦੇ ਇਲਾਕੇ ਨੂੰ ਤਾਰਦਿਆਂ ਆਪ ਨੇ ਮਾਨਾਂ ਵਾਲਾ ਕਾਲਰ (ਸਿਆਲਕੋਟ) ਵਿਖੇ ਇਸੇ ਵਰ੍ਹੇ ਦਾ ਹੋਲਾ ਮਹੱਲਾ ਪੁਰਬ ਸ. ਹੀਰਾ ਸਿੰਘ ਮਾਨ ਪਾਸ ਮਨਾਇਆ ਸੀ। ਗਿੱਲਾਂ ਦੀ ਮਾਘੀ ਸਮੇਂ ਸ੍ਰੀ ਆਦਿ ਗਰੰਥ ਸਾਹਿਬ ਦਾ ਭੋਗ ਪਾਇਆ। ਇੱਥੇ ਹੀ ਬੀਬੀਆਂ ਦੇ ਹੱਥੋਂ ਗਲੋਂ ਗਾਨੀਆਂ, ਮਣਕੇ, ਪਹੁੰਚੀਆਂ ਆਦਿ ਲੁਹਾ ਕੇ ਉਹਨਾਂ ਨੂੰ ਗੁਰਸਿੱਖ ਰਹਿਤ ਮਰਿਆਦਾ ਵਿਚ ਪਰਪੱਕ ਕੀਤਾ। "ਬਡੀਆਂ ਖੁਸ਼ੀਆਂ ਨਾਲ ਮੇਲਾ ਹੋਇਆ। ਜੇੜ੍ਹਾ ਦਰਸ਼ਨ ਕਰਦਾ ਹੈ ਸੋ ਮੋਹਿਆ ਜਾਂਦਾ ਹੈ। ਜੈਸੇ ਬੰਸੁਰੀ ਕੀ ਧੁਨ ਸੁਨਕੇ ਗੋਪੀਆਂ ਅਰ ਪੰਛੀ ਮੋਹੇ ਜਾਂਦੇ ਸੇ, ਇਸੀ ਤਰ੍ਹਾਂ ਜੀਆਂ ਕੇ ਦਿਲ ਮੋਹੇ ਜਾਂਦੇ ਹੈਂ।"



Namdhari Elibrary NamdhariElibrary@gmail.com

ਇਸ ਮੇਲੇ ਤੇ ਪਕੌੜੇ ਬਣੇ ਸਨ ਜੋ ਸਤਿਗੁਰੂ ਜੀ ਵਰਤਾਉਂਦੇ ਸਨ। ਬਾਬਾ ਜੀ ਨਾਲ ਵੱਖਰਾ ਰਿਸ਼ਤਾ ਰੱਖਣ ਲਈ, ਕੁਝ ਉਸ ਦੇ ਸੰਕਲਪ ਸਦਕਾ, ਉਹਨੂੰ ਮਿਸ਼ਰੀ ਮੰਗਵਾ ਕੇ ਦਿੱਤੀ। ਫਿਰ ਜਮੀਅਤ ਸਿੰਘ ਹੋਰਾਂ ਨੂੰ ਪੂਰਾ ਬਣ ਫੱਬ ਕੇ ਸਾਫ ਸੁਥਰੇ ਬਸਤਰ ਰੱਖ ਕੇ ਰਹਿਣ ਲਈ ਕਿਹਾ। ਇਕ ਘੋੜੀ ਚੜ੍ਹਨ ਵਾਸਤੇ ਰੱਖਣ ਅਤੇ ਇਕ ਸੇਵਕ ਨਾਲ ਰੱਖਣ ਦੀ ਹਦਾਇਤ ਕੀਤੀ। "ਬਾਬੇ ਜਮੀਤ ਸਿੰਘ ਕਹਿਆ ਜੀ ਏਹ ਫੁਰਨੇ ਧੁਆਡੇ ਵਿਚੋਂ ਹੈਨ ਕਿਉਂਕਿ ਮਾਲਕ ਜੋ ਤੂੰ ਹੈਂ। ਮੇਰੇ ਦਾਸ ਪਰ ਮੇਹਰਬਾਨੀ ਰੱਖਣੀ। ਜੈਸਾ ਕਹਿੰਦੇ ਹੋ ਤੁਹਾਡੇ ਪ੍ਰਤਾਪ ਨਾਲ ਐਸਾ ਹੀ ਹੋ ਜਾਊਗਾ। ਸੰਗਤ ਬਹੁਤ ਇਕੱਤਰ ਹੋਈ। ਦੀਵਾਨ ਲੱਗਦਾ ਹੈ, ਸੂਤਰੀਆਂ ਕੋ ਸੂਤਰ ਨਿਕਲਦਾ ਹੈ। ਇਲਾਕੇ ਕੇ ਲੋਕ ਦੇਖਣ ਕੋ ਆਉਂਦੇ ਹੈ। ਸਾਰੇ ਦੇਸ ਮੇਂ ਪੰਥ ਕੀਆ ਖ਼ਬਰਾਂ ਹੋ ਗਈਆਂ। ਐਸੀ ਲੀਲਾ ਰਚੀ, ਸਿੰਘ ਦੇਖ ਕੇ ਖੁਸ਼ ਹੋਏ।"[੧੫]

ਇਸ ਹੋਲੇ ਤੋਂ ਬਾਅਦ ਜਦੋਂ ਸਤਿਗੁਰੂ ਜੀ ਕਿਲਾ ਸੁਬਾ ਸਿੰਘ ਵਾਲਾ ਵਿਖੇ ਗਏ ਤਾਂ ਇਕ ਸ਼ਾਹੂਕਾਰ ਸ੍ਰੀ ਰਾਧੇ ਸ਼ਾਹ ਦੇ ਘਰ ਹਜ਼ੂਰ ਦਾ ਲੰਗਰ ਹੋਇਆ। ਉਹਨੇ ਸਤਿਗੁਰਾਂ ਪਾਸ ਪੁੱਤਰ ਦੀ ਮੰਗ ਕੀਤੀ। ਸਮਾਂ ਪਾ ਕੇ ੧੮ ਜਨਵਰੀ ੧੮੭੭ ਰਾਧੇਸ਼ਾਹ ਦੇ ਘਰ ਇਕ ਬਾਲਕ ਪੈਦਾ ਹੋਇਆ ਜੋ ਕਾਲਾਂਤਰ ਵਿਚ ਸੰਤ ਹਰਨਾਮ ਸਿੰਘ ਕਿਲੇ ਵਾਲੇ ਦੇ ਤੌਰ ਤੇ ਪ੍ਰਸਿੱਧ ਹੋਏ। ਇਸੇ ਸ਼ਾਹ ਦੇ ਘਰ ਸੰਤ ਬਾਬਾ ਮੱਲਾ ਸਿੰਘ ਜੋ ਗਿੱਲ ਪਿੰਡ ਦੇ ਹੀ ਨਿਵਾਸੀ ਜੱਟ ਸਿੱਖ ਸਨ-ਤੇ ਬਾਬਾ ਜਮੀਅਤ ਸਿੰਘ ਦੇ ਪੁਰਾਣੇ ਸੰਗੀ ਸਨ-ਲੰਮਾ ਸਮਾਂ ਰਾਧੇ ਸ਼ਾਹ ਦੇ ਸਮੇਂ ਤੇ ਬਾਦ ਵਿਚ ਵੀ ਉਸਦੇ ਪਰਿਵਾਰ ਦੀ ਧੀਰਜ ਹਿੱਤ ਟਿਕੇ ਰਹੇ।

ਫਿਰ ਆਪ ਦੇ ਹਾਲਾਤ ਐਸੇ ਬਣੇ ਕਿ ਇਕ ਵੇਰ ਕਮਾਦ ਦੇ ਵੱਢ ਵਿਚ ਸਤਿਗੁਰੂ ਜੀ ਦੀ ਯਾਦ ਵਿਚ ਬੈਠੇ ਸਨ। ਪੈਰੋਂ ਨੰਗੇ ਸਨ। ਦੜਪ ਦਾ ਦੌਰਾ ਕਰਦੇ ਸਤਿਗੁਰੂ ਜੀ ਆ ਗਏ, ਜਿੱਥੇ ਬਾਬਾ ਜੀ ਬੈਠੇ ਸਨ ਉੱਥੇ ਚੀਨੀ ਘੋੜੀ ਲੈ ਆਏ। ਬਾਬਾ ਜੀ ਮਸਤੀ ਵਿਚ ਘੁੰਮਰ ਪਾਉਣ ਲੱਗ ਪਏ ਅਤੇ ਚੀਨੀ ਘੋੜੀ ਦੇ ਗਿਰਦ ਚੱਕਰ ਬੰਨ੍ਹ ਲਿਆ। ਚਰਨ ਲਹੂ ਲੁਹਾਣ ਹੋ ਗਏ ਕਮਾਦ ਦੇ ਬੁੱਥੇ ਵੱਜ ਵੱਜ ਕੇ। ਬਸਤਰ ਲੀਰੋ ਲੀਰ ਹੋ ਗਏ। ਵਾੜ ਦੇ ਛਾਪਿਆਂ ਨਾਲ ਅੜ ਅੜ ਕੇ। ਸਤਿਗੁਰੂ ਜੀ ਨੇ ਘੋੜੀ ਤੋ ਉਤਰ ਕੇ ਜੱਫੀ ਵਿਚ ਲੈ ਕੇ ਸ਼ਾਂਤੀ ਬਖੇਸ਼ੀ। ਨਾਮ ਦੀ ਰੰਗਣ ਵਿਚ ਸਾਰੀ ਸਾਰੀ ਰਾਤ ਬੰਦਗੀ ਕਰਦੇ। ਸੱਚ ਦਾ ਪੱਲਾ ਤਾਅ ਉਮਰ ਨਹੀਂ ਛੱਡਿਆ। ਸਰੀਕਾਂ ਨਾਲ ਲੜਾਈ ਹੋ ਗਈ। ਆਪ ਦਾ ਨਾਮ ਵੀ ਵਿਚ ਆ ਗਿਆ। ਜੱਜ ਆਖੇ ਬਾਬਾ ਜੀ ਥੋਹੜੇ ਜਹੇ ਬਿਆਨ ਬਦਲ ਲਉ, ਮੈਂ ਤੁਹਾਨੂੰ ਬਰੀ ਕਰ ਦਿਆਂਗਾ। ਕਹਿਣ ਲੱਗੇ ਜਿੰਨਾ ਕੁ ਮੈਂ ਗੁਨਾਹੀ ਹਾਂ ਉਹ ਤੇ ਰਹਵਾਂਗਾ ਹੀ ਝੂਠ ਕਿਉਂ ਬੋਲਾਂ। ਪੰਜਾਹ ਰੁਪੈ ਜੁਰਮਾਨਾ ਕਰਵਾਇਆ ਬਿਆਨ ਨਾ ਬਦਲੇ। ਆਪ ਦੇ ਡੇਰੇ ਤੇ, ਆਪ ਦੀ ਆਯੂ ਪ੍ਰਯੰਤ ਹੀ, ਸੰਤ ਮੰਡਲੀ ਜੁੜੀ ਰਹਿੰਦੀ ਸੀ। ਸੰਤ ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਕੇਸਰ ਸਿੰਘ ਜੀ ਚੁੱਪ ਸੇਖਵਾਂ ਵਾਲੇ ਇਸ ਮੰਡਲੀ ਦੇ ਸ਼ਿੰਗਾਰ ਸਨ। ਹਰ ਵਸਤੂ ਦੀ ਲੋੜ ਤੋਂ ਵੱਧ ਵਰਤੋਂ ਕਰਨ ਦੇ ਖਿਲਾਫ ਸਨ। ਜੇ ਕੋਈ ਅੱਧਾ ਪਰਸ਼ਾਦਾ ਮੰਗੇ ਤਾਂ ਸਾਰਾ ਦੇਣ ਵਾਲੇ ਸਿੱਖ ਨੂੰ ਘੂਰਦੇ ਸਨ। ਦੀਵੇ ਦੀ ਬਤੀ ਵੀ ਬਰੀਕ ਵੱਟਦੇ ਅਤੇ ਕਹਿੰਦੇ ਮਕਸਦ ਤਾਂ ਹਨੇਰਾ ਦੂਰ ਕਰਨਾ ਹੈ। ਮਸਤਾਨੇ ਸਿੱਖਾਂ ਨੂੰ ਗੋਦ ਵਿਚ ਲੈ ਕੇ ਪ੍ਰੇਮ ਕਰਦੇ ਅਤੇ ਪੰਜਾਂ ਡਾਕੂਆਂ ਤੋਂ ਬਚੇ ਰਹਿਣ ਦਾ ਸ਼ੁਭ ਉਪਦੇਸ਼ ਦਿੰਦੇ।[੧੬]

ਸ੍ਰੀ ਸਤਿਗੁਰੂ ਜੀ ਦੇ ਪਰਦੇਸ ਗਵਨ ਕਰਨ ਬਾਅਦ, ਨਾਮਧਾਰੀ ਪੰਥ ਨੂੰ ਸਰਕਾਰ ਵਲੋਂ ਅਤੇ ਸਰਕਾਰ ਪ੍ਰਸਤ ਸਿੱਖ ਤਖ਼ਤਾਂ ਅਤੇ ਗੁਰਧਾਮਾਂ ਦੇ ਪੁਜਾਰੀਆਂ ਵਲੋਂ, ਬਹੁਤ ਜ਼ਿਆਦਾ ਪਰਤਾੜਿਤ ਕੀਤਾ ਜਾਂਦਾ ਸੀ। ਇਸ ਸਮੇਂ ਬਹੁਤ ਸਿਰੜੀ ਅਤੇ ਸਿਦਕ ਦੇ ਪੱਕੇ ਲੋਕ ਹੀ ਨਾਮਧਾਰੀ ਰਹਿ ਸੱਕੇ ਸਨ। ਇਸ ਸਮੇਂ ਵਿਚ ਬਾਬਾ ਜਮੀਅਤ ਸਿੰਘ ਦੜਪ ਦੇ ਇਲਾਕੇ ਵਿਚ ਨਾਮਧਾਰੀ ਸੰਗਤ ਲਈ ਇਕ ਵੱਡੀ ਧਰਵਾਸ ਸਨ। ਪਰਦੇਸ ਤੋਂ ਬਹੁਤ ਸਾਰੇ ਸਿੱਖ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਹੁਕਮਨਾਮੇ ਲੈ ਕੇ ਆਉਂਦੇ ਰਹੇ। ਭਾਈ ਦੇਵਾ ਸਿੰਘ ਰਾਮਗੜ੍ਹੀਏ ਜੋ ਲਹੌਰ ਸ਼ਹਿਰ ਦੀ ਨਾਮਧਾਰੀ ਸੰਗਤ ਦੇ ਆਗੂ ਸਨ, ਫੱਤੇਵਾਲ (ਅੰਮ੍ਰਿਤਸਰ) ਦੇ ਭਾਈ ਕਾਲਾ ਸਿੰਘ ਪੁੱਤਰ ਹਰਦਿਤ ਸਿੰਘ ਆਹਲੂ ਵਾਲੀਏ ਦੇ ਨਾਲ, ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗਏ ਤਾਂ ਇਹਨਾਂ ਹੱਥ ਭੇਜੇ ਗਏ ਹੁਕਮਨਾਮੇ ਵਿਚ, ਸਤਿਗੁਰੂ ਜੀ ਪਹਿਲਾਂ ਗੁਰੂ ਬਾਲਕ ਸਿੰਘ ਜੀ ਪ੍ਰਤੀ ਕਿਤੱਗਤਾ ਪ੍ਰਗਟ ਕਰਦੇ ਹਨ-

"ਹੋਰ ਭਾਈ ਮੈ ਤਾ ਬਹੁਤ ਉਪਾਉ ਕਹਿ ਕੇ ਦੇਖ ਰਿਹਾ ਹਾਂ ਪਰ ਮੈਨੂੰ ਤਾਂ ਕਿਤੇ ਬੀ ਨਹੀਂ ਸੁਖੁ ਹੋਇਆ। ਨਾ ਤਨ ਕਰਕੇ ਨਾ ਧਨਿ ਕਰਕੇ ਹੀ। ਪਰ ਜਦ ਗੁਰੂ ਬਾਲਕ ਸਿੰਘ ਜੀ ਨੇ ਨਾਮ ਦਾ ਦਾਨੁ ਦਿੱਤਾ, ਸਾਰੇ ਈ ਸੁਖ ਹੋਇ ਗਏ, ਤਨ ਦੇ ਬੀ ਤੇ ਮਨ ਦੇ ਬੀ, ਧਨ ਦੇ ਬੀ।"

"ਐਥੇ ਦੇਖੋ ਬਹੁਤ ਬੁਰੀ ਜਾਗਾ ਹੈ, ਕੈਦ ਕਾਲਾ ਪਾਣੀ। ਪਰ ਨਾਮ ਦਾ ਐਸਾ ਪਰਤਾਪੁ ਹੈ, ਏਥੇ ਬੀ ਅਸੀਂ ਬਡੇ ਰਾਜੀ ਹਾ। ਅੰਬੀਰੀ ਬੀ ਤੇ ਫਕੀਰੀ ਬੀ, ਦੋਮੈ ਬ੍ਰਾਬਰ ਬਣੀਆ ਹੋਈਆ ਹੈ। ਕਿਸੇ ਬਾਤ ਦੀ ਬੁਝਿ ਨਹੀ ਇਕ ਸੰਗਤ ਦੇ ਦਰਸਨ ਤੇ ਬਿਨਾ।"

ਇਸੇ ਹੁਕਮਨਾਮੇ ਦੇ ਅਖੀਰੀ ਭਾਗ ਵਿਚ, ਗੁਰੂ-ਬਾਲਕ



Namdhari Elibrary NamdhariElibrary@gmail.com

ਸਿੰਘ ਜੀ ਤੋਂ ਵਰੋਸਾਏ, ਮਹਾਨ ਸੰਤ ਬਾਬਾ ਜਮੀਅਤ ਸਿੰਘ ਨੂੰ ਨਾ ਸਿਰਫ ਯਾਦ ਕਰਦੇ ਹਨ, ਸਗੋਂ ਆਪਣੇ ਹੋਰ ਹੁਕਮਨਾਮੇ ਵੀ ਉਹਨਾਂ ਤਕ ਪੁਚਾਉਣ ਦੀ ਸਿੰਘਾਂ ਨੂੰ ਤਾਗੀਦ ਕਰਦੇ ਹਨ। ਜਿਹਲ ਜੀਵਨ ਦੇ ਅਨੇਕਾਂ ਸਾਲ ਬੀਤਣ ਬਾਅਦ ਵੀ ਜਿਹੜੇ ਮਿੱਤਰ ਪਿਆਰੇ, ਸੰਗੀ-ਸਾਥੀ ਸਤਿਗੁਰੂ ਜੀ ਦੇ ਧਿਆਨ ਵਿਚ ਵੱਸਦੇ ਹਨ, ਬਾਬਾ ਗਿੱਲ ਉਹਨਾਂ ਵਿਚੋਂ ਇਕ ਹਨ-

"ਅਗੇ ਦੇਵਾ ਸਿੰਘ ਤੈਨੂੰ ਥੋੜੀ ਬਿਹਾਰ ਦੀ ਬਾਤ ਲਿਖਦੇ ਹਾਂ। ਭਾਈ ਕਾਲਾ ਸਿੰਘ ਤੂੰ ਭਾਈ ਜਮੀਤ ਸਿੰਘ ਨੂੰ ਸਾਡੀ ਫਤੇ ਬੁਲਾਈ ਹਥਿ ਜੋੜ ਕੇ, ਨਾਲੇ ਜੋ ਤੇਰੇ ਪਾਸ ਹਰਿਦਾਸਾ ਹੋਣਿ, ਸੋ ਭਾਈ ਜਮੀਤ ਸਿੰਘ ਨੂ ਸੁਣਾ ਦੇਈ।"[੧੭]

ਦੜਪ ਦੀ ਸਾਰੀ ਸੰਗਤ ਦਾ ਹਾਲ ਚਾਲ ਜਾਨਣ ਲਈ ਵੀ ਹਜ਼ੂਰ ਬਹੁਤ ਉਤਸੁਕਤਾ ਵਿਖਾਉਂਦੇ ਹਨ ਆਪਣੇ ਬੰਦੀ ਜੀਵਨ ਸਮੇਂ। ਦੜਪ, ਜਿਥੇ ਉਹਨਾਂ ਦਾ ਸੈਨਿਕ ਜੀਵਨ ਅਤੇ ਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਜਾਣ ਸਮੇਂ ਦਾ ਹਮਰਾਜ਼, ਬਾਬਾ ਜਮੀਅਤ ਸਿੰਘ ਬੈਠਾ ਹੈ। ਬਾਬਾ ਜੀ ਕਰਕੇ ਸਾਰੀ ਦੜਪ ਸਤਿਗੁਰੂ ਜੀ ਦੇ ਧਿਆਨ ਵਿਚ ਆ ਰਹੀ ਹੈ। ਇਕ ਹੋਰ ਪ੍ਰਸਿੱਧ ਕੂਕਾ ਆਗੂ, ਮਾਝੇ ਦੇ ਨਾਇਬ ਸੂਬੇ, ਭਾਈ ਬਘੇਲ ਸਿੰਘ ਨਾਰਲੀ ਨੂੰ ਮੁਖਾਤਿਬ ਹੁਕਮਨਾਮੇ ਵਿਚ ਪੁੱਛਦੇ ਹਨ।

"ਹੋਰੁ ਕੁਛੁ ਦੜਪਿ ਦੀ ਖਬਰ ਹੋਵੇ, ਸੰਗਤਿ ਭਜਨੁ ਬਾਣੀ ਕੁਛ ਕਰਦੀ ਹੈ ਕੇ ਨਾਹੀ। ਸਾਰੇ ਹਵਾਲੁ ਸਾਨੂ ਲਿਖ ਕੇ ਦੇਹਿ ਇਕ ਬਾਰੀ।"[੧੮]

੧੯੯੨ ਈ. ਦੀ ਦੀਪਮਾਲਾ ਤੋਂ ਥੋਹੜਾ ਸਮਾਂ ਬਾਅਦ ਗੁਰੂ ਹਰੀ ਸਿੰਘ ਜੀ ਨੂੰ ਪਹਿਲੀ ਵੇਰ ਜ਼ਿਲ੍ਹਾ ਅੰਮ੍ਰਿਤਸਰ ਦਾ ਦੌਰਾ ਕਰਨ ਦੀ ਆਗਿਆ ਮਿਲੀ ਸੀ। ਇਹ ਦੌਰਾ ਕਰਦਿਆਂ ਗੁਰੂ ਜੀ ਨੂੰ ਫੱਤੇਵਾਲ (ਤਹਿਸੀਲ ਅਜਨਾਲਾ) ਰਾਵੀ ਦੇ ਕੰਢੇ ਪਿੰਡ ਪੁੱਜੇ। ਦੂਸਰੇ ਪਾਸੇ ਬਾਠਾਂ ਵਾਲਾ (ਸਿਆਲਕੋਟ) ਪਿੰਡ ਸੀ। ਉਥੋਂ ਦੀ ਸੰਗਤ ਲੰਗਰ ਕਰਨਾ ਚਾਹੁੰਦੀ ਸੀ। ਮਨਜ਼ੂਰੀ ਉਸ ਜ਼ਿਲ੍ਹੇ ਦੀ ਨਹੀਂ ਸੀ। ਸੋ ਗੁਰੂ ਜੀ ਨੇ ਉਹਨਾਂ ਨੂੰ ਕਿਹਾ ਤੁਸੀਂ ਆਪਣੀ ਰਸਤ ਲੈ ਕੇ ਫੱਤੇਵਾਲ ਆ ਜਾਉ। ਲੰਗਰ ਉੱਥੇ ਹੀ ਹੋ ਗਿਆ। ਇਸੇ ਸਮੇਂ ਬਾਬਾ ਜਮੀਅਤ ਸਿੰਘ ਜੀ ਨੂੰ ਵੀ ਗੁਰੂ ਜੀ ਦੇ ਦੌਰੇ ਦੀ, ਅਤੇ ਮਾਝੇ ਵਿਚ ਸੰਗਤ ਦੇ ਇਕੱਠ ਹੋਣ ਦੀ ਖਬਰ ਪਹੁੰਚੀ। ਜਦੋਂ ਬਾਬਾ ਜੀ ਭੈਣੀ ਸਾਹਿਬ ਜਾਇਆ ਕਰਦੇ ਸਨ, ਗੁਰੂ ਹਰੀ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਰੇ ਹੇਠ, ਬੁੱਧ ਸਿੰਘ ਨਾਮ ਹੇਠ ਗੁਮਨਾਮੀ ਦਾ ਜੀਵਨ ਬਿਤਾਉਂਦੇ ਸਨ ਸੋ ਬਾਬਾ ਜੀ ਨੇ ਆਪਣੇ ਸੇਵਕਾਂ ਸਾਉਣ ਸਿੰਘ ਸੱਦੋਵਾਲੀਏ, ਮਿੱਤ ਸਿੰਘ ਜਿਉਣ ਭਿੰਡਰੀਏ ਆਦਿ ਨੂੰ ਸੱਦ ਕੇ ਕਿਹਾ ਕਿ ਸਤਿਗੁਰੂ ਜੀ ਦਾ ਕੋਈ ਭਾਈ ਦੌਰੇ ਕਰ ਰਿਹਾ ਹੈ। ਪਤਾ ਤੇ ਕਰੀਏ ਕੀ ਖੇਡ ਹੈ। ਉਹਨਾਂ ਨਾਲ ਰਾਇ ਕਰਕੇ ਗੰਗਾ ਸਿੰਘ ਲਾਲੇਵਾਲੀਏ ਨੂੰ ਵੀ ਸੱਦ ਲਿਆ। ਗੰਗਾ ਸਿੰਘ ਵੀ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਹਜ਼ਰੋਂ ਸਾਹਿਬ ਜਾਇਆ ਕਰਦੇ ਸਨ। ਗੰਗਾ ਸਿੰਘ ਹੋਰਾਂ ਨੇ ਬਾਬੇ ਗਿੱਲ ਦੇ ਪ੍ਰਸ਼ਨ ਤੇ ਕੁਝ ਚੇਤਾ ਕਰਦਿਆਂ ਆਖਿਆ "ਸੰਤ ਜੀ ਕਰੋ ਯਾਦ। ਜਦੋਂ ਆਪਾਂ ਗੁਰੂ ਬਾਲਕ ਸਿੰਘ ਪਾਸ ਹਜ਼ਰੋ ਸਾਹਿਬ ਜਾਂਦੇ ਸਾਂ ਤਾਂ ਉਥੇ ਇਕ ਮਸਤਾਨਾ ਬਾਬਾ ਬੈਂਕਾ ਹੁੰਦਾ ਸੀ। ਉਹ ਮਸਤਾਨਾ ਸ਼ਹਿਰੋਂ ਬਾਹਰ ਉਜਾੜ ਵਿਚ ਤਿੰਨ ਆਸਣ ਵਿਛਾਇਆ ਕਰਦਾ ਸੀ ਤੇ ਫਿਰ ਵਾਰੀ ਵਾਰੀ ਤਿੰਨਾਂ ਆਸਣਾਂ ਵਲ ਹੱਥ ਕਰਕੇ ਕਿਹਾ ਕਰਦਾ ਸੀ "ਆਉ, ਬਾਬਾ ਬਾਲਕ ਸਿੰਘ ਜੀ ਬੈਠੋ! ਆਉ ਬਾਬਾ ਰਾਮ ਸਿੰਘ ਜੀ ਬੈਠੋ!! ਆਓ ਬਾਬਾ ਬੁੱਧ ਸਿੰਘ ਜੀ ਬੈਠੋ!! ਇਸ ਬਚਨ ਨਾਲ ਬਾਬਾ ਜੀ ਨੂੰ ਨਵੀਂ ਗੁਰੂ ਮੂਰਤੀ ਤੇ ਕੁਝ ਪ੍ਰਤੀਤ ਬੱਝਦੀ ਮਹਿਸੂਸ ਹੋਈ। ਗੁਰੂ ਹਰੀ ਸਿੰਘ ਜੀ ਦਾ ਪਹਿਲਾ ਨਾ ਬੁੱਧ ਸਿੰਘ ਹੀ ਸੀ। ਜਦੋਂ ਜਾ ਕੇ ਦਰਸ਼ਨ ਕੀਤੇ ਪਾਸ ਬੈਠੇ ਤਾਂ ਲਾਗੇ ਹੋ ਕੇ, ਹੋਰ ਪ੍ਰੀਖਿਆ ਵਜੋਂ ਬਾਬਾ ਗਿੱਲ ਨੇ ਪੁੱਛਿਆ, "ਸੁਣਾਉ ਪੰਜਾਂ (ਭਾਵ ਪੰਜ ਵਿਕਾਰਾਂ) ਦਾ ਕੀ ਹਾਲ ਜੇ?" ਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ-"ਬਾਬਾ ਜੀ ਜੇ ਇਕ (ਭਾਵ ਮਨ) ਹੀ ਵੱਸ ਵਿਚ ਆ ਜਾਏ ਤਾਂ ਫਿਰ ਸਾਰੇ ਹੀ ਵੱਸ ਆ ਜਾਂਦੇ ਹਨ।" ਬਾਬਾ ਜੀ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਤੇ ਢਹਿ ਪਏ। ਉਹਨਾਂ ਦੀ ਪ੍ਰੀਖਿਆ ਪੂਰੀ ਹੋ ਗਈ ਸੀ।

ਅਗਸਤ ੧੯੯੭ ਈ. ਵਿਚ ੮੪-੮੫ ਸਾਲ ਦੀ ਲੰਮੀ ਉਮਰ ਭੋਗ ਕੇ ਬਾਬਾ ਜਮੀਅਤ ਸਿੰਘ ਆਪਣੇ ਪਿੰਡ ਗਿੱਲ ਵਿਖੇ ਹੀ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਨਾਮਧਾਰੀ ਪੰਥ ਵਿਚ ਸਤਿਕਾਰਤ ਸਥਾਨ ਨੂੰ ਵੇਖਦਿਆਂ, ਅਤੇ ਬਾਬਾ ਜੀ ਦੇ ਸੰਗੀਆਂ ਦੀ ਬੇਨਤੀ ਤੇ ਗੁਰੂ ਹਰੀ ਸਿੰਘ ਜੀ ਨੇ ਬਾਬਾ ਜੀ ਦੇ ਭੋਗ ਮੇਲੇ ਤੇ ਜਾਣ ਲਈ, ਲੁਧਿਆਣੇ ਸਰਕਾਰ ਨੂੰ ਛੁੱਟੀ ਲਈ ਅਰਜ਼ੀ ਦਿੱਤੀ। ਦੋ ਮਹੀਨੇ ਦੀ ਛੁੱਟੀ ਮਿਲ ਗਈ। ਭਾਦਰੋਂ ਦੀ ਪੂਰਨ ਮਾਸੀ ਸੰਬਤ ੧੯੯੪ ਬਿਕਰਮੀ ਮੁਤਾਬਿਕ ੧੧ ਸਿਤੰਬਰ, ੧੯੯੭ ਈ. ਦਿਨ ਸ਼ਨੀਵਾਰ ਨੂੰ ਬਾਬਾ ਜੀ ਨਮਿੱਤ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਭੋਗ ਪਾਇਆ ਗਿਆ। ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ, ਬੀਬੀ ਨੰਦਾ ਵੀ, ਇਸ ਭੋਗ ਮੇਲੇ ਤੇ ਗੁਰੂ ਹਰੀ ਸਿੰਘ ਜੀ ਦੇ ਨਾਲ ਪੁੱਜੇ ਸਨ। ਸਤਿਗੁਰੂ ਜੀ ਅੰਮ੍ਰਿਤਸਰ ਤੱਕ ਰੇਲ੍ਹ ਤੇ ਗਏ। ਅੱਗੋਂ ਪੰਜਾਂ ਟਾਂਗਿਆਂ ਤੇ ਰਾਤ ਰਈਏ ਕੱਟੀ। ਦਰਿਆ ਦਾ ਪੱਤਣ ਲੰਘ ਕੇ। ਤੜਕੇ ਗਿੱਲ ਪਿੰਡ ਪੁੱਜ ਗਏ।

"ਅੱਗੇ ਸੰਗਤਾਂ ਹੀ ਸੰਗਤਾਂ ਦਿਸਣ। ਅਗੇ ਪਿਛੇ ਇਤਨੀ ਸੰਗਤ ਹੋਈ ਕਿ ਯੱਕੇ ਉਤੋਂ ਉਤਰਨ ਭੀ ਨਾ ਦੇਣ। ਧੱਕੇ ਦੇ ਕੇ ਸੰਗਤ ਹਟਾਇਕੇ ਉਤਰੇ। ਜਿਉਂ ਗੁਰੂ ਮਹਾਰਾਜ ਜੀ ਬੈਠੇ



Namdhari Elibrary NamdhariElibrary@gmail.com

ਪਲੰਘ ਤੇ ਡੇਢ ਪਹਿਰ ਤਕ ਸੰਗਤਾਂ ਨੇ ਮੱਥਾ ਟੇਕਿਆ। ਧੱਕੇ ਪਰ ਧੱਕਾ ਵਜੇ। ਬੇਅੰਤ ਸੰਗਤ ਸੀ ਆਈ ਹੋਈ ਦੂਰ ਦੂਰ ਕੀ। ਕਿਉਂਕਿ ਇਕ ਤਾਂ ਬਾਬੇ ਜਮੀਤ ਸਿੰਘ ਕਾ ਚੜ੍ਹਨਾ ਦੂਆ ਗੁਰੂ ਜੀ ਕਾ ਦਰਸ਼ਨ। ਸਵੇਰੇ ਆਸਾ ਕੀ ਵਾਰ ਲਗੀ। ਅਰਦਾਸਾ ਕੀਤਾ। ਪਾਂਚ ਰੁਪਏ ਤੇ ਪੱਗ ਗੁਰੂ ਜੀ ਵੀ ਦਿੱਤੇ। ਬੀਬੀ ਨੰਦਾ ਨੇ ਭੀ ਦਿੱਤੇ ਪਾਂਚ ਰੁਪਏ। ਮੰਗਲ ਸਿੰਘ ਮਹੰਤ ਥਾਪਿਆ। ੧੮੮੧ ਵਾਲੀ ਲਿਸਟ ਮੁਤਾਬਕ ਮੰਗਲ ਸਿੰਘ ਬਾਬਾ ਜੀ ਦੇ ਹੀ ਪਿੰਡ ਗਿੱਲ ਦਾ ਵਾਹੀਵਾਨ ਸਿੰਘ ਸੀ। ਪਿਤਾ ਦਾ ਨਾਮ ਗੰਡਾ ਸਿੰਘ ਸੀ। ਰਿਕਾਰਡ ਵਿਚ ਇਸ ਨੂੰ ਸੂਬਾ ਲਿਖਿਆ ਹੈ। ਬਾਬਾ ਜਮੀਤ ਸਿੰਘ ਦਾ ਪ੍ਰਸਿੱਧ ਸੇਵਕ ਸੀ। ਬਾਬਾ ਜਮੀਤ ਸਿੰਘ ਨੇ ਆਪਣੀਆਂ ਤਾਕਤਾਂ ਬਿਰਧ ਹੋਣ ਬਾਦ ਇਸ ਨੂੰ ਸੌਂਪ ਦਿੱਤੀਆਂ ਸਨ। ਬਾਬਾ ਜੀ ਦੇ ਚਲਾਣੇ ਸਮੇਂ ਇਹਦੀ ਉਮਰ ਪੰਜਾਹ ਸਾਲ ਦੇ ਆਸ ਪ੍ਰਾਸ ਸੀ। ਏਹ ਖੱਤਰੀ ਸਿੰਘ ਸੀ। ਉਸਨੇ ਭੀ ਯਥਾ ਯੋਗ ਭੇਟਾ ਕੀਤੀ। ਦਿੱਤੂ ਰਾਗੀ ਨੇ ਅੰਮ੍ਰਿਤ ਛਕਿਆ, ਗੁਰਦਿਤ ਸਿੰਘ ਨਾਮ ਕੀ ਬਾਰਸ਼ ਹੋਈ। ਬੜੀ ਖੁਸ਼ੀ ਨਾਲ ਮੇਲਾ ਹੋਇਆ। ਭਾਈ ਨੱਥੂ ਕੱਥੂ ਆਦਿਕ ਭੀ ਅੰਮ੍ਰਿਤ ਛਕਿਆ।"[੧੯]

ਇਉਂ ਬਾਬਾ ਜੀ ਨਮਿਤ, ਭੋਗ ਮੇਲੇ ਤੇ ਗੁਰੂ ਹਰੀ ਸਿੰਘ ਜੀ ਨੇ ਰਾਗੀਆਂ ਰਬਾਬੀਆਂ ਨੂੰ ਅੰਮ੍ਰਿਤ ਛਕ ਕੇ ਅਤੇ ਮਾਸ ਸ਼ਰਾਬ ਛੱਡਣ ਦਾ ਪ੍ਰਣ ਕਰਕੇ ਹੀ ਕੀਰਤਨ ਕਰਨ ਲਈ ਹੁਕਮ ਦਿੱਤਾ। ਇਸ ਮੇਲੇ ਸਮੇਂ ਪ੍ਰਸਿੱਧ ਖਾੜਕੂ ਕੂਕਾ, ਭਗਵਾਨ ਸਿੰਘ ਅੜਬੰਗੀ, ਜੋ ਬਾਬਾ ਗਿੱਲ ਦਾ ਸੈਨਿਕ ਜੀਵਨ ਦਾ ਸੰਗੀ ਸੀ, ਵੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸ਼ਾਮਲ ਸੀ।

ਬਾਬਾ ਗਿੱਲ ਦਾ ਪਰਿਵਾਰ ਕੌੜੀ ਵੇਲ ਵਾਂਗੂ ਵਧਿਆ ਹੈ ਜੋ ਹਰਿਆਣਾ ਵਿਚ ਜ਼ਿਲ੍ਹਾ ਸਿਰਸਾ ਦੇ ਕਈ ਪਿੰਡਾਂ ਵਿਚ ਜਿਹਾ ਕਿ ਹਰੀਪੁਰਾ, ਬਹਾਉਦੀਨ ਆਦਿਕ ਅਤੇ ਮੱਧ ਪਰਦੇਸ਼ ਵਿਚ ਵੀ ਆਬਾਦ ਹੈ। ਉਹਨਾਂ ਦੇ ਵੰਸ਼ਿਜ ਸ. ਕਿਰਪਾਲ ਸਿੰਘ ਗਿੱਲ, ਪਿੰਡ ਬਹਾਉਦੀਨ ਦੇ ਸਰਪੰਚ ਅਤੇ ਸਿਰਸਾ ਜ਼ਿਲ੍ਹਾ ਪਰਿਸ਼ਦ ਦੇ ਮੈਂਬਰ ਰਹੇ ਹਨ। ਸ. ਅਜੀਤ ਸਿੰਘ ਗਿੱਲ ਹਰੀਪੁਰਾ ਦੇ ਸਰਪੰਚ ਰਹੇ ਹਨ।

ਸਤਿਜੁਗ ਦੇ ਸੰਤ ਅੰਕ ਵਿਚ, ਸੰਤ ਤਰਨ ਸਿੰਘ 'ਵਹਿਮੀ' ਬਾਬਾ ਜਮੀਅਤ ਸਿੰਘ ਗਿੱਲ ਵਾਲੇ ਲੇਖ ਵਿਚ, ਇਕ ਦਿਲਚਸਪ ਵਾਕਿਆ ਲਿਖਦੇ ਹਨ। ਬਾਬਾ ਜਮੀਅਤ ਸਿੰਘ ਦੇ ਮਨ ਵਿਚ ਕਦੇ ਕਦੇ ਇਹ ਫੁਰਨਾ ਆ ਜਾਂਦਾ ਸੀ ਕਿ ਗਿਆ ਤਾਂ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਪਹਿਲਾਂ ਮੈਂ ਸਾਂ, ਬਾਕੀਆਂ ਨੂੰ ਵੀ ਪੰਜਾਬ ਵਿਚ ਮੈਂ ਹੀ ਦੱਸ ਪਾਈ। ਪ੍ਰੰਤੂ ਉਹ ਆਪਣੀ ਗੱਦੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇ ਗਏ ਹਨ। ਚਾਹੀਦੀ ਮੈਨੂੰ ਮਿਲਣੀ ਸੀ। ਜਦੋਂ ਸਤਿਗੁਰੂ ਜੀ ਪਰਦੇਸ ਚਲੇ ਗਏ ਤਾਂ ਇਕ ਰਾਤ ਬਾਬਾ ਜਮੀਅਤ ਸਿੰਘ ਨੂੰ ਦਰਸ਼ਨ ਦੇ ਕੇ ਫੁਰਮਾਉਂਦੇ ਹਨ-"ਜਮੀਅਤ ਸਿੰਘ ਗੱਦੀ ਤਾਂ ਤੁਹਾਨੂੰ ਹੀ ਮਿਲਣੀ ਸੀ ਅਸੀਂ ਸਮਝਿਆ ਕਿੱਥੇ ਜਮੀਅਤ ਸਿੰਘ ਹੋਰਾਂ ਦੇ ਬੁੱਢੇ ਹੱਡ ਕਾਲੇ ਪਾਣੀਆਂ ਵਿਚ ਰੁਲਣਗੇ। ਆਪਣੇ ਸਰੀਰ ਤੇ ਹੀ ਇਹ ਸਭ ਕੁਝ ਝੱਲ ਲੈਂਦੇ ਹਾਂ।" ਬਾਬਾ ਜੀ ਨੂੰ ਉਹਨਾਂ ਦੇ ਫੁਰਨੇ ਦਾ ਤਸੱਲੀਬਖਸ਼ ਉੱਤਰ ਮਿਲ ਗਿਆ ਸੀ। ਇਉਂ ਹੀ ਗੁਰੂ ਸਿਖਾਂ ਵਿਚਾਲੇ ਖੇਡੇ ਮੱਲੇ ਹੁੰਦੇ ਰਹਿੰਦੇ ਸਨ। ਬਾਬਾ ਜੀ ਦੀ ਕਮਾਈ ਉੱਚੀ ਸੀ ਉਹਨਾਂ ਦਾ ਨਾਮ ਨਾਮਧਾਰੀ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਅੰਕਿਤ ਹੈ।

ਫੁੱਟ ਨੋਟ-

੧. ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੮੧ ਸਫਾ ੧੦੮-੦੯
੨. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੮੩
੩. ਉਹੀ-ਸਫਾ ੭੯
੪. ਸਤਿਗੁਰੂ ਬਿਲਾਸ ਭਾਗ੧-ਭਾਈ ਸੰਤੋਖ ਸਿੰਘ ਬਾਹੋਵਾਲ ਸਫਾ ੧੧੧-੧੨
੫. ਉਹੀ-ਸਫਾ ੧੦੭-੦੮
੬. ਉਹੀ-ਸਫਾ ੧੦੮-੦੯
੭. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੪੫
੮. ਸਤਿਗੁਰੂ ਬਿਲਾਸ ਭਾਗ੧, ਸਫਾ ੧੯੭-੯੯
੯. ਉਹੀ-ਸਫਾ ੨੧੮
੧੦. ਉਹੀ- ਸਫਾ ੨੨੫-੨੬
੧੧. ਉਹੀ-ਸਫਾ ੨੨੬
੧੨. ਉਹੀ-ਸਫਾ ੨੨੭
੧੩. ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਸਫਾ ੭੬
੧੪. ਉਹੀ-ਸਫਾ ੧-੨
੧੫. ਸਤਿਗੁਰੂ ਬਿਲਾਸ ਭਾਗ੧-ਸਫਾ ੩੦੩
੧੬. ਸਤਿਜੁਗ ਦਾ ਸੰਤ ਅੰਕ-ਸ੍ਰੀ ਭੈਣੀ ਸਾਹਿਬ ੯ ਚੇਤਰ ਸੰਬਤ ੧੯੯੬ ਬਿ. ਸਫਾ ੫੬-੬੧
੧੭. ਹੁਕਮਨਾਮੇ (ਸਤਿਗੁਰੂ ਰਾਮ ਸਿੰਘ)-ਸਫਾ ੩੧੯-੨੫
੧੮. ਉਹੀ-ਸਫਾ ੩੪੭
੧੯. ਸਤਿਗੁਰੂ ਬਿਲਾਸ ਭਾਗ ਦੂਜਾ-ਸੰਤੋਖ ਸਿੰਘ ਬਾਹੋਵਾਲ-ਸਫਾ ੨੦੩-੦੪

*ਕਰੀਵਾਲਾ (ਸਿਰਸਾ)*
੧੨੫੦੭੫
ਮੋ. 99963-71716
01698-274562



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

*—ਚੂਹੜ ਸਿੰਘ ਬੱਜੋਂ*

ਕੁਰਬਾਨੀਆਂ ਦਾ ਬੇ-ਮਿਸਾਲ ਇਤਿਹਾਸ, ਨਾਮਧਾਰੀ ਲਹਿਰ ਸਦਾ ਰਾਹ ਦਸੇਰਾ ਰਹੇਗੀ।

ਜਿੱਥੇ ਇਹ ਲਹਿਰ ਧਾਰਮਿਕ, ਪਰਉਪਕਾਰ ਤੇ ਦੇਸ ਭਗਤੀ ਦੇ ਮਹਾਨ ਕਾਰਜਾਂ ਨੂੰ ਤਨੋਂ, ਮਨੋਂ, ਧਨੋਂ ਸਮਰਪਤ ਰਹੀ ਹੈ ਉਥੇ ਤਿਆਗ, ਸੱਚ, ਸੁੱਚ, ਸੰਜਮ ਅਤੇ ਨਾਮ ਬਾਣੀ ਪ੍ਰਭੂ ਭਗਤੀ ਵਿੱਚ ਲੀਨ ਹਰ ਕੁਰਬਾਨੀ ਲਈ ਤਿਆਰ ਬਰ ਤਿਆਰ ਸੰਤ ਖਾਲਸਾ ਸਰੂਪ ਅੰਗਰੇਜ਼ੀ ਸਰਕਾਰ ਦੀ ਇਕ ਦਿਨ ਦੀ ਗੁਲਾਮੀ ਨਹੀਂ ਸੀ ਝੱਲਣਾ ਚਾਹੁੰਦੀ।

ਮਾਲੇਰ ਕੋਟਲੇ ਦੇ ਸਾਕੇ ਨੇ ਇਹ ਸਾਬਤ ਕਰ ਦਿੱਤਾ ਕਿ ਸਾਮਰਾਜ ਦੇ ਦਿਨ ਥੋੜ੍ਹੇ ਹੀ ਹਨ। ਜਿਸ ਤਰ੍ਹਾਂ ਸਿੰਘਾਂ ਨੇ ਸਿਦਕ ਦਿਲੀ ਦਾ ਸਬੂਤ ਦਿੱਤਾ, ਲਗਦਾ ਸੀ ਸ਼ਮਅ ਤੇ ਪਰਵਾਨਿਆਂ ਦੀ ਭੀੜ ਲਗਾਈ ਹੋਵੇ। ਬਾਲੀਦਾਨ ਦੇਣ ਲਈ ਵਾਰੀ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਸੀ। ਸਿੱਖਾਂ ਦੀ ਇਸ ਭਾਵਨਾਂ ਨੂੰ ਦੇਖ ਅੰਗਰੇਜ਼ ਇਨੇ ਘਬਰਾ ਗਏ ਉਨ੍ਹਾਂ ਨੂੰ ਪਤਾ ਹੋਣ ਦੇ ਬਾਵਜੂਦ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਸ ਵਿੱਚ ਕੋਈ ਹੱਥ ਨਹੀਂ ਸੀ, ਫੇਰ ਵੀ ਉਨ੍ਹਾਂ ਤੇ ੧੮੧੮ ਈ. ਦਾ ਬੰਗਾਲ ਰੈਗੂਲੇਸ਼ਨ ਐਕਟ ਜਾਣੀ ਕਿ ਧੱਕਾ ਕਾਨੂੰਨ ਲਾ ਕੇ ਜਿਸ ਦਾ ਮਤਲਬ ਜਿਸ ਤੇ ਕੋਈ ਦੋਸ਼ ਸਿੱਧ ਨਾ ਹੋਵੇ ਉਸ ਨੂੰ ਅਣਮਿਥੇ ਸਮੇ ਲਈ ਜੇਲ੍ਹ ਰੱਖਿਆ ਜਾ ਸਕਦਾ ਸੀ। ਉਹ ਧਾਰਾ ਲਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਨੂੰ ੧੮ ਜਨਵਰੀ ੧੮੭੨ ਈ ਨੂੰ ਜਲਾ ਵਤਨ ਕਰ ਦਿੱਤਾ। ਉਨ੍ਹਾਂ ਦੇ ਛੋਟੇ ਭਰਾਤਾ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਹਰੋਂ ਭੇਜੇ ਇੱਕ ਹੁਕਮਨਾਮੇ ਰਾਹੀਂ ਸ੍ਰੀ ਭੈਣੀ ਸਹਿਬ ਸੰਗਤ ਦੇ ਸੰਚਾਲਕ ਥਾਪ ਦਿੱਤਾ ਸੀ ਸੰਗਤ ਨੇ ਸਿਰ ਮੱਥੇ ਪ੍ਰਵਾਨ ਕੀਤਾ। ਸਤਿਗੁਰੂ ਜੀ ਵੱਲੋਂ ਬਾਬਾ ਬੁੱਧ ਸਿੰਘ ਤੋਂ ਬਦਲ ਕੇ ਉਨ੍ਹਾਂ ਦਾ ਨਾਮ ਗੁਰੂ ਹਰੀ ਸਿੰਘ ਰੱਖ ਦਿੱਤਾ। ਬਚਨ ਕੀਤਾ ਕੇ ਹੁਣ ਇਹ ਸਿੱਖੀ ਨੂੰ ਹਰੀ ਰਖੇਗਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਵੀ ਸ੍ਰੀ ਭੈਣੀ ਸਾਹਿਬ ਘਰ ਦੇ ਦਰਵਾਜ਼ੇ ਅੱਗੇ ਪੁਲੀਸ ਚੋਕੀ ਬਿਠਾ ਕੇ ਨਜ਼ਰਬੰਦ ਕਰ ਲਿਆ। ਉਨ੍ਹਾਂ ਤੇ ਨਜ਼ਰ ਰੱਖਣ ਵਾਲੇ ਸਿਪਾਹੀ ਬੜੀ ਕਠੋਰ ਕਿਸਮ ਦੇ ਲਾਏ ਜਾਂਦੇ ਸਨ ਤਾਂ ਕਿ ਕੋਈ ਇਨ੍ਹਾਂ ਨਾਲ ਥੋੜੇ ਕੀਤੇ ਮੁਲਾਕਾਤ (ਦਰਸ਼ਨ) ਨਾ ਕਰ ਸਕੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਸ ਅਣਦੱਸੀ ਜਗ੍ਹਾ ਤੇ ਰੱਖਿਆ ਗਿਆ ਸੀ। ਪਤਾ ਨਹੀਂ ਸੀ। ਸਾਲਾਂ ਦੀ ਭਾਲ ਨਾਲ ਸਿੱਖਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਵੀ ਤਾਲ ਮੇਲ ਸਥਾਪਤ ਕਰ ਲਿਆ। ਬਰਮਾ ਦੇਸ ਵਿਚ ਉਨ੍ਹਾਂ ਨੂੰ ਰੱਖਿਆ ਹੋਇਆ ਸੀ। ਬਕਾਇਦਾ ਉਨ੍ਹਾਂ ਨੇ ਆਪਣੇ ਸੰਬਧ ਸਥਾਪਤ ਕਰ ਲਏ ਸੀ। ਕੈਦੀ ਜੀਵਨ ਵਿਚ ਇਹ ਬੜਾ ਜੋਖਮ ਭਰਿਆ ਕੰਮ ਕਰ ਸਕਣਾ ਮੁਸ਼ਕਲ ਜ਼ਰੂਰ ਸੀ ਖਰ ਪਰ ਸਿੱਖਾਂ ਅਤੇ ਸਤਿਗੁਰੂ ਜੀ ਦੇ ਵਿਸ਼ਵਾਸ ਅੱਗੇ ਕੋਈ ਵੀ ਮੁਸ਼ਕਲ ਆਸਾਨ ਹੋ ਜਾਂਦੀ ਸੀ।

ਉਧਰ ਸ੍ਰੀ ਭੈਣੀ ਸਾਹਿਬ ਵਿਚ ਸਿੱਖਾਂ ਸੰਗਤਾਂ ਨੂੰ ਪੁਲਿਸ ਦੇ ਬੋਲ ਕੁ ਬੋਲ ਝੱਲਣੇ ਪੈਂਦੇ। ਕਈ ਕਈ ਦਿਨਾਂ ਉਡੀਕ ਕਰਨੀ ਪੈਂਦੀ ਦਰਸ਼ਨ ਕਰਨ ਲਈ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਬੀਤਦੇ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਤੋਂ ਪੂਰੇ ੧੯ ਸਾਲਾਂ ਬਆਦ ੨੧ ਮਾਰਚ ੧੮੯੦ ਈ. ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੋਰ ਜੀ ਦੀ ਕੁੱਖੋਂ ਇਕ ਨੂਰੀ ਬਾਲਕ ਨੇ ਜਨਮ ਲਿਆ। ਇਸ ਨਾਲ ਘਰ ਤੇ ਸੰਗਤ , ਪਿੰਡ ਵਿੱਚ ਖੁਸ਼ੀਆਂ ਪਰਤੀਆਂ। ਉਨ੍ਹਾਂ ਦਿਨ੍ਹਾਂ ਵਿੱਚ ਬੱਚੇ ਦੇ ਜਨਮ ਤੇ ਗੁੜ ਵੰਡਿਆ ਜਾਂਦਾ ਸੀ। ਇਸ ਖੁਸ਼ੀ ਵਿੱਚ ਵੀ ਗੁੜ ਦੇ ਖੁਲ੍ਹੇ ਗੱਫੇ ਵੰਡੇ ਗਏ। ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਦੱਸਿਆ ਤਾਂ ਉਨ੍ਹਾਂ ਬਚਨ ਕੀਤਾ ਕਿ ਇਹ ਬਾਲਕ ਬੜਾ ਪ੍ਰਤਾਪ ਵਾਲਾ ਹੈ। ਬਾਲਕ ਦਾ ਨਾਮ ਪ੍ਰਤਾਪ ਸਿੰਘ ਹੀ ਰੱਖ ਦਿੱਤਾ। ਜੇਲ੍ਹ ਤਾਂ ਜੇਲ੍ਹ ਹੀ ਹੁੰਦੀ ਹੈ। ਜਿਉਂ-ਜਿਉਂ ਬਾਲਕ ਵੱਡਾ ਹੁੰਦਾ ਗਿਆ। ਜੇਲ੍ਹ ਦੀਆਂ ਸਖਤੀਆਂ ਝਲਣੀਆਂ ਪੈਂਦੀਆਂ। ਜਦੋਂ ਵੀ ਕੋਈ ਪੁਲੀਸ ਕਰਮਚਾਰੀ ਮਾੜੀ ਜਿਹੀ ਵੀ ਢਿੱਲ ਦਿਖਾਲਦਾ ਉਸ ਨੂੰ ਬਦਲ ਦਿੱਤਾ ਜਾਂਦਾ। ਨਵਾਂ ਆਇਆ ਪੁਲਸੀਆ ਆਪਣੀ ਹੈਂਕੜ ਦਿਖਾਉਂਦਾ। ਸਿੱਖ ਸੰਗਤਾਂ ਬਾਲਕ ਦੇ ਦਰਸ਼ਨਾਂ ਨੂੰ ਉਤਾਵਲੀਆਂ ਸਨ ਪਰ ਅੱਗੇ ਸਖ਼ਤ ਪਹਿਰੇ ਹੁੰਦੇ। ਕੁਝ ਇੱਕ ਸਿੰਘਾਂ ਨੂੰ ਇਜਾਜ਼ਤ ਮਿਲਦੀ। ਬਾਲਕ ਦੇ ਖੇਲਣ, ਮਲ੍ਹਣ, ਤੇ ਪੜ੍ਹਾਈ ਦਾ ਇੰਤਜ਼ਾਮ ਅੰਦਰ ਹੀ ਕੀਤਾ ਗਿਆ ਤੇ ਨਾਮਧਾਰੀ ਰਹਿਤ ਮਰਯਾਦਾ ਦੀ ਸਿੱਖਿਆ ਵੀ ਨਜ਼ਰ ਬੰਦੀ ਵਿੱਚ ਹੀ ਹੋਈ। ਬਾਲਕ ਪ੍ਰਤਾਪ ਸਿੰਘ ਦੇ ਛੋਟੇ ਦੋ ਭਾਈਆਂ ਦਾ ਜਨਮ ਵੀ ਇਸੇ ਜੇਲ੍ਹ ਵਿੱਚ ਹੋਇਆ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵਿਛੋੜੇ ਮਗਰੋਂ ੧੯੦੬ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੬ ਸਾਲਾਂ ਦੀ ਛੋਹਲੀ ਉਮਰੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ। ਜੇਲ੍ਹ ਦੀਆਂ ਸਖਤੀਆਂ ਦੇ ਬਾਵਜੂਦ ਕੂਕਾ ਲਹਿਰ ਨੂੰ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਲਈ ਸਖ਼ਤ ਹਦਾਇਤਾਂ



Namdhari Elibrary NamdhariElibrary@gmail.com

ਕੀਤੀਆਂ।

ਚਾਹੇ ਇਹ ਅਜ਼ਾਦੀ ਦੀ ਲੜਾਈ ਗਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੀ ਹੋਵੇ, ਜਾ ਸ਼ਹੀਦ ਭਗਤ ਸਿੰਘ ਜੀ ਹੋਰਾਂ ਵੱਲੋਂ ਖੜ੍ਹੀ ਕੀਤੀ ਇਨਕਲਾਬੀ ਲਹਿਰ ਹੋਵੇ, ਨੇਤਾ ਜੀ ਸੁਭਾਸ਼ ਚੰਦਰ ਬੋਸ ਵੱਲੋਂ ਅਜ਼ਾਦ ਹਿੰਦ ਫੌਜ ਦੀ ਅਗਵਾਈ ਵਿਚ ਹਿੰਦੋਸਤਾਨ ਨੂੰ ਆਜਾਦ ਕਰਾਉਣ ਦਾ ਹੰਭਲਾ ਹੋਵੇ ਇਨਾਂ ਸਾਰੀਆਂ ਲਹਿਰਾਂ ਵਿਚ ਨਾਮਧਾਰੀਆਂ ਦਾ ਕਿਸੇ ਨਾ ਕਿਸੇ ਸ਼ਕਲ ਵਿੱਚ ਯੋਗਦਾਨ ਹੈ।

ਨਜ਼ਰਬੰਦੀ ਦੇ ਹੁੰਦਿਆਂ ਵੀ ਇਹ ਕਰ ਸਕਣਾ ਨਾਮਧਾਰੀਆਂ ਦੀ ਦੇਸ਼ ਪ੍ਰਤੀ ਅਤੇ ਆਪਣੇ ਸਤਿਗੁਰੂ ਜੀ ਦੇ ਬਚਨਾਂ ਪ੍ਰਤੀ ਆਸਥਾ ਦਾ ਪਰਗਟਾਵਾ ਸੀ। ਜਿਉਂ-ਜਿਉਂ ਸਰਗਮੀਆਂ ਵੱਧ ਰਹੀਆਂ ਸੀ, ਉਦਾਂ-ਉਦਾਂ ਹੀ ਨਜ਼ਰਬੰਦੀ ਦੀ ਮਿਆਦ ਵੀ ਵੱਧਦੀ ਜਾਂਦੀ। ਮੌਜੂਦਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਵੀ ਇਸੇ ਜੇਲ੍ਹ ਵਿਚ ਹੀ ਹੋਇਆ। ਕਹਿੰਦੇ ਹਨ ਜਦੋਂ ਕਿਸੇ ਦੇ ਕੀਤੇ ਜਾਂਦੇ ਜ਼ੁਲਮ ਅਸਰ ਕਰਨੋ ਹਟ ਜਾਣ ਤਾਂ ਜ਼ਾਲਮ ਵੀ ਕਿਸੇ ਨਾਂ ਕਿਸੇ ਤਰੀਕੇ ਛੁਟਕਾਰਾ ਚਾਹੁੰਦਾ ਹੈ। ਅਗਲੇ ਸਾਲ ੧੯੨੩ ਨੂੰ ਸ੍ਰੀ ਭੈਣੀ ਸਾਹਿਬ ਤੋਂ ਪੂਰੇ ੫੦ ਸਾਲਾਂ ਬਾਅਦ ਅੰਗਰੇਜ਼ ਆਪਣੀ ਟਿੰਡ ਫੁਹੜੀ ਲਪੇਟ ਕੇ ਪੁਲਿਸ ਚੌਕੀ ਚੁਕਣ ਵੇਲੇ ਸਰਕਾਰਾਂ ਵੱਲੋਂ ਹਦਾਇਤਾਂ ਦਾ ਪਾਠ ਪੜ੍ਹਾਉਣ ਲੱਗਿਆ। ਇਸ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਲਕਾਰ ਕੇ ਕਿਹਾ ਕਿ ਇਹ ਮਤ ਸਮਝਣਾ ਕਿ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਕੇ ਜਾਂ ਫਾਂਸੀਆਂ ਤੇ ਟੰਗ ਕੇ ਅਤੇ ਸਤਿਗੁਰੂ ਰਾਮ ਸਿੰਘ ਜੀ ਤੇ ਸੂਬਿਆਂ ਨੂੰ ਦੇਸ਼ ਨਿਕਾਲੇ ਦੇ ਜਾਂ ਸਿੱਖਾਂ ਨੂੰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕਰ ਕੇ ਤੁਸੀਂ ਅਰਾਮ ਦੀ ਨੀਂਦ ਸੌਂ ਸਕੋਗੇ। ਜਿਨ੍ਹਾਂ ਚਿਰ ਬਦੇਸ਼ੀਆਂ ਨੂੰ ਦੇਸ਼ ਵਿਚੋਂ ਕੱਢ ਨਹੀਂ ਲੈਂਦੇ ਉਨ੍ਹਾਂ ਚਿਰ ਕੋਈ ਵੀ ਕੂਕਾ ਅਰਾਮ ਨਾਲ ਨਹੀਂ ਬੈਠੇਗਾ। ਉਹ ਕਿਸੇ ਨਾ ਕਿਸੇ ਰੂਪ ਵਿੱਚ ਮੈਦਾਨ ਵਿੱਚ ਕੁੱਦੇਗਾ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਜਲਾਈ ਅਜ਼ਾਦੀ ਦੀ ਜਵਾਲਾ ਨੂੰ ਹੋਰ ਪਰਚੰਡ ਕਰੇਗਾ।

੧੯੧੪ ਨੂੰ ਅੰਗਰੇਜ਼ਾਂ ਦੇ ਕੁੱਝ ਸਿੱਖ ਚਾਟੜੇ ਗੁਰਦੁਆਰਿਆਂ ਤੇ ਕਾਬਜ਼ ਪੁਜਾਰੀਆਂ ਨੇ ਗਦਰੀ ਦੇਸ਼ ਭਗਤਾਂ ਨੂੰ ਅਸਿੱਖ ਕਰਾਰ ਦੇ ਦਿੱਤਾ। ਇਸ ਕਰਤੂਤ ਦਾ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਦਾ ਗੰਭੀਰ ਨੋਟਿਸ ਲਿਆ। ਇਸ ਦੀ ਨਿੰਦਿਆ ਕੀਤੀ। ਗਦਰੀ ਸੂਰਵੀਰਾਂ ਨੂੰ ਦੇਸ਼ ਭਗਤ ਤੇ ਸੱਚੇ ਸਿੱਖ ਮੰਨਿਆ ਅਤੇ ਉਨ੍ਹਾਂ ਦੀ ਪ੍ਰਸੰਸਾ ਕੀਤੀ। ਇਸ ਕੂੜ ਪ੍ਰਚਾਰ ਕਰਨ ਵਾਲਿਆ ਦਾ ਮੂੰਹ ਤੋੜ ਜਵਾਬ ਦੇਣ ਲਈ ਕੁਝ ਇਕ ਚੰਗੀ ਕਿਰਦਾਰ ਵਾਲੇ ਸਿੱਖਾਂ ਦੀ ਮੀਟਿੰਗ ਹੁਸ਼ਿਆਰਪੁਰ 'ਚ ਸੱਦ ਕੇ ਇਕ ਮਤਾ ਪਾ ਕੇ ਗਦਰੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਅੰਗਰੇਜ਼ ਸਰਕਾਰ ਆਪਣੀਆਂ ਸ਼ਰਾਰਤਾਂ ਤੋਂ ਬਾਜ਼ ਨਹੀਂ ਸੀ ਆ ਰਹੀ। ਬੁਚੜ ਖਾਨੇ ਲਾਉਣ ਦੇ ਉਹੀ ਪੁਰਾਣੇ ਕਾਰਨਾਮੇ ਕਾਰਨ ਦੀ ਵਿਉਂਤ ਬਣਾ ਰਹੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕੇ ਜੇ ਇਹ ਕਦਮ ਚੁਕਿਆ ਗਿਆ ਤਾਂ ਸਿੱਖ ਤੇ ਪੰਜਾਬ ਦੇ ਲੋਕ ਕਦੇ ਬਰਦਾਸ਼ਤ ਨਹੀਂ ਕਰਨਗੇ। ਪਤਾ ਨਹੀਂ ਕਿੰਨੇ ਕੁ ਮਾਲੇਰ ਕੋਟਲੇ ਵਰਗੇ ਸਾਕੇ ਹੋਣ। ਇਸ ਤੇ ਅੰਗਰੇਜ਼ੀ ਸਰਕਾਰ ਝੁੱਕ ਗਈ। ਬੁੱਚੜ ਖਾਨੇ ਖੋਲਣ ਦਾ ਵਿਚਾਰ ਛੱਡ ਦਿੱਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚ ਦੇਸ਼ ਭਗਤੀ ਤੇ ਪ੍ਰਭੂ ਭਗਤੀ ਦੀ ਲਗਨ ਇਨੀ ਸੀ ਉਹ ਬਿਨਾਂ ਵਿਤਕਰੇ ਹਰ ਉਸ ਲਹਿਰ ਵਿਚ ਹਿੱਸਾ ਲੈਂਦੇ ਤੇ ਮਦਦ ਕਰਦੇ ਜੋ ਅਜ਼ਾਦੀ ਨੂੰ ਪਰਨਾਈ ਹੋਵੇ। ਉਹ ਦੇਸ਼ ਨੂੰ ਅਜ਼ਾਦ ਦੇਖਣਾ ਚਾਹੁੰਦੇ ਸਨ। ਬੱਬਰ ਅਕਾਲੀਆਂ ਦੇ ਸਿਰਮੌਰ ਲੀਡਰਾਂ ਲਈ ਸ੍ਰੀ ਭੈਣੀ ਸਹਿਬ ਦੇ ਦਰਵਾਜੇ ਹਮੇਸ਼ਾ ਖੁਲੇ ਰਹਿੰਦੇ ਸੀ। ਭਾਈ ਰਤਨ ਸਿੰਘ ਤੇ ਕਿਸ਼ਨ ਸਿੰਘ ਲੰਗਰ ਪਾਣੀ ਤੇ ਰਹਾਇਸ਼ ਵੀ ਕਰ ਲੈਂਦੇ ਸੀ।

੧੯੨੯ ਵਿਚ ਕਾਂਗਰਸ ਨੇ ਆਲ ਇੰਡੀਆ ਦਾ ਲਹੌਰ ਵਿਚ ਆਪਣਾ ਇਜਲਾਸ ਰੱਖਿਆ ਜਿਸ ਦੀ ਪ੍ਰਧਾਨਗੀ ਪੰਡਿਤ ਨਹਿਰੂ ਜੀ ਨੇ ਕਰਨੀ ਸੀ। ਅਕਾਲੀਆਂ ਦੇ ਨਿੱਧੜਕ ਆਗੂ ਬਾਬਾ ਖੜਕ ਸਿੰਘ ਜੀ ਨੇ ਇਹ ਦਸਣ ਲਈ ਇਸ ਦਾ ਬਾਈ ਕਾਟ ਕਰ ਦਿੱਤਾ ਕਿ ਸਿੱਖ ਕਾਂਗਰਸ ਨਾਲ ਨਹੀਂ ਹਨ। ਇਸ ਤੋਂ ਸੰਕੇਤ ਇਹ ਜਾਂਦਾ ਸੀ ਕਿ ਸਿੱਖ ਅੰਗਰੇਜ਼ ਨੂੰ ਲੰਮੇਰਾ ਸਮਾਂ ਰੱਖਣਾ ਚਾਹੁੰਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਸ ਸਮਾਗਮ ਵਿਚ ਵੱਧ ਤੋਂ ਵੱਧ ਗਿਣਤੀ ਨਾਲ ਸ਼ਾਮਲ ਹੋਇਆ ਜਾਵੇ ਜਿਸ ਤੋਂ ਇਹ ਪਤਾ ਲੱਗੇ ਕਿ ਸਿੱਖ ਸੱਚੇ ਦੇਸ਼ ਭਗਤ ਹਨ। ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ 'ਚ ਕੂਕਿਆ ਦੀ ਸ਼ਮੂਲੀਅਤ ਹੋਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀਵਨ ਕੌਰ ਜੀ ਨੇ ਇਸ ਦੇ ਲੰਗਰ ਦੀ ਸੇਵਾ ਆਪਣੇ ਹੱਥੀਂ ਤੇ ਨਿਗਰਾਨੀ 'ਚ ਕੀਤੀ ਇਸ ਦਾ ਪਰਚਾਰ ਵੀ ਨਾਮਧਾਰੀ ਸਿੱਖਾਂ ਨੇ ਕੀਤਾ।

ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨੂੰ ਪਨਾਹ (ਸ਼ਰਨ) ਵੀ ਨਾਮਧਾਰੀਆਂ ਦੇ ਘਰਾਂ ਚ ਮਿਲਦੀ ਰਹੀ। ਦੂਜੀ ਸੰਸਾਰ ਜੰਗ ਵੇਲੇ ਅੰਗਰੇਜ਼ਾਂ ਵੱਲੋਂ ਮੰਗੀ ਮੱਦਦ ਤੋਂ ਸਾਫ ਇਨਕਾਰ ਕਰ ਦਿੱਤਾ, ਪਰ ਭਾਰਤ ਛੱਡੋ ਅੰਦੋਲਨ ਵਿਚ ਵੱਧ ਚੜ੍ਹ ਕੇ



Namdhari Elibrary NamdhariElibrary@gmail.com

ਹਿੱਸਾ ਲਿਆ।

ਅਕਾਲੀ ਧੜੇਬੰਦੀ ਦੀ ਵਜਾ ਕਰਕੇ ਅੰਗਰੇਜ਼ ਸਾਮਰਾਜ ਨੂੰ ਲਾਭ ਹੋ ਰਿਹਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰੇ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਸੰਪਰਦਾਵਾਂ ਦੇ ਮੁਖੀਆਂ ਦਾ ਸ੍ਰੀ ਭੈਣੀ ਸਾਹਿਬ ਵਿਚ ਭਾਰੀ ਇੱਕਠ ਸੱਦਿਆ ਤੇ ਏਕਤਾ ਬਣਾਈ ਰੱਖਣ ਦੇ ਯਤਨ ਕੀਤੇ।

ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਅਜ਼ਾਦ ਹਿੰਦ ਫੌਜ ਦੀ ਵਾਗ ਡੋਰ ਜਾਂ ਸੰਭਾਲੀ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਿੰਘਾਪੁਰ, ਮਾਲੇਸ਼ੀਆ, ਥਾਈਲੈਂਡ ਵਿੱਚ ਵਸੇ ਨਾਮਧਾਰੀਆਂ ਨੂੰ ਖਾਸ ਹੁਕਮ ਕੀਤਾ ਕੇ ਨੇਤਾ ਜੀ ਦੀ ਹਰ ਫਰੰਟ ਤੇ ਮਨੋ, ਧਨੋ ਮੱਦਦ ਕੀਤੀਂ ਜਾਵੇ। ਥਾਈਲੈਂਡ ਵਿੱਚ ਪਹਿਲਾਂ ਤੋਂ ਹੀ ਵਸੇ ਸੇਠ ਗੁਰਬਖ਼ਸ ਸਿੰਘ ਉਰਫ ਪ੍ਰੀਤਮ ਤੇ ਉਨ੍ਹਾਂ ਦੇ ਛੋਟੇ ਭਾਈ ਸੇਠ ਤਰਲੋਕ ਸਿੰਘ ਚਾਵਲਾ ਨਾਮਧਾਰੀ, ਨੇਤਾ ਜੀ ਦੇ ਵਿਸ਼ਵਾਸ ਪਾਤਰ ਬਣੇ। ਸੇਠ ਗੁਰਬਖਸ ਸਿੰਘ ਨੇਤਾ ਜੀ ਦੇ ਸਪਲਾਈ ਸੈਕਟਰੀ ਬਣੇ ਤੇ ਛੋਟਾ ਤਰਲੋਕ ਸਿੰਘ ਨੇਤਾ ਜੀ ਦਾ ਡਰਾਇਵਰ ਤੇ ਨਿੱਜੀ ਸੱਕਤਰ ਬਣਿਆ।

ਸਤਿਗੁਰਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਨਾਮਧਾਰੀ ਸਿੰਘਾਂ ਨੇ ਪ੍ਰੇਰਨਾ ਕਰਕੇ ਨੇਤਾ ਜੀ ਦੇ ਭਾਰ ਜਿਨ੍ਹਾਂ ਸੋਨਾ ਇੱਕਠਾ ਕਰ ਕੇ ਦਿੱਤਾ ਜੋ ਅੱਜ ਦੇ ਤੋਲ ਮੁਤਾਬਕ ੯੩ ਕਿਲੋ ਬਣਦਾ ਸੀ। ਜਿਸ ਨੂੰ ਹਥਿਆਰ ਤੇ ਰਾਸ਼ਣ ਜਾਂ ਹੋਰ ਲੋੜਾਂ ਲਈ ਵਰਤਿਆ ਗਿਆ। ਨੇਤਾ ਜੀ ਨੇ ਨਾਮਧਾਰੀ ਲਹਿਰ ਦੀ ਪਰਸੰਸਾ ਕੀਤੀ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਲਿਖ ਕੇ ਅਜ਼ਾਦੀ ਦਾ ਰਾਹ ਦਸੇਰਾ ਮੰਨਿਆ।

ਨਾਮਧਾਰੀਆਂ ਤੇ ਹੋਰ ਅਨੇਕਾਂ ਲਹਿਰਾਂ ਵਿਚ ਹਿੱਸਾ ਲੈਣ ਵਾਲੇ ਦੇਸ ਭਗਤ ਜਿਸ ਅਜ਼ਾਦੀ ਦੀ ਕਲਪਾਨਾ ਕਰਦੇ ਸੀ ਉਸ ਤੇ ਪੂਰੀ ਨਾ ਉਤਰੀ ਦੇਖ ਨਿਰਾਸ਼ ਹੋ ਰਹੇ ਹਨ। ਹੁਣ ਉਨ੍ਹਾਂ ਨੂੰ ਪੈਸੇ ਦੀ ਦੌੜ ਪਿਛੇ ਲਗੇ ਹਾਕਮਾਂ ਦੀ ਨੀਅਤ ਤੇ ਸ਼ੱਕ ਹੋ ਰਹੀ ਹੈ। ਪਰ ਦੇਸ਼ ਪ੍ਰੇਮੀ ਆਪਣੇ ਪਿਆਰੇ ਵੱਤਨ ਦੀ ਮਿੱਟੀ ਰੋਲਣ ਦੀਆਂ ਸਾਜ਼ਸ਼ਾਂ ਹੋ ਰਹੀਆਂ ਦੇਖ ਦੁੱਖੀ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਪਣੇ ਪੰਥ ਦੇ ਨਾਲ-ਨਾਲ ਆਪਣੇ ਦੇਸ਼ ਅਤੇ ਸਮੁਚੀ ਮਾਨਵਤਾ ਪ੍ਰਤੀ ਅਥਾਹ ਦੇਣ ਹੈ।

## ਉਸਤਾਦ ਲਛਮਣ ਸਿੰਘ ਸੀਨ ਨੂੰ ਸੰਗੀਤ ਨਾਟਕ ਅਕੈਡਮੀ ਪੁਰਸਕਾਰ



ਕੌਮੀ ਸੰਗੀਤ ਨਾਟਕ ਅਕੈਡਮੀ ਦੀ ੧੯੫੨ ਸਥਾਪਤੀ ਤੋਂ ਮਗਰੋਂ ਪਹਿਲੀ ਵਾਰ ਪੰਜਾਬ ਨੇ ਸਾਲ ੨੦੦੯• ਲਈ ਤਿੰਨ ਮਾਣਮੱਤੀਆਂ ਨਾਮਜ਼ਦਗੀਆਂ ਹਾਸਲ ਕੀਤੀਆਂ ਹਨ। ਅਕੈਡਮੀ ਬੋਰਡ ਦੇ ਪੰਜਾਬ ਦੀ ਪ੍ਰਤੀਨਿੱਧਤਾ ਕਰਦੇ ਭਾਈ ਬਲਦੀਪ ਸਿੰਘ ਅਨੁਸਾਰ ਸਾਲ 'ਚ ਤਿੰਨ ਇਨਾਮ ਵੱਡੀ ਗਿਣਤੀ ਹੈ। ਜੇਤੂਆਂ 'ਚ ਉਸਤਾਦ ਲਛਮਣ ਸਿੰਘ ਸੀਨ (82), ਜਲੰਧਰ (ਕਲਾਸੀਕਲ ਸੰਗੀਤ ਤਬਲਾ), ਉਸਤਾਦ ਵਿਲਾਇਤ ਖਾਨ (੯੦) ਗੋਸਲਾਂ, ਖੰਨਾ (ਰਾਗੀ/ਢਾਡੀ) ਤੇ ਅੰਮ੍ਰਿਤਸਰ ਤੋਂ ਥੀਏਟਰ ਕਲਾਕਾਰ ਨੀਤਾ ਮਹਿੰਦਰਾ ਸ਼ਾਮਲ ਹਨ। ਇਸ ਤੋਂ ਇਲਾਵਾ ਥੀਏਟਰ ਮੇਅਕਪ 'ਚ ਚੰਡੀਗੜ੍ਹ (ਯੂ.ਟੀ) ਦੇ ਕਮਲ ਅਰੋੜਾ ਵੀ ਪੁਰਸਕਾਰ ਲੈਣ ਵਾਲਿਆਂ 'ਚ ਸ਼ਾਮਲ ਹਨ। ਉਸਤਾਦ ਲਛਮਣ ਸਿੰਘ ਸੀਨ ਪ੍ਰਸਿੱਧ ਸੰਗੀਤਕਾਰ ਹਨ ਤੇ ਪੰਜਾਬ ਦੇ ਸ਼ਹਿਰ ਜਲੰਧਰ 'ਚ ਵਸੇ ਹੋਏ ਹਨ। ਤਬਲੇ 'ਤੇ ਉਨ੍ਹਾਂ ਦੀਆਂ ਪੇਸ਼ਕਾਲੀਆਂ ਵਿਸ਼ਵ ਭਰ ਵਿਚ ਪ੍ਰਸਿਧ ਹਨ ਮਾਪਿਆਂ ਵੱਲੋਂ ਕਲਾ ਦੇ ਰਾਹ ਤੋਰੇ ਗਏ ਉਸਤਾਦ ਨੇ ਤਬਲੇ ਦੀਆਂ ਬਾਰੀਕੀਆਂ ਮੀਆਂ ਕਾਦਿਰ ਬਖਸ਼ ਤੋਂ ਅਤੇ ਸਿਤਾਰ ਵਜਾਉਣੀ ਲਾਹੌਰ ਦੇ ਪੰਡਤ ਜੀਆ ਲਾਲ ਬਸੰਤ ਤੋਂ ਸਿੱਖੀ ਸੀ। ੧੯੬੨ 'ਚ ਉਨ੍ਹਾਂ ਨੂੰ ਐਚ. ਐਮ. ਵੀ ਕਾਲਜ ਜਲੰਧਰ 'ਚ ਸੰਗੀਤ ਦਾ ਲੈਕਚਰਾਰ ਲਾਇਆ ਗਿਆ ਸੀ ਤੇ ਉਹ ੨੫ ਸਾਲ ਸੰਗੀਤ ਵਿਭਾਗ ਦੇ ਮੁਖੀ ਰਹੇ। ਸਭ ਸੰਗੀਤਕਾਰਾਂ ਵੱਲੋਂ ਲਈ ਲਛਮਣ ਸਿੰਘ ਪਸੰਦੀਦਾ ਤਬਲਾਵਦਕ ਰਹੇ ਹਨ। ਉਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਸੰਗੀਤ ਜਗਤ 'ਚ ਨਾਂ ਕਮਾਇਆ ਹੈ ਜਿਵੇਂ ਪਵਨ ਕੁਮਾਰ ਵਰਮਾ, ਕਾਲੇ ਰਾਮ, ਤਲਵੀਨ ਸਿੰਘ, ਅਵੀਰਭਵ ਵਰਮਾ ਆਦਿ। ਉਹਨਾਂ ਦੇ ਪੁੱਤਰ ਮਨੂ ਕੁਮਾਰ ਸੀਨ ਤੇ ਕਿਨਾਰ ਕੁਮਾਰ ਸੀਨ ਵੀ ਸੰਗੀਤ ਖੇਤਰ ਦੀਆਂ ਉਘੀਆਂ ਹਸਤੀਆਂ ਹਨ।

ਉਸਤਾਦ ਵਿਲਾਇਤ ਖਾਨ ਰਾਗੀ ਖੰਨਾ ਨੇੜੇ ਪਿੰਡ ਗੋਸਲਾਂ 'ਚ ਜੰਮ-ਪਲ ਹਨ ਤੇ ਇਸ ਵੇਲੇ ਉਹ ੯੦ ਸਾਲ ਦੇ ਹਨ। ਅਖਾੜਾ ਪ੍ਰੰਪਰਾ ਦੇ ਮਾਹਿਰ ਵਿਲਾਇਤ ਖਾਨ ਜਦੋਂ ਹੇਕ ਲਾਉਂਦੇ ਤਾ ਕਮਾਲ ਕਰਦੇ ਹਨ। ਨੀਤਾ ਮਹਿੰਦਰਾ ਵੀ ਉੱਤਰੀ ਭਾਰਤ ਦੀ ਸਰਵੋਤਤਮ ਮਹਿਲਾ ਅਦਾਕਾਰ ਹੈ। ਉਨ੍ਹਾਂ ਦੀ ਸਿਫਾਰਸ਼ ਪੰਜ ਅਕੈਡਮੀ ਪੁਰਸਕਾਰ ਜੇਤੂਆਂ ਨੇ ਕੀਤੀ ਸੀ। ਪੰਜਾਬੀ ਐਕਸਪੇਰੀਮੈਂਟਲ ਥੀਏਟਰ 'ਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਨੀਤਾ ਮਹਿੰਦਰਾ ਪੇਂਟਰ ਵੀ ਬਹੁਤ ਆਹਲਾ ਦਰਜੇ ਦੀ ਹੈ।



Namdhari Elibrary NamdhariElibrary@gmail.com



ਅਵਤਾਰ ਕੌਰ ਸਪੁਤਰੀ ਡਾ. ਅਜਮੇਰ ਸਿੰਘ ਜਲੰਧਰ ਹਰਿਵੱਲਭ ਸੰਗੀਤ ਪ੍ਰਤਿਯੋਗਤਾ (੨੪-੧੨-੨੦੦੯) ਵਿਚ ਠੁਮਰੀ ਗਾਇਣ ਵਿਚ ਪ੍ਰਥਮ: ਸਤਿਗੁਰੂ ਜਗਜੀਤ ਸਿੰਘ ਤੋਂ ਆਸ਼ੀਰਵਾਦ ਪ੍ਰਾਪਤ ਕਰਦੇ ਹੋਏ। ਨਾਲ ਮਾਤਾ ਦਲਜੀਤ ਕੌਰ ਸੰਤ ਰਛਪਾਲ ਸਿੰਘ ਹਜ਼ੂਰੀ ਸੇਵਕ। ਬੀਬੀ ਅਵਤਾਰ ਕੌਰ ਪ੍ਰੋ. ਕਿਰਪਾਲ ਸਿੰਘ ਜੀ ਤੋਂ ਗਾਇਣ ਦੀ ਸਿੱਖਿਆ ਲੈ ਰਹੇ ਹਨ।



ਰਾਮਪੁਰਾਫੂਲ ਦੇ ੨੭ਵੇਂ ਸ਼ਹੀਦੀ ਸਮਾਗਮ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ
੫੦ਵੇਂ ਗੁਰਗੱਦੀ ਦਿਵਸ਼ ਨੂੰ ਸਮਰਪਿਤ ਤਸਵੀਰ ਰਿਲੀਜ਼ ਕਰਨ ਦਾ ਦ੍ਰਿਸ਼

ਬੰਡਾ ਯੂ.ਪੀ. ਵਿਚ ਬਸੰਤ :
ਜਥੇਦਾਰ ਮਨਮੋਹਨ ਸਿੰਘ ਜੀ (ਪਲਿਆ)
ਕੀਰਤਨ ਕਰਦੇ ਹੋਏ



Namdhari Elibrary NamdhariElibrary@gmail.com

ਭਾਰਤ ਦੇ ਪ੍ਰਸਿਧ ਤਬਲਾ ਕਲਾਕਾਰ ਉਸਤਾਦ ਜ਼ਾਕਿਰ ਹੁਸੈਨ ਅਤੇ ਯੋਗੇਸ਼ ਸ਼ਮਸੀ ੧੫ ਫਰਵਰੀ ੨੦੧੦ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ । ਇਸ ਅਸਵਰ ਦੀਆਂ ਤਸਵੀਰਾਂ ।



Namdhari Elibrary NamdhariElibrary@gmail.com



Namdhari Elibrary NamdhariElibrary@gmail.com



ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ
ਸ. ਅਜੀਤਪਾਲ ਸਿੰਘ ਅਤੇ ਕਮੇਟੀ ਮੈਂਬਰ
ਚੈਂਪੀਅਨ ਟੀਮ ਗੌ. ਮਾਡਲ ਸਕੂਲ ਜਲੰਧਰ ਨਾਲ

ਸ. ਬਰਜਿੰਦਰ ਹਮਦਰਦ, ਟੀਮਾਂ
ਨਾਲ ਮੁਲਾਕਾਤ ਕਰਦੇ ਹੋਏ।





ਸ੍ਰੀ ਵਿਜੇ ਚੋਪੜਾ ਟੀਮਾਂ ਦਾ
ਅਭਿਨੰਦਨ ਕਰਦੇ ਹੋਏ।

ਪੀ.ਏ.ਯੂ. ਲੁਧਿਆਣਾ ਸਟੇਡੀਅਮ
ਨਾਮਧਾਰੀ ਇਲੈਵਨ, ਛੇਵਾਂ ਆਲ ਇੰਡੀਆ
ਗੁਰੂ ਗੋਬਿੰਦ ਸਿੰਘ ਗੋਲਡ ਕੱਪ ਜਿਤਣ ਬਾਦ



Namdhari Elibrary NamdhariElibrary@gmail.com

# ਪਾਕਿਸਤਾਨੀ ਸ਼ਾਇਰਾਂ ਦੇ ਚੋਣਵੇਂ ਪੰਜਾਬੀ ਸ਼ੇਅਰ



*ਤਨਵੀਰ ਬੁਖਾਰੀ*

* ਮੇਰੇ ਸ਼ਿਅਰੀਂ ਮੇਰਾ ਆਲ ਦੁਆਲਾ ਇੰਜ ਦਿਸ ਆਵੇ।
ਜਿਸਰਾਂ ਕਿਸੇ ਡਰੈਵਰ ਕੋਲੋਂ, ਡੀਜ਼ਲ ਦੀ ਬੂ ਆਵੇ।
* ਝਕ ਗਿਓਂ 'ਤਨਵੀਰ' ਤੇ ਮੂੰਹ ਵੇਖਦਾ ਰਹਿ ਜਾਏਂਗਾ।
ਨੱਪ ਲੈ ਸੂ ਧੌਣ ਤੋਂ ਲਾਲੋ-ਪਰੀ ਜੋ ਓਸਦੀ।
* ਮਰ ਗਿਆ 'ਤਨਵੀਰ' ਹੋਈ ਨਾ ਕਿਸੇ ਨੂੰ ਵੀ ਖ਼ਬਰ,
ਨਾਲ ਦੇ ਕਮਰੇ 'ਚੋ ਓਵੇਂ ਰੇਡੀਓ ਵਜਦਾ ਰਿਹਾ।

*ਤਾਲਿਬ ਚਿਸ਼ਤੀ*

* ਸਾਨੂੰ ਦੇ ਪਿਆਲ ਕੋਈ ਦਰਦ ਵਾਲਾ,
ਸਾਨੂੰ ਦੱਸ ਕੋਈ ਜਿੰਦਾ ਰਹਿਣ ਦੀ ਗੱਲ।
* ਰਾਹਵਾਂ ਭੁੱਲਿਆਂ ਦੇ ਹੱਥ ਫੜ ਆ ਕੇ,
ਸਿਰੋ ਲੰਘ ਗਈ ਏ ਦੁੱਖ ਸਹਿਣ ਦੀ ਗੱਲ।
ਉਹਦੇ ਵਾਅਦਿਆਂ ਉਤੇ ਯਕੀਨ ਕਰਨਾ,
'ਤਾਲਿਬ' ਨਾਲ ਤੂਫਾਨਾਂ ਦੇ ਖਹਿਣ ਦੀ ਗੱਲ।

*ਨਜ਼ੀਰ ਚੌਧਰੀ*

* ਸ਼ਾਇਦ ਫਿਰ ਅੱਜ ਕੋਈ ਸੱਸੀ, ਮਗਰ ਕਿਸੇ ਦੇ ਨੱਸੀ,
ਧਰਤੀ ਨੂੰ ਅੱਗ ਲਾ ਦਿੱਤੀ ਏ, ਰੇਤਾਂ ਦੇ ਦਰਿਆਵਾਂ।
* ਚਿੱਟੇ ਕਾਗਜ਼ ਉਤੇ ਜੰਮ ਗਏ ਗ਼ਮ ਦੇ ਕਾਲੇ ਅੱਖਰ,
ਐਡਾ ਦਰਦਾਂ ਭਰਿਆ ਡਿੱਠਾ ਚਿੱਠੀ ਦਾ ਸਰਨਾਵਾਂ।
* ਨਾਜ਼ਕ ਸੋਹਲ ਮਲੂਕ ਨਾ ਹੋਵਣ ਨੈਣ 'ਨਜ਼ੀਰ' ਕਿਸੇ ਦੇ,
ਖਹਿ ਖਹਿ ਲੰਘਣ ਫੁੱਲਾਂ ਨਾਲੋਂ ਸੂਲਾਂ ਵਾਂਗ ਨਿਗਾਵਾਂ।

*ਨਾਦਰ ਜਾਜਵੀ*

* ਵਿਛੜਿਆਂ ਦੇ ਮੇਲ ਜੇਕਰ ਰੱਬ ਬਣਾਵੇ ਢੋ।
ਵਿਚ ਕਨਿਆਨ ਦੇ ਆ ਜਾਂਦੀ ਏ ਯੂਸਫ਼ ਦੀ ਖੁਸ਼ਬੋ।
* ਜਿਸ ਕੰਮ ਤੇ ਕੁਦਰਤ ਨਈਂ ਤੈਨੂੰ ਉਸ ਕੰਮ ਨੂੰ ਨਾ ਛੇੜ,
ਜਿਸ ਮਿੱਟੀ ਦੇ ਲੇਖੀਂ ਰੁਲਣਾ ਉਹ ਮਿੱਟੀ ਨਾ ਗੋ।
* ਹੋਣ ਨੂੰ ਹਰ ਗੱਲ ਹੋ ਸਕਦੀ ਏ ਮੁਸ਼ਕਲ ਏਨੀ ਨਈਂ,
ਕੁਝ ਵੰਡਾਂ ਜੇ ਦਿਲ ਦੀ ਗੱਲ ਨੂੰ ਅੱਖਰ ਲੈਣ ਲਕੋ।
* 'ਨਾਦਰ' ਜਿਹੜਾ ਰੁੜਦਾ ਜਾਵੇ ਰਾਤੀਂ ਵਿਚ ਦਰਿਆ,
ਕਿਤੇ ਵੀ ਕੰਮ ਨਹੀਂ ਆ ਸਕਦੀ ਉਸ ਦੀਵੇ ਦੀ ਲੋ।

*ਬਸ਼ੀਰ ਮੁਨਜ਼ਰ*

* ਅੰਨ੍ਹਿਆਂ ਨੂੰ ਅੱਖੀਂ ਦੇ ਕੇ ਖੁਸ਼ ਫਿਰਦੇ ਹੋ,
ਮੈਂ ਮੰਨਾ ਜੇ ਗੂੰਗਿਆਂ ਨੂੰ ਗੁਫ਼ਤਾਰ ਦਿਓ।
* ਪਹਿਲੋਂ ਸੋਚ ਕੇ ਗਲੇ ਗਲਾਵੇਂ ਪਾਣੇ ਸਨ,
'ਮੁਨਜ਼ਰ ਸਾਹਿਬ ਹੁਣ ਕਿਉਂ ਚੀਕਾ ਮਾਰਦੇਓ।

*ਰਊਫ ਸ਼ੇਖ*

* ਇਸ ਵੇਲੇ ਨੇ ਕਿਹੜੇ ਯੁਗ ਦਾ ਬਦਲਾ ਸਾਥੋਂ ਲੀਤਾ ਏ,
ਰੁੱਖਾਂ ਹੇਠਾਂ ਛਾਂ ਨਹੀਂ ਲਭਦੀ, ਬੰਦਿਆਂ ਵਿਚੋਂ ਪਿਆਰ ਗਿਆ।
* ਸਜਰੀ ਫ਼ਜ਼ਰ ਦਾ ਕੋਮਲ ਪਿੰਡਾ ਚੱਟਾ ਲਿਆ ਕਾਲੇ ਨਾਗਾਂ,
ਬੱਦਲਾਂ ਸੂਰਜ ਦੀ ਅੱਖ ਕੱਜੀ, ਸੀ ਲਏ ਬੁੱਲ੍ਹ ਹਵਾਵਾਂ।

*ਰਸ਼ੀਦਾ ਸਲੀਮ ਸੀਮੀਂ*

* ਪੋਲੇ ਪੈਰੀਂ ਯਾਦ ਕਿਸੇ ਦੀ, ਦਿਲ ਦੇ ਬੂਹੇ ਆਈ,
ਖੋਲ੍ਹਾਂ ਜਾਂ ਨਾ ਖੋਲ੍ਹਾਂ ਬੂਹਾ, ਦਿਲ ਪੁੱਛਦਾ ਏ ਮੇਰਾ।
* ਜੰਗਲ ਬੇਲੇ ਹਰੇ ਭਰੇ ਤੇ ਬਾਗੀਂ ਕਣੀ ਨਾ ਵੱਸੀ,
ਪਰੇ ਪਰੇ ਕਿਧਰੇ ਵੱਸਿਆ ਏ, ਬੱਦਲ ਅੱਜ ਬਥੇਰਾ।
* ਫਿਰ ਉਸ ਪਾਸੇ ਲੈ ਟੁਰੀਆਂ ਨੇ ਸੱਧਰਾਂ ਦਿਲ ਨੂੰ 'ਸੀਮੀਂ'
ਫੇਰ ਉਹ ਸੱਜਣ ਯਾਦ ਆਏ ਨੇ ਦੂਰ ਜਿਨ੍ਹਾਂ ਦਾ ਡੇਰਾ।

*ਸਈਦਾ ਹਾਸ਼ਮੀ*

* ਮਹਿਕ ਤੇ ਰੰਗ ਉਡਾ ਕੇ ਲੈ ਗਈਆਂ ਨੇ ਤੇਜ਼ ਹਵਾਵਾਂ।
ਮੈਂ ਕਾਗਜ਼ ਦੇ ਫੁੱਲਾਂ ਨੂੰ ਕੀ ਵਾਲਾਂ ਵਿਚ ਸਜਾਵਾਂ।
* ਤੂੰ ਰੁੱਖਾਂ ਦੇ ਪੱਤਰਾਂ ਤੇ ਕੀ ਲਿਖ ਗਿਓਂ ਜਾਂਦੀ ਵਾਰੀ,
ਧਰਤੀ ਵਲੋਂ ਅੱਗ ਵਸਾਂਦੀਆਂ ਆਵਣ ਠੰਡੀਆਂ ਛਾਵਾਂ।
* ਅੱਖਾਂ ਦੇ ਵਿਚ ਵਾਪਸ ਆ ਗਏ ਉਮਰਾਂ ਦੇ ਜਗਰਾਤੇ,
ਘਰ ਦੇ ਬੂਹੇ ਤੀਕਣ ਆ ਕੇ ਮੁੜ ਗਿਆ ਇਕ ਪਰਛਾਵਾਂ।

(ਸਮਾਪਤ)

*ਪੇਸ਼ਕਾਰ—ਚਰਨ ਸੀਚੇਵਾਲਵੀ*
*੪੨੯, ਗੁਰੂ ਨਾਨਕਪੁਰਾ (ਵੈਸਟ)*
*ਡਾਕ. ਚੌਗਿਟੀ, ਜਲੰਧਰ ੧੪੪੦੦੯*
*ਫੋਨ- ੦੧੮੧-੨੨੩੧੬੫੪*



Namdhari Elibrary NamdhariElibrary@gmail.com

# ਦੋ ਰਚਨਾਵਾਂ/ *—ਮਨਜੀਤ ਸੋਹਲ*

### ਸੱਭਿਆਚਾਰ

ਸੱਭਿਆਚਾਰ ਇਹ ਤਾਂ ਨਹੀਂ
ਕੱਚੀ ਉਮਰ ਦੇ ਬੱਚਿਆਂ ਨੂੰ
ਸ਼ਰਮ ਨਾ ਤਰੇਲੀਓ-ਤਰੇਲੀ ਹੋ ਕੇ ਵੀ
ਟੀ. ਵੀ. ਤੇ ਚੱਲਦਾ ਕੰਜਰ ਪ੍ਰੋ ਦਿਖਾਈਏ
ਤੇ ਆਪਣੇ ਆਪ ਤੋਂ ਆਪ ਹੀ ਸ਼ਰਮਦੇ ਜਾਈਏ
ਜਾਂ ਇਸ ਤਰ੍ਹਾਂ ਕਰੀਏ
ਬੱਚਿਆਂ ਦੀ ਗੈਰ ਹਾਜ਼ਰੀ ਵਿਚ ਟੀ. ਵੀ. ਦਾ ਸੁੱਚ ਲਾਈਏ

ਸੱਭਿਆਚਾਰ ਕਿਹਨੂੰ ਕਹਿੰਦੇ ਓ ਤੁਸੀਂ
ਕਿ ਗਰਕ ਗਏ ਕਲਾਕਾਰੀ ਦੇ ਪਾਖੰਡ ਨੂੰ
ਲੋਕਾਂ ਦੀ ਜ਼ੋਰਦਾਰ ਮੰਗ ਕਹਿ ਕੇ
ਅਸ਼ਲੀਲਤਾ ਦੀ ਫੌੜ੍ਹੀ ਸਹਾਰੇ ਨੋਟਾਂ ਦੀ ਹਵਸ ਮਿਟਾਈਏ।

ਪਰ ਅਸੀਂ ਪੁੱਛਦੇ ਹਾਂ?
ਬੇ-ਸ਼ਰਮਾਂ ਦੇ ਢੂਏ ਤੇ ਉੱਗੇ,
ਰੁੱਖ ਦੀ ਛਾਵੇਂ ਕਦ ਤੱਕ ਠਹਿਰੋਗੇ
ਸੱਭਿਆਚਾਰ ਦਾ ਕੀ ਏ
ਇਹ ਤਾਂ ਜਿੱਥੇ ਡੋਬੋਗੇ ਡੁੱਬ ਹੀ ਜਾਵੇਗਾ ਇਕ ਦਿਨ
ਡੁੱਬ ਹੀ ਜਾਵੇਗਾ ਇਕ ਦਿਨ।

### ਅਸੀਂ ਦੁੱਖਾਂ ਦੇ ਪਰਬਤ ਤੇ ਉੱਗੇ ਰੁੱਖ ਹਾਂ

ਅਸੀਂ ਦੁੱਖਾਂ ਦੇ ਪਰਬਤ ਤੇ ਉੱਗੇ ਰੁੱਖ ਹਾਂ
ਅਸੀਂ ਪਲੇ ਹਾਂ ਮਜਬੂਰੀਆਂ ਦੀ ਖ਼ੁਰਾਕ ਖਾ ਕੇ
ਤੇ ਆਪਣੀਆਂ ਜੜ੍ਹਾਂ ਨੂੰ ਸਿੰਜਿਆ ਏ
ਪਿੰਡੇ ਤੋਂ ਚੋਂਦੇ ਮੁੜ੍ਹਕੇ ਦੀਆਂ ਬੂੰਦਾਂ ਦੇ ਨਾਲ
ਅਸੀਂ ਜੰਗਲ ਦੀ ਅੱਗ ਵਾਂਗ ਫੈਲੇ,
ਅਨਿਆਂ ਦਾ ਝੱਲਿਆ ਏ ਲੂਹਣ ਵਾਲਾ ਸੇਕ
ਤੇ ਬੇਈਮਾਨਾ ਝੁਲਾਈ ਨੇਰ੍ਹੀ ਦਾ
ਕੀਤਾ ਹੈ ਡਟ ਕੇ ਸਾਹਮਣਾ
ਤੇ ਸੱਚ ਦੀ ਹੋਂਦ ਸਹਾਰੇ
ਬੇ-ਰਹਿਮ ਜ਼ਮਾਨੇ ਦੀ ਹਿੱਕ ਦੇ ਉੱਤੇ
ਅੜ ਕੇ ਖੜ੍ਹੇ ਹਾਂ।

*ਪਿੰਡ-ਸੰਗਲ ਸੋਹਲ*
*ਡਾ. ਮੰਡ, ਜਲੰਧਰ*



# ਦੋ ਗ਼ਜ਼ਲਾਂ

*—ਮਹਿਮਾ ਸਿੰਘ ਤੂਰ*

(1)

ਲਿਖ ਹੋਵਣ ਕਵਿਤਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।
ਭੱਜਣ ਦੂਰ ਬਲਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

ਸੁਭ ਕਰਮਨ ਵਾਲੀ ਸੋਚ ਗੁਰੂ ਦੀ ਸਿੱਖਾਂ ਦੇ ਮੱਥੇ ਵਿਚ ਹੈ,
ਰਣ ਬਣਦੇ 'ਸਭਰਾਵਾਂ' ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

ਸਭ ਸਮਿਆਂ ਵਿਚ ਮੱਥੇ ਦੇ ਸੂਰਜ ਤੋਂ ਕਾਲਖ ਛਰਦੀ ਹੈ,
ਇਲਮੀ ਤੀਰ ਚਲਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

ਝੂਠੇ ਮੱਠਾਂ, ਝੂਠੇ ਭੇਖਾਂ ਦੇ ਸਾਰੇ ਗੜ੍ਹ ਭੰਨ ਦੇਵਾਂ,
ਪਰਚਮ ਬਣ ਲਹਿਰਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

ਸੱਚੇ ਜ਼ੋਰਾਵਰ ਦੀ ਜਗ 'ਤੇ ਫਤਹਿ ਹਮੇਸ਼ਾ ਹੁੰਦੀ ਹੈ,
ਰੁਖ਼ ਬਦਲਣ ਘਟਨਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

ਬਿਫ਼ਰੇ ਸਾਗਰ, ਤੂਫ਼ਾਨਾਂ ਦੇ ਉੱਤੋਂ ਦੀ ਲੰਘਦਾ ਜਾਵਾਂ,
ਬਣ ਕੇ 'ਤੂਰ' ਵਿਖਾਵਾਂ ਜਦ ਮੱਥੇ ਵਿਚ ਉਡਦਾ ਬਾਜ਼ ਕੋਈ।

(2)

ਆਖੋ 'ਤੂਰ' ਨੂੰ ਕੁਝ ਰੌਸ਼ਨੀ ਦੇ ਫੁੱਲ ਭੇਜੇ।
ਜਾਂ ਫਿਰ ਹਰਫ਼ ਜਗਦੇ ਰੌਸ਼ਨੀ ਦੇ ਤੁੱਲ ਭੇਜੇ।

ਐਵੇਂ ਨਾਮ-ਮਾਤਰ ਪਿਆਰ ਕੀ ਕਰਨਾ ਅਸਾਂ ਨੇ,
ਜਿਸ ਨੇ ਭੇਜਣੀ ਹੈ ਤਾਂ ਮੁਹੱਬਤ ਕੁੱਲ ਭੇਜੇ।

ਝੂਠੇ ਕੌਲ ਤੇ ਇਕਰਾਰ ਕੁਝ ਵੀ ਸਾਰਦੇ ਨਾ,
ਸਾਨੂੰ ਕੋਈ ਵਫ਼ਾ ਭੇਜੇ ਕਿਸੇ ਵੀ ਮੁੱਲ ਭੇਜੇ।

ਰੱਖੇ ਬਾਗ਼ ਨੂੰ ਸਦ-ਮਹਿਕਦਾ ਮਾਲੀ ਦਾ ਕੰਮ ਹੈ,
ਬੁਲਬੁਲ ਗਾ ਸਕੇ, ਉਹ ਬਾਗ਼ ਵਿਚ ਕੁਝ ਫੁੱਲ ਭੇਜੇ।

ਵਾਧੂ ਭੇਜਦਾ ਰਹਿੰਦਾ 'ਮਨੀ' ਬੇ-ਲੋੜ ਨਗਮੇ,
ਸਾਨੂੰ ਲੋੜ ਹੈ ਜਿਸਦੀ ਕਦੇ ਤਾਂ ਭੁੱਲ ਭੇਜੇ।

ਜਾਂ ਉਹ ਹਰਫ਼ ਜਗਦੇ ਰੌਸ਼ਨੀ ਦੇ ਤੁੱਲ ਭੇਜੇ,
ਆਖੋ 'ਤੂਰ' ਨੂੰ ਕੁਝ ਰੌਸ਼ਨੀ ਦੇ ਫੁੱਲ ਭੇਜੇ॥

*ਤੂਰ ਨਿਵਾਸ, ਹਲਵਾਰਾ (ਲੁਧਿਆਣਾ)-੧੪੧੧੦੭*
*ਫ਼ੋਨ - ੦੧੬੨੪-੧੩੪੯੦*



Namdhari Elibrary NamdhariElibrary@gmail.com

# ਦੋ ਕਵਿਤਾਵਾਂ / *—ਜਗੀਰ ਕੌਰ ਸੰਧੂ*

### ਹਾੜਾ ਲੋਕੋ ਕੰਤ ਵਿਹੂਣਾ

ਤੂੰ ਕੀ ਜਾਣੇ ਤੇਰੇ ਪਿਛੋਂ ਕਿੰਨਾ ਕੂਕੇ ਰੋਏ
ਹਾੜਾ ਲੋਕੋ ਕੰਤ ਵਿਹੂਣਾ ਕੋਈ ਨਾ ਜੱਗ ਤੇ ਹੋਏ।

ਕਿਉਂ ਪਤਣਾਂ ਦੇ ਪਾਣੀ ਵਾਂਗੂੰ ਤੁਰ ਗਿਆ ਚੁੱਪ ਚੁਪੀਤਾ
ਦਸ ਤਾਂ ਜਾਂਦਾ ਜਰਾ ਖਲੋ ਕੇ ਜੁਰਮ ਅਸਾਂ ਕੀ ਕੀਤਾ
ਨਾ ਜਿਉਂਦੇ ਤੇ ਨਾ ਹਾਂ ਮਰਦੇ, ਸੁੱਟ ਗਿਉਂ ਕਰ ਅਧਮੋਏ,
ਹਾੜਾ ਲੋਕੋ ਕੰਤ ਵਿਹੂਣਾ ਕੋਈ ਨਾ ਜੱਗ ਤੇ ਰੋਏ।

ਕਤਲ ਹੋ ਗਈਆਂ ਸਭੇ ਖੁਸ਼ੀਆਂ, ਰੋਂਦੇ ਚਾਅ ਨਿਮਾਣੇ,
ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ,
ਮਣਾ ਮੂੰਹੀ ਅਸਾਂ ਭਰ ਭਰ ਅਥਰੂ ਅਖੀਆਂ ਵਿਚ ਸਮੋਏ
ਹਾੜਾ ਲੋਕੋ ਕੰਤ ਵਿਹੂਣਾ, ਕੋਈ ਨਾ ਜਗ ਤੇ ਹੋਏ।

ਲਾੜੇ ਬਾਝ ਨਾ ਸੋਹਣ ਬਰਾਤਾਂ, ਕੰਤਾਂ ਬਾਝ ਨਾ ਨਾਰਾਂ,
ਰਾਤ ਨਾ ਸੋਹੇ ਚੰਨ ਦੇ ਬਾਝੋਂ, ਫੁਲਾਂ ਬਿਨ ਗੁਲਜ਼ਾਰਾਂ,
ਬਾਝ ਗੁਰੂ ਨਾ ਸੰਗਤ ਸੋਹਦੀ, ਰੂਹ ਬਿਨ ਮੁਕੱਤ ਨਾ ਹੋਇ,
ਹਾੜਾ ਲੋਕੋ ਕੰਤ ਵਿਹੂਣਾ ਕੋਈ ਨਾ ਜੱਗ ਤੇ ਹੋਇ।

ਚੀਨੀ ਘੋੜੀ ਭਰ ਭਰ ਰੋਵੇ, ਰੋਣ ਭੈਣੀ ਦੀਆਂ ਜੂਹਾਂ
ਗਊਆਂ ਦੇ ਰਖਵਾਲੇ ਆਜਾ, ਦੀਦ ਨੂੰ ਤਰਸਨ ਰੂਹਾਂ,
ਦਰਸ਼ਨ ਬਾਝ ਨਾ 'ਜੇ.ਕੇ. ਸੰਧੂ' ਪਾਰ ਉਤਰਿਆ ਕੋਇ,
ਹਾੜਾ ਲੋਕੋ ਕੰਤ ਵਿਹੂਣਾ, ਕੋਇ ਨਾ ਜਗ ਤੇ ਹੋਇ।

### ਭੁਲਦਾ ਨਹੀਂ ਵਿਛੋੜਾ

ਆਈ ਰੁੱਤ ਬਸੰਤ ਦੀ, ਕੰਤ ਦੇ ਬਾਝੋਂ ਪਾਹੁੰਦੀ ਨਾ,
ਜੀਕਣ ਨਾਰ ਭਤਾਰ ਦੇ ਬਾਝੋਂ ਘਰ ਵਿਚ ਸੋਂਹਦੀ ਨਾ,
ਪਤਾ ਨਾ ਲੱਗਾ ਜ਼ਾਲਮ ਦੇ ਇਸ ਘਾਲੇ-ਮਾਲੇ ਦਾ,
ਭੁਲਦਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ।

ਗੱਡੇ ਉਤੇ ਬਹਿ ਗਿਆ, ਦੇ ਗਿਆ ਦਰਦ ਵਿਛੋੜੇ ਦਾ,
ਕਦੀ ਨਾ ਹੋਣਾ ਪੂਰਾ ਘਾਟਾ ਪੈ ਗਿਆ ਲੋਹੜੇ ਦਾ
ਗੋਰੇ ਪਾਪੀ ਰੰਗ ਵਿਖਾਇਆ ਸੀ ਦਿਲ ਕਾਲੇ ਦਾ।
ਭੁਲਦਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ।

ਚਰਨਾਂ ਵਿਚ ਮੌਜਾਂ ਲੁਟਦੇ ਸਾਂ ਭਾਣਾ ਵਰਤਾ ਦਿੱਤਾ,
ਫੁਲਾਂ ਦੀ ਥਾਂ ਕੰਡਿਆਂ ਥਾਂ ਥਾਂ ਪਹਿਰਾ ਲਾ ਦਿੱਤਾ,
ਕੂਕੇ ਮਾਰਨ ਕੂਕਾਂ, ਦਰਦ ਸੀ ਸੱਜਰੇ ਛਾਲੇ ਦਾ,
ਭੁਲਣਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ।

ਪਤਾ ਨਹੀਂ ਸੀ ਬਾਹਰੋਂ ਚਿਟੇ, ਅੰਦਰੋਂ ਕਾਲੇ ਨੇ,
ਬੇਦਰਦਾਂ ਨੂੰ ਕੀ ਕੂਕਦੇ ਲਗੀਆਂ ਵਾਲੇ ਨੇ।
ਸੇਕ ਸਾੜਦਾ ਸੀਨਾਂ, ਦੁਖ ਦੇ ਭਾਂਬੜ ਬਾਲੇ ਦਾ,

ਭੁਲਣਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ,
ਭਾਣਾ ਜਾਣ ਕੇ ਮੰਨੀ, ਨੀਤੀ, ਪਾਪੀ ਗੋਰੇ ਦੀ,
ਭੁਲਦੀ ਨਹੀਂ ਜੁਦਾਈ, ਵਤਨੋ ਮਾਹੀ ਤੋਰੇ ਦੀ,
ਮਿਲਿਆ ਸਿਲ੍ਹਾ ਇਹ ਘਰੋਂ ਖੁਆ ਕੇ ਬਿਲਾ ਪਾਲੇ ਦਾ,
ਭੁਲਦਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ,

ਗੁਰ ਜਗਜੀਤ ਤੋਂ ਪੁੱਛਦੇ ਹਾਂ ਗੁਰ, ਕਦੋਂ ਕੁ ਆਵਣਗੇ,
ਕਹਿੰਦੇ ਸਿਮਰਨ, ਕਰੋ, ਉਹ ਛੇਤੀ ਦਰਸ ਦਿਖਾਵਣਗੇ,
ਭੇਤ ਨਾ ਆਇਆ ਉਸ ਚੋਜੀ ਦੇ ਚੋਜ ਨਿਰਾਲੇ ਦਾ,
ਭੁਲਣਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ।

ਜੇ. ਕੇ ਸੰਧੂ ਕਰੇ ਪੁਕਾਰਾਂ ਮੁੜ ਘਰ ਆਵੋ ਜੀ,
ਦੀਦ ਪਿਆਸੀਆਂ ਅਖੀਆਂ ਨੂੰ ਆ ਦਰਸ ਦਿਖਾਵੋ ਜੀ,
ਅਮ੍ਰਿਤ ਵਰਗਾ ਨਸ਼ਾ ਚੜ੍ਹਾ ਦਿਓ ਜ਼ਹਿਰ ਪਿਆਲੇ ਦਾ
ਭੁਲਣਾ ਨਹੀਂ ਵਿਛੋੜਾ ਸਤਿਗੁਰ ਚੀਨੀ ਵਾਲੇ ਦਾ।

*ਐਲਨਾਬਾਦ*
*ਜ਼ਿਲ੍ਹਾ ਸਿਰਸਾ (ਹਰਿਆਣਾ)*

## ਮੇਰੇ ਸਤਿਗੁਰ ਨੇ / *—ਸੁਖਵੰਤ ਸਿੰਘ 'ਕੰਗ'*

ਸੁਤਿਆਂ ਆਣ ਜਗਾਇਆ, ਮੇਰੇ ਸਤਿਗੁਰ ਨੇ,
ਸਿੱਧੇ ਰਸਤੇ ਪਾਇਆ, ਮੇਰੇ ਸਤਿਗੁਰ ਨੇ।

ਮੱਖਣ-ਸ਼ਾਹ ਦੇ ਬੇੜੇ ਵਾਂਗੂ ਡੋਲ ਗਿਆ,
ਬੇੜਾ ਬੰਨੇ ਲਾਇਆ ਮੇਰੇ ਸਤਿਗੁਰ ਨੇ।

ਯਾਦ ਕਰੋ ਤਾਂ ਝੱਟ ਹੀ ਦਰਸ਼ਨ ਦੇ ਦੇਂਦੇ,
ਜ਼ਿਆਦਾ ਨਹੀਂ ਤੜਫਾਇਆ ਮੇਰੇ ਸਤਿਗੁਰ ਨੇ।

'ਕੰਗ' ਨਿਮਾਣਾ ਕੱਖਾਂ ਤੋਂ ਭੀ ਹਾਉਲਾ ਸੀ,
ਉਸਦਾ ਮਾਣ ਵਧਾਇਆ ਮੇਰੇ ਸਤਿਗੁਰ ਨੇ।

*ਪਿੰਡ ਨਿਹਾਲਗੜ੍ਹ*
*ਕਪੂਰਥਲਾ*



Namdhari Elibrary NamdhariElibrary@gmail.com

# ਪਿਆਰ ਦੀ ਜੋਤ (ਗੀਤ)

*—ਪ੍ਰਿੰ. ਨਵਰਾਹੀ ਘੁਗਿਆਣਵੀ*

ਪਿਆਰ ਦੀ ਜੋਤ ਜਗਾਅ ਦਿਲ ਅੰਦਰ, ਪਿਆਰ ਦੀ ਜੋਤ ਜਗਾਅ।
ਨਫ਼ਰਤ ਦੀ ਅੱਗ ਖਾਰਜ ਕਰ ਕੇ, ਸਾਂਝ ਡਗਰ ਅਪਣਾਅ।
ਖ਼ੁਦਗਰਜ਼ੀ, ਹੰਕਾਰ, ਤਕੱਬਰ, ਮੱਤ ਬੰਦੇ ਦੀ ਮਾਰੀ।
ਅੰਨ੍ਹਾ ਹੋਇਆ ਫਿਰੇ ਨਿਕੰਮਾ, ਖੁੱਸ ਗਈ ਸਰਦਾਰੀ।
ਜੀਵਨ-ਜਾਚ ਭੁਲਾ ਬੈਠਾ ਹੈ, ਮੱਧਮ ਪੈ ਗਏ ਚਾਅ।
ਪਿਆਰ ਦੀ ਜੋਤ ਜਗਾਅ..............

ਜੇ ਕੋਈ ਇਸਨੂੰ ਸਿੱਖਿਆ ਦੇਵੇ, ਕੰਨਾਂ 'ਤੇ ਹੱਥ ਧਰਦਾ।
ਸਹਿਣਸ਼ੀਲਤਾ ਰਹੀ ਨਾ ਪੱਲੇ, ਨਾ ਆਪ ਕਿਸੇ ਦੀ ਜਰਦਾ।
ਹਉਮੈ ਦੇ ਪ੍ਰਭਾਵ 'ਚ ਆ ਕੇ, ਭੁੱਲਿਆ ਜਗਤ-ਭਲਾ।
ਪਿਆਰ ਦੀ ਜੋਤ ਜਗਾਅ..............

ਮਾਰ ਧਾੜ, ਝਗੜੇ, ਬਦਖੋਈਆਂ, ਮਾਰੂ ਖ਼ੂਨ-ਖ਼ਰਾਬੇ।
ਬੇਲੋੜੀ ਚਤੁਰਾਈ ਕਾਰਨ, ਇਸ ਨੇ ਆਪ ਵਿਹਾਜੇ।
ਪੈਰ ਕੁਹਾੜਾ ਮਾਰਿਆ ਗਾਫ਼ਿਲ, ਸੁੱਝਦਾ ਨਹੀਂ-ਉਪਾਅ।
ਪਿਆਰ ਦੀ ਜੋਤ ਜਗਾਅ..............

ਸਰਮਾਏ ਦੀ ਦੌੜ 'ਚ ਪੈ ਕੇ, ਸਾਰੇ ਨਿਯਮ ਭੁਲਾਏ।
ਧਰਮ-ਵਿਹੂਣਾ, ਕਰਮ-ਵਿਹੂਣਾ, ਕਰਦਾ 'ਹਾਏ-ਹਾਏ।'
'ਨਵਰਾਹੀ' ਕੀ ਕੀਤਾ ਜਾਵੇ, ਲੱਗਦਾ ਨਹੀਂ-ਪਤਾ।
ਪਿਆਰ ਦੀ ਜੋਤ ਜਗਾਅ
ਪਿਆਰ ਦੀ ਜੋਤ ਜਗਾਅ ਦਿਲ ਅੰਦਰ।
ਪਿਆਰ ਦੀ ਜੋਤ ਜਗਾਅ
ਨਫ਼ਰਤ ਦੀ ਅੱਗ ਖ਼ਾਰਜ ਕਰ ਕੇ,
ਸਾਂਝ-ਡਗਰ ਅਪਣਾਅ।

*ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ,*
*ਫ਼ਰੀਦਕੋਟ-੧੫੧੨੦੩*
*ਫੋਨ-੦੧੬੩੯-੨੫੧੧੫੯*
*ਮੋ. ੯੫੧੫੦-੦੨੩੦੨*

# ਬੇ-ਬੁਨਿਆਦ ਗੱਲਾਂ

*—ਗੁਰਦਿਆਲ ਸਿੰਘ*

ਬੇ-ਬੁਨਿਆਦੀ ਗੱਲਾਂ ਕਰਕੇ
ਦਿਲ ਨੂੰ ਝੋਰਾ ਲਾਉਣਾ ਕਾਹਤੋਂ।

ਜ਼ਿੰਦਗੀ ਹੈ ਅਨਮੋਲ ਰਤਨ,
ਇਸਨੂੰ ਗ਼ਮਗੀਨ ਬਣਾਉਣਾ ਕਾਹਤੋਂ।

ਪੂਰਨ ਵਾਂਗੂੰ ਜਿਊਣਾ ਸਿੱਖ,
ਰਾਂਝੇ ਵਾਂਗੂੰ ਕੰਨ ਪੜਵਾਉਣਾ ਕਾਹਤੋਂ।

ਰੁੱਖੀ ਮਿੱਸੀ ਖਾ ਕੇ ਦਿਨ ਲੰਘਾਈ ਚਲ।
ਦੇਖ ਬੇਗਾਨੀ ਚੋਪੜੀ,
ਐਵੇਂ ਜੀਅ ਲਲਚਾਉਣਾ ਕਾਹਤੋਂ।

ਫੁੱਲਾਂ ਦੇ ਨਾਲ ਲਾ ਕੇ ਯਾਰੀ,
ਜੱਗ ਨੂੰ ਮਹਿਕਾਂ ਵੰਡਦਾ ਜਾਹ।
ਭੌਰਾ ਬਣ ਕੇ ਮਤਲਬਪ੍ਰਸਤ ਕਹਾਉਣਾ ਕਾਹਤੋਂ

ਸਭ ਦੇ ਦੁੱਖ ਦਾ ਬਣ ਜਾ ਦਾਰੂ,
ਅੱਲੇ ਜ਼ਖ਼ਮ ਦਿਖਾਉਣਾ ਕਾਹਤੋਂ।

ਲੂੰਬੜੀਆਂ ਸੰਗ ਲਾ ਕੇ ਯਾਰੀ,
ਫਿਰ ਪਿਛੋਂ ਪਛਤਾਉਣਾ ਕਾਹਤੋਂ।

ਜਦ ਪਤਾ ਐ ਇਕ ਦਿਨ ਖ਼ਾਕ ਹੋ ਜਾਣਾ
ਦੇਖ ਜਨਾਜ਼ੇ ਘਬਰਾਉਣਾ ਕਾਹਤੋਂ।

*ਪਿੰਡ ਰੱਤਾ ਨੌ ਆਬਾਦ ਡਾਕਖਾਨਾ ਭੁਲਾਣਾ*
*ਜ਼ਿਲ੍ਹਾ ਤੇ ਤਹਿਸੀਲ ਕਪੂਰਥਲਾ*

# ਸਾਰਾ ਜਗ ਢੂੰਡ ਵੇਖਿਆ

*ਪੂਰਨ ਸਿੰਘ ਨਿਰਾਲਾ, ਐਲਨਾਬਾਦ*

ਸਾਰਾ ਜੱਗ ਢੂੰਡ ਵੇਖਿਆ, ਗੁਰ ਜਗਜੀਤ ਜਿਹਾ ਨ ਹੋਰ
ਸਾਰਾ ਜਗ ਢੂੰਡ ਵੇਖਿਆ, ਇਹ ਚੰਨ ਤੇ ਮੈਂ ਹਾਂ ਚਕੋਰ।

ਇਸ ਦਿਆਂ ਚਰਨਾਂ ਚ ਖ਼ੁਸ਼ੀਆਂ ਬਥੇਰੀਆਂ,
ਪੋਹਦੀਆਂ ਨ ਜਗ ਵਿ ਚਲਣ ਹਨੇਰੀਆਂ,
ਚੋਗ ਤਲੀਆਂ ਤੇ ਚੁਗਦੇ ਨੇ ਮੋਰ, ਸਾਰਾ....।

ਬੜੀਆਂ ਪਿਆਰੀਆਂ ਮਹਬੂਬ ਦੀਆਂ ਯਾਰੀਆਂ,
ਸੁਚ ਸੋਧ ਨਾਮ ਨਾਲ ਰਖਦਾ ਸ਼ਿੰਗਾਰੀਆਂ,
ਬੜੇ ਰਾਗਾਂ ਦੇ ਨਜ਼ਾਰੇ ਕਰੋ ਗੌਰ, ਸਾਰਾ...।

ਜਿਹੜੇ ਰਾਹੀਂ ਲੰਘੇ ਮਾਹੀ ਭਾਲ ਦੀਆਂ ਰਾਹਵਾਂ ਮੈਂ,
ਧੂੜੀ ਉਹਦੇ ਚਰਨਾਂ ਦੀ ਮੱਥੇ ਉਤੇ ਲਾਵਾਂ ਮੈਂ।
ਨੂਰੀ ਮੁਖੜੇ ਤੋਂ ਪਵੇ ਲਸ਼ਕੋਰ, ਸਾਰਾ....।

ਹਰ ਪਖ ਵਲ ਇਹ ਤਾਂ ਰਖ ਦੇ ਖਿਆਲ ਜੇ,
ਸੇਵਕਾਂ ਪਿਆਰਿਆਂ ਨੂੰ ਕਰਦੇ ਨਿਹਾਲ ਜੇ,
ਰਹਿਣ ਦਿਤੇ ਨਹੀਂ ਸੁਦਾਮੇ ਕਮਜ਼ੋਰ ਸਾਰਾ...।

ਇਹਦਾ ਜਸ ਸਚ ਜਾਣੋ ਸਾਗਰ ਸਮਾਨ ਜੇ
ਪਾਰਾਵਾਰ ਨਾਹੀਂ ਕੋਈ ਹੋਵੇ ਨ ਬਿਆਨ ਜੇ,
ਸਾਧ ਬਣਦੇ "ਨਿਰਾਲਾ" ਉਥੇ ਚੋਰ, ਸਾਰਾ....।


Namdhari Elibrary NamdhariElibrary@gmail.com

# ਮਿੱਟੀਏ ਵਤਨ ਦੀਏ

—ਕਰਤਾਰ ਸਿੰਘ ਕਾਲੜਾ
ਮੈਲਬੌਰਨ



ਮਿੱਟੀਏ ਵਤਨ ਦੀਏ, ਮੈਂ ਤੇਰੇ ਵਿਚ ਸਮਾਵਾਂ।
ਤੇਰੇ ਵਿਚ ਰਲਕੇ, ਮੈਂ ਰੂਪ ਤੇਰਾ ਹੋ ਜਾਵਾਂ।
ਮਰਨੇ ਪਿਛੋਂ ਵੀ, ਮੇਰਾ ਬਦਲੇ ਨਾ ਸਿਰਨਾਵਾਂ।

ਥੋੜੇ ਵਕਤ ਲਈ ਆਇਆ ਸਾਂ, ਏਥੇ ਜੋਗਾ ਹੋਇਆ।
ਇਸ ਵਾਯੂ ਵਿਚ ਸਾਹ ਨਾ ਆਵੇ, ਹੋ ਚਲਿਆ ਅੱਧ-ਮੋਇਆ।
ਤੈਨੂੰ ਪਰਸਨ ਲਈ, ਜੋਗੀ ਜਿਉਂ ਫੇਰਾ ਪਾਵਾਂ।
ਮਿੱਟੀਏ ਵਤਨ ਦੀਏ...............

ਮਿੱਟੀਏ ਵਤਨ ਦੀਏ, ਤੇਰੇ ਬਿਨ ਜੀ ਨਹੀਂ ਲੱਗਦਾ।
ਤੇਰੀ ਛੋਹ ਸਦਕਾ, ਮੇਰੇ ਗਿਆਨ ਦਾ ਦੀਪਕ ਜਗਦਾ।
ਤੇਰੀ ਧੂੜੀ ਨੂੰ ਮੁੜ ਮੁੜ ਕੇ ਮੱਥੇ ਤੇ ਲਾਵਾਂ।
ਮਿੱਟੀਏ ਵਤਨ ਦੀਏ...............

ਤੇਰੀ ਸੁੰਦਰ ਧਰਤੀ 'ਤੇ ਗੁਰੂ ਨਾਨਕ ਜੋਤਿ ਜਗਾਈ।
ਗਾਹ ਕੇ ਸਾਰਾ ਜਗ ਉਸ ਬਾਬੇ ਕੁੱਲ ਦੁਨੀਆ ਰੁਸ਼ਨਾਈ।
ਉਸ ਅਕਲਾਂ ਦੇ ਸੋਮੇ ਤੋਂ ਮੈਂ ਕਾਹਦੇ ਲਈ ਟੁੱਟ ਜਾਵਾਂ।
ਮਿੱਟੀਏ ਵਤਨ ਦੀਏ...............

ਜਿਸ ਧਰਤੀ 'ਤੇ ਵਸਦੈ ਮੇਰਾ ਸਾਰਾ ਭਾਈਚਾਰਾ।
ਜਿੱਥੇ ਅੱਜ ਵੀ ਮਿਲਦੈ ਮੇਰੀ ਸੋਚ ਨੂੰ ਠੀਕ ਹੁੰਗਾਰਾ।
ਉਸ ਧਰਤੀ ਦੇ ਲੋਕਾਂ ਦੀ ਮੈਂ ਨਿੱਸ ਦਿਨ ਖ਼ੈਰ ਮਨਾਵਾਂ।
ਮਿੱਟੀਏ ਵਤਨ ਦੀਏ...............

ਮਿੱਟੀਏ ਵਤਨ ਦੀਏ ਮੈਂ ਤੇਰੇ ਵਿਚ ਸਮਾਵਾਂ।
ਮਰਨੇ ਪਿੱਛੋਂ ਵੀ ਮੇਰਾ ਬਦਲੇ ਨਾ ਸਿਰਨਾਵਾਂ।

# ਅਮਲਾਂ ਬਾਝੋਂ ਗੰਦੇ !

—ਕਰਤਾਰ ਸਿੰਘ ਕਾਲੜਾ

ਘਿਰਣਾ ਦੇ ਵਸ ਹੋਈ ਭੀੜ ਦੇ
ਹੱਥ ਵਿਚ ਪਕੜੇ ਵੱਟੇ;
ਇਹ ਦਸਦੇ ਨੇ ਲੋਕ ਆਪਣੀ ਸਭਿਅਤਾ ਤੋਂ ਕੱਟੇ।

ਹਰ 'ਹਸਾਸ ਅੱਖ ਦੇ ਵਿਚੋਂ,
ਤ੍ਰਿਪ ਤ੍ਰਿਪ ਹੰਝੂ ਚੋਵੇ,
ਮਾਨਵਤਾ ਵਿਚ ਡੁੱਬੀ ਹੋਈ, ਖ਼ੂਨ ਦੇ ਅਥਰੂ ਰੋਵੇ।

ਸਾਂਝੇ ਪੀਰ ਫ਼ਕੀਰ ਕਦੇ ਸਨ ਸਾਂਝੀਆਂ ਪਿੱਪਲ-ਛਾਵਾਂ,
ਪਰ ਅੱਜ ਸੱਤ ਬੇਗਾਨੀਆਂ ਹੋਈਆਂ,
ਆਪਣੀਆਂ ਹੀ ਮਾਵਾਂ।

ਖੇਡ ਵਿਦੇਸ਼ੀ ਕ੍ਰਿਕਟ ਦੀ ਤਾਂ
ਸਭ ਨੂੰ ਚੰਗੀ ਲੱਗੇ,
ਮਾਨਵਤਾ ਨੂੰ ਮਾਨਣ ਪੱਖੋਂ, ਅਸੀਂ ਸੁਦੇਸ਼ੀ ਢੱਗੇ।

ਕੋਈ ਸਿੱਖ ਬਣਿਆ ਕੋਈ ਹਿੰਦੂ,
ਅਸੀਂ ਰਹੇ ਨਾ ਬੰਦੇ,
ਬਾਬੇ ਨਾਨਕ ਸਚ ਕਿਹਾ ਜੀ, ਅਮਲਾਂ ਬਾਝੋਂ ਗੰਦੇ।

ਸਾਡੇ ਪਰਚਾਰਕ ਵੀ ਹੁਣ ਤਾਂ
ਸਿਆਸਤਦਾਨ ਨੇ ਹੋਏ,
ਆਪਣੇ ਪਾਪਾਂ ਨੂੰ ਹੁਣ ਕੋਈ, ਕਿਹੜੀ ਗੰਗਾ ਧੋਏ।

੨੯ ਵਾਟਰਵੇਲ ਬੌਲਿਵਰਡ,
ਟੇਲਰਜ਼ ਹਿੱਲ-੩੦੩੭
(ਵਿਕਟੋਰੀਆ) ਅਸਟ੍ਰੇਲੀਆ)



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਇਕ ਕਹਾਣੀ ਜੋ ਕਹਾਣੀ ਨਹੀਂ ਹੈ

*—ਜਾਗੀਰ ਸਿੰਘ*

ਮੈਂ ਦਫਤਰ ਪੁੱਜਾ ਹੀ ਸਾਂ ਕਿ ਮੇਰੀ ਅਸਿਸਟੈਂਟ ਜਸਵਿੰਦਰ ਕੌਰ ਬਰਫੀ ਦਾ ਡੱਬਾ ਲੈ ਕੇ ਮੇਰੇ ਕੈਬਿਨ ਵਿਚ ਆ ਗਈ। ਉਸ ਨਾਲ ਦਫਤਰ ਦੀ ਕਲਰਕ ਕੁਲਵਿੰਦਰ ਸੀ। ਉਸਨੇ ਕਿਹਾ-

ਲਓ ਸਰ, ਬਰਫੀ ਦਾ ਪਰਸ਼ਾਦ ਛਕੋ ਅਤੇ ਜਸਵਿੰਦਰ ਨੂੰ ਵਧਾਈ ਦਿਓ।

ਮੈਂ ਪੁੱਛਿਆ-ਕੀ ਖੁਸ਼ੀਆਂ ਹਨ ?

-ਇਹਨਾਂ ਨੂੰ ਗੁਰਦੁਆਰਾ ਸਾਹਿਬ ਤੋਂ ਡੇਟ ਮਿਲ ਗਈ ਹੈ।

-ਕਾਹਦੀ ਡੇਟ ?

-ਬਾਬਾ ਜੀ ਨੂੰ ਰੁਮਾਲਾ ਚੜ੍ਹਾਉਣ ਦੀ ਡੇਟ, ਇਹ ਪਿਛਲੇ ਸਾਲ ਤੋਂ ਡੇਟ ਮੰਗ ਰਹੇ ਸਨ। ਹੁਣ ਜਾ ਕੇ ਮਹਾਰਾਜ ਨੇ ਇਹਨਾਂ ਦੀ ਸੁਣੀ ਹੈ। ਇਹਨਾਂ ਨੇ ਸੁਖਣਾ ਸੁੱਖੀ ਹੋਈ ਸੀ ਜਦੋਂ ਜਸਵਿੰਦਰ ਦੀ ਨੌਕਰੀ ਲੱਗੇਗੀ ਉਦੋਂ ਬਾਬਾ ਜੀ ਨੂੰ ਰੁਮਾਲਾ ਭੇਟ ਕਰਾਂਗੀ। ਹੁਣ ਇਹਨਾਂ ਨੂੰ ਕਲ੍ਹ ਦੀ ਡੇਟ ਮਿਲੀ ਹੈ।

-ਰੁਮਾਲਾ ਚੜ੍ਹਾਉਣ ਲਈ ਵੀ ਡੇਟ ਲੈਣੀ ਪੈਂਦੀ ਹੈ? ਮੈਂ ਹੈਰਾਨੀ ਨਾਲ ਪੁੱਛਿਆ।

-ਸਰ ਇਹ ਕੋਈ ਸਧਾਰਨ ਰੁਮਾਲਾ ਨਹੀਂ ਹੈ। ਇਹ ਟੀ. ਵੀ. ਉੱਤੇ ਸਾਰੀ ਦੁਨੀਆ ਵਿਚ ਦੇਖਿਆ ਜਾਣਾ ਹੈ। ਤੁਸੀਂ ਕਲ੍ਹ ਚਾਰ ਵਜੇ ਟੀ.ਵੀ. ਜ਼ਰੂਰ ਦੇਖਣਾ।

ਤੀਜੇ ਦਿਨ ਜਸਵਿੰਦਰ ਦਫਤਰ ਆਈ। ਉਹ ਕੁਝ ਉਦਾਸ ਜਿਹੀ ਸੀ।

ਮੈਂ ਪੁੱਛਿਆ-ਚੜ੍ਹਾ ਆਏ ਰੁਮਾਲਾ ?

-ਹਾਂ ਜੀ ਚੜ੍ਹਾ ਤਾਂ ਆਏ, ਪਰ ਥੋੜ੍ਹੀ ਜਿਹੀ ਪਰੇਸ਼ਾਨੀ ਹੋ ਗਈ। ਜਦੋਂ ਅਸੀਂ ਰੁਮਾਲਾ ਲੈ ਕੇ ਗਏ ਤਾਂ ਭਾਈ ਸਾਹਿਬ ਨੇ ਪੁੱਛਿਆ ਕਿ ਤੁਸੀਂ ਰੁਮਾਲਾ ਕਿਥੋਂ ਲੈ ਕੇ ਆਏ ਹੋ ਤਾਂ ਅਸੀਂ ਦੱਸਿਆ ਕਿ ਅਸੀਂ ਤਾਂ ਆਪਣੇ ਸ਼ਹਿਰ ਤੋਂ ਲੈ ਕੇ ਆਏ ਹਾਂ ਤਾਂ ਭਾਈ ਸਾਹਿਬ ਕਹਿਣ ਲੱਗੇ-ਇਹ ਰੁਮਾਲਾ ਤਾਂ ਨਹੀਂ ਚੜ੍ਹਾਇਆ ਜਾ ਸਕਦਾ, ਤੁਸੀਂ ਫਲਾਣੀ ਦੁਕਾਨ ਤੋਂ ਰੁਮਾਲਾ ਲੈ ਕੇ ਆਉਣਾ ਸੀ। ਫਿਰ ਅਸੀਂ ਆਪਣੇ ਚੇਅਰਮੈਨ ਸਾਹਿਬ ਦੀ ਸਿਫਾਰਿਸ਼ ਪੁਆਈ ਤਾਂ ਭਾਈ ਸਾਹਿਬ ਰੁਮਾਲਾ ਚੜ੍ਹਾਉਣ ਲਈ ਮੰਨੇ।

-ਇਹ ਰੁਮਾਲਾ ਕਿੰਨੇ ਦਾ ਸੀ ?

ਜਦੋਂ ਮੈਂ ਉਸ ਦੀ ਕੀਮਤ ਸੁਣੀ ਤਾਂ ਹੈਰਾਨ ਪਰੇਸ਼ਾਨ ਹੋ ਗਿਆ। ਜਸਵਿੰਦਰ ਨੇ ਆਪਣੀ ਛੇ ਮਹੀਨੇ ਦੀ ਤਨਖਾਹ ਇਸ ਰੁਮਾਲੇ ਤੇ ਖਰਚ ਕਰ ਦਿੱਤੀ ਸੀ। ਉਸ ਦਾ ਪਤੀ ਦਫਤਰ ਦਾ ਡਰਾਈਵਰ ਹੈ। ਜਸਵਿੰਦਰ ਦੇ ਪਿਤਾ ਨੇ ਆਪਣੀ ਐਮ. ਏ. ਪਾਸ ਇਸ ਲੜਕੀ ਦੀ ਸ਼ਾਦੀ ਡਰਾਈਵਰ ਨਾਲ ਇਸ ਲਈ ਕੀਤੀ ਕਿ ਉਸ ਦੀ ਨੌਕਰੀ ਪੱਕੀ ਸੀ ਅਤੇ ਜਸਵਿੰਦਰ ਦੀ ਨੌਕਰੀ ਕੱਚੀ ਸੀ। ਇਹਨਾਂ ਦੇ ਦੋ ਛੋਟੇ ਛੋਟੇ ਬੱਚੇ ਹਨ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਇਸ ਸ਼ਰਧਾ ਤੇ ਖੁਸ਼ ਹੋਵਾਂ ਕਿ ਦੁਖੀ ਹੋਵਾਂ। ਅਸੀਂ ਸ਼ਬਦ ਗੁਰੂ ਦੇ ਸਿੱਖ ਕਿਹੜੇ ਪਾਸੇ ਜਾ ਰਹੇ ਹਨ। ਅੱਜ ਹਰ ਟੀ. ਵੀ. ਚੈਨਲ ਤੇ ਗੁਰਬਾਣੀ ਦਾ ਕੀਰਤਨ ਪਰਸਾਰਿਤ ਹੋ ਰਿਹਾ ਹੈ। ਗੁਰਬਾਣੀ ਤਾਂ ਹੇਠ ਲਿਖੇ ਅਨੁਸਾਰ ਕੁਝ ਫੁਰਮਾਨ ਕਰਦੀ ਹੈ-

ਨਾਨਕ ਸਬਦੁ ਵੀਚਾਰੀਐ ਪਾਈਐ ਗੁਣ ਨਿਧਾਨ...

ਊਤਮ ਕਰਣੀ ਸਬਦ ਬੀਚਾਰ...

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ...

ਗੁਰਬਾਣੀ ਦਾ ਪ੍ਰਭਾਵ ਕਿਥੇ ਪੈ ਰਿਹਾ ਹੈ। ਮੈਨੂੰ ਸਮਝ ਨਹੀਂ ਆ ਰਹੀ। ਪਾਠਕ ਜੀ, ਤੁਸੀਂ ਹੀ ਕੁਝ ਦੱਸੋ।

*(ਫਰਵਰੀ ੨੦੧੦, 'ਅੰਮ੍ਰਿਤ ਕੀਰਤਨ' ਵਿੱਚੋਂ)*



Namdhari Elibrary NamdhariElibrary@gmail.com

# ਭਾਈ ਹਰਨਾਮ ਸਿੰਘ ਰਾਗੀ ਅਤੇ ਉਨ੍ਹਾਂ ਦਾ ਸਮਾਂ

*—ਬਲਬੀਰ ਸਿੰਘ ਕੰਵਲ ਲੰਡਨ*

"ਬਾਬਾ ਕੇਸਰ ਸਿੰਘ (ਚਵਿੰਡਾ, ਜ਼ਿਲ੍ਹਾ ਸਿਆਲਕੋਟ ਪ੍ਰਸਿੱਧ ਸੰਤ ਮਹਾਂਪੁਰਖ ਜਿਹੜੇ ਕੇਸਰ ਕਿੱਲੀ ਕਰਕੇ ਵਧੇਰੇ ਜਾਣੇ ਜਾਂਦੇ ਸਨ) ਜੀ ਦਾ ਖਾਲਸਾ ਕਾਲਜ ਵਿਚ ਛੇ ਕੁ ਮਹੀਨੇ ਤੋਂ ਆਉਣ ਜਾਣ ਸੀ। ਇਹ ਆਪਣੇ ਨਾਲ ਭਾਈ ਹਰਨਾਮ ਸਿੰਘ ਜੀ ਰਾਗੀ (ਚਵਿੰਡੇ ਵਾਲੇ), ਭਾਈ ਸੋਹਨ ਸਿੰਘ ਜੀ ਅਤੇ ਹੋਰ ਜਥਾ ਲਿਆਉਂਦੇ ਅਤੇ ਕਾਲਜ ਦੀ ਧਰਮਸ਼ਾਲਾ ਵਿਚ ਕੀਰਤਨ ਕਰਦੇ। ਏਸ ਵਾਰੀ ਸਤਿਗੁਰ ਜੀ ਕਿਸੇ ਖਾਸ ਖੇਡ ਵਿਚ ਇਕ ਹੀ ਸੇਵਾਦਾਰ ਲੈ ਕੇ ਆ ਗਏ ਸਨ। ਭਾਈ ਹਰਨਾਮ ਸਿੰਘ ਜੀ ਰਾਗੀ ਦਾ ਕੀਰਤਨ ਹੋ ਰਿਹਾ ਸੀ। ਇਹਨਾਂ ਨੇ ਪੂਰੇ ਜ਼ੋਰ, ਪ੍ਰੇਮ ਅਤੇ ਵੈਰਾਗ ਵਿਚ ਸ਼ਬਦ ਪ੍ਰਮਾਣ ਸਹਿਤ ਦੋ ਕੁ ਘੰਟੇ ਲਾ ਕੇ "ਨਾ ਜੀਐ ਕੋਈ ਰਾਮ ਬਿਓਗੀ, ਜੀਐ ਤ ਬਉਰਾ ਹੋਇ" ਦੀ ਧਾਰਨਾ ਤੇ ਪੜ੍ਹਿਆ:-

ਕਬੀਰ ਬਿਰਹੁ ਭੁਯੰਗਮੁ ਮਨ ਬਸੈ ਮੰਤੁ ਨਾ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥

ਸਾਰੀ ਸੰਗਤ ਤੇ ਵੈਰਾਗ ਅਤੇ ਪ੍ਰੇਮ ਦਾ ਉਹ ਰੰਗ ਛਾਇਆ ਕਿ ਉਸ ਵੇਲੇ ਸਾਰੀ ਦੁਨੀਆ ਫਨਾਹ ਭਾਸਣ ਲੱਗ ਪਈ ਅਤੇ ਅੰਦਰੋਂ ਆਤਮ-ਰਸ ਦੇ ਹੁਲਾਰੇ ਆਉਣ ਲੱਗ ਪਏ। ਸ਼ਾਮ ਵੇਲੇ ਕੀਰਤਨ ਦਾ ਭੋਗ ਪਿਆ। ਜਦ ਦਾਸ ਟੁਰਨ ਲੱਗਾ ਤਦ ਬਾਬਾ ਕੇਸਰ ਸਿੰਘ ਜੀ ਨੇ ੧੭ ਜੇਠ ਨੂੰ ਭੈਣੀ ਸਾਹਿਬ ਵਿਖੇ ਬਾਬਾ ਹਰੀ ਸਿੰਘ ਜੀ ਮਹਾਰਾਜ ਦੇ ਅਕਾਲ ਚਲਾਣੇ ਸੰਬੰਧੀ ਜੱਗ ਤੇ ਹਾਜ਼ਰ ਹੋਣ ਲਈ ਪੱਕੀ ਕੀਤੀ।"

ਜੀਵਨ ਕਥਾ– ਸੰਤ ਅਤਰ ਸਿੰਘ ਜੀ ਮਹਾਰਾਜ ਵਲੋਂ ਤੇਜਾ ਸਿੰਘ ਭਾਸ਼ਾ ਵਿਭਾਗ (੧੯੭੦) ਸਫਾ ੨੭੦ ਉਪਰੋਕਤ ਸ਼ਬਦ ਕਿਸੇ ਆਮ ਮਾੜੇ ਭੀੜੇ ਬੰਦੇ ਦੇ ਨਹੀਂ, ਬਲਿਕ ਇਕ ਮਹਾਂ-ਪੁਰਖ, ਮਹਾਂ-ਵਿਦਵਾਨ, ਸੰਤ ਅਤਰ ਸਿੰਘ ਜੀ ਦੇ ਇਕ ਅਨਿੰਨ ਭਗਤ ਦੇ ਹਨ, ਜਿਨ੍ਹਾਂ ਦੀ ਸਿੱਖੀ ਦੇ ਪਰਚਾਰ ਪਰਸਾਰ ਲਈ ਬੜੀ ਵੱਡੀ ਦੇਣ ਹੈ। ਆਪ ਦਾ ਜਨਮ ਤਾਂ ਭਾਵੇਂ ਗੁਜਰਾਂਵਾਲਾ ਹੋਇਆ ਸੀ, ਪਰ ਸੰਤ ਅਤਰ ਸਿੰਘ ਜੀ ਦੀ ਚਾਹਨਾ ਨੂੰ ਮੁੱਖ ਰੱਖਦਿਆਂ, ੧੯੦੬ ਵਿਚ ਆਪ ਇੰਗਲੈਂਡ ਉਚੇਰੀ ਪੜ੍ਹਾਈ ਅਤੇ ਦੇਸ਼ਾਂ ਬਦੇਸ਼ਾਂ ਵਿਚ ਖਾਲਸੇ ਦਾ ਬੋਲਬਾਲਾ ਕਰਨ ਹਿੱਤ ਕਮਰਕੱਸਾ ਕਰਕੇ ਏਧਰ ਆ ਪਧਾਰੇ ਸਨ। ਉਨ੍ਹਾਂ ਸਮਿਆਂ ਵਿਚ ਆਪ ਸਭ ਤੋਂ ਪਹਿਲੇ ਸਿੱਖ ਸਨ, ਜਿਹੜੇ ਕੈਂਬਰਿਜ ਯੂਨੀਵਰਸਿਟੀ ਵਿਚ ਦਾਖਲਾ ਲੈ ਕੇ ਦਸਤਾਰ ਸਮੇਤ ਪੜ੍ਹਨ ਜਾਂਦੇ ਸਨ, ਨਹੀਂ ਤਾਂ ਉਸ ਤੋਂ ਪਹਿਲਾਂ ਯੂਨੀਵਰਸਿਟੀ ਦਾ ਕੱਟੜ ਅਸੂਲ ਇਹ ਸੀ ਕਿ ਏਥੇ ਹਰ ਵਿਦਿਆਰਥੀ ਲਈ ਟੋਪੀ ਅਤੇ ਗਾਊਨ ਪਹਿਨਣਾ ਜ਼ਰੂਰੀ ਹੁੰਦਾ ਸੀ। ਆਪ ਨੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਖਾਲਸੇ ਲਈ ਕੇਸਾਂ ਅਤੇ ਦਸਤਾਰ ਦੀ ਮਹੱਤਤਾ ਨੂੰ ਦ੍ਰਿੜਾਉਂਦਿਆਂ ਉਨ੍ਹਾਂ ਨੂੰ ਕਾਇਲ ਕੀਤਾ ਤਾਂ ਜਾ ਕੇ ਉਹ ਉਨ੍ਹਾਂ ਅੱਗੇ ਝੁਕੇ ਅਤੇ ਸਿੱਖੀ ਸਰੂਪ ਵਿਚ ਯੂਨੀਵਰਸਿਟੀ ਵਿਚ ਆਉਣ ਦੀ ਖੁਲ੍ਹੀ ਛੁੱਟੀ ਦੇ ਦਿੱਤੀ, ਜਿਸ ਨਾਲ ਅਗਾਂਹ ਤੋਂ ਵੀ ਸਿੱਖ ਵਿਦਿਆਰਥੀਆਂ ਲਈ ਰਾਹ ਪੱਧਰਾ ਹੋ ਗਿਆ ਸੀ। ਅੱਜ ਤੋਂ ਕਰੀਬਨ ਇਕ ਸਦੀ ਪਹਿਲਾਂ ਮਹਾਰਾਜਾ ਪਟਿਆਲਾ, ਭੁਪਿੰਦਰ ਸਿੰਘ ਨੇ ੧੯੦੮ ਵਿਚ ਜਦੋਂ ਸਿੱਖਾਂ ਨੂੰ ਸਭ ਤੋਂ ਪਹਿਲਾਂ ਸ਼ੈਪਰਡਬੁਸ਼ ਗੁਰਦਵਾਰਾ ਖਰੀਦ ਕੇ ਦਿੱਤਾ, ਤਾਂ ਉਸ ਵਿਚ ਵੀ ਆਪ ਦੀ ਅਹਿਮ ਭੂਮਿਕਾ ਸੀ।

ਵਰਨਣ ਕੀਤੇ ਗਏ ਬਾਬਾ ਹਰੀ ਸਿੰਘ ਕਿਉਂਕਿ ੧੭ ਮਈ ਨੂੰ ਚੜ੍ਹਾਈ ਕਰ ਗਏ ਸਨ, ਇਸ ਲਈ ਉਪਰ ਛੋਹਿਆ ਗਿਆ ਬ੍ਰਿਤਾਂਤ ਉਨ੍ਹਾਂ ਦਿਨਾਂ ਦਾ ਹੈ ਅਤੇ ਲਿਖਣਹਾਰੇ ਵਿਦਵਾਨ ਲੇਖਕ ਦਾ ਸਮੁੰਦਰੀ ਜਹਾਜ਼ ਬੰਬਈ ਤੋਂ ਬਰਤਾਨੀਆ ਵਾਸਤੇ ਉਸ ਤੋਂ ਤਿੰਨ ਕੁ ਮਹੀਨੇ ਬਾਅਦ ਛੇ ਅਗਸਤ ੧੯੦੬ ਨੂੰ ਰਵਾਨਾ ਹੋਇਆ ਸੀ। ਉੱਪਰ ਦਿੱਤਾ ਗਿਆ ਹਵਾਲਾ ਬਾਬਾ ਕੇਸਰ ਸਿੰਘ ਕੇਸਰ ਕਿੱਲੀ (੧੮੩੦ ਈ.-੧੯੨੫) ਨਾਲ ਸ਼ੁਰੂ ਹੁੰਦਾ ਹੈ, ਜਿਹੜੇ ਇਕ ਤਰ੍ਹਾਂ ਨਾਲ ਯੁਗ ਪਲਟਾਊ ਵਰਗੀ ਸ਼ਖਸੀਅਤ ਦੇ ਸੁਆਮੀ ਸਨ। ਦੇਸ਼ਾਂ ਦੇਸ਼ਾਂਤਰਾਂ ਵਿਚ ਪ੍ਰਸਿੱਧੀ ਹਾਸਲ ਕਰਨ ਵਾਲੇ ਸੁਤੰਤਰਤਾ ਸੰਗਰਾਮੀ ਬਾਬਾ ਸੋਹਣ ਸਿੰਘ ਭਕਨਾ ਵੀ ਉਨ੍ਹਾਂ ਦੇ ਪਏ ਪ੍ਰਭਾਵ ਨੂੰ ਅਕਸਰ ਸਵੀਕਾਰਿਆ ਕਰਦੇ ਸਨ। ਵਿਦਵਾਨ ਲੇਖਕ ਦੀ ਲਿਖਤ ਕਿਉਂਕਿ ਇਕ ਸਨਅਦੀ ਹੈਸੀਅਤ ਰੱਖਦੀ ਹੈ, ਅਤੇ ਉੱਪਰ ਦਿੱਤੇ ਗਏ ਹਵਾਲੇ ਦੇ ਅਗਲੇ ਤਿੰਨ ਪੈਰ੍ਹੇ ਵੀ ਕਿਉਂਕਿ ਬੇਹੱਦ ਮਹੱਤਵਪੂਰਨ ਰੌਸ਼ਨੀ ਪ੍ਰਦਾਨ ਕਰਦੇ ਹਨ, ਇਸ ਲਈ ਅਸੀਂ ਚਾਹਵਾਂਗੇ ਕਿ ਸੂਝਵਾਨ ਪਾਠਕਾਂ ਨਾਲ ਉਹ ਵੀ ਸਾਂਝੇ ਕੀਤੇ ਜਾਣ। ਉਹ ਇਸ ਪ੍ਰਕਾਰ ਹਨ-

"ਮੈਂ ਭੈਣੀ ਸਾਹਿਬ ਵਲ ਟੁਰ ਪਿਆ। ਦਿਨ ਡੁੱਬਣ ਦੇ ਦੋ ਘੜੀ ਮਗਰੋਂ ਉਥੇ ਅਪੜਿਆ। ਪਿੰਡ ਵੜਦਿਆਂ ਹੀ ਬਾਬਾ ਕੇਸਰ ਸਿੰਘ ਜੀ ਦੀ ਪੁਛ ਪੜਤਾਲ ਕੀਤੀ। ਪ੍ਰੇਮੀਆਂ ਨੇ ਦੱਸਿਆ ਕਿ ਬਾਬਾ ਜੀ ਤਾਂ ਬਾਹਰ ਟਿੱਬਿਆਂ ਤੇ ਚਲੇ ਗਏ ਹਨ, ਪਰ ਉਹਨਾਂ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਰਾਗੀ ਏਥੇ ਹੀ ਹਨ। ਇਕ ਸਿੱਖ ਦਾਸ ਨੂੰ ਭਾਈ ਹਰਨਾਮ ਸਿੰਘ ਜੀ ਪਾਸ ਲੈ ਗਿਆ। ਇਹਨਾਂ ਨੇ ਬੜੇ ਪ੍ਰੇਮ ਨਾਲ ਪਰਸ਼ਾਦ ਛਕਾਇਆ। ਉਪਰੰਤ ਫੇਰ ਸਾਰੇ ਦੇ ਸਾਰੇ ਬਾਬਾ ਕੇਸਰ ਸਿੰਘ ਜੀ ਪਾਸ ਟਿੱਬਿਆਂ ਤੇ ਚਲੇ ਗਏ। ਬਾਬਾ ਕੇਸਰ ਸਿੰਘ ਜੀ ਰੇਤ ਤੇ ਹੀ ਆਸਣ ਜਮਾਈ ਬੈਠੇ ਸਨ, ਦਾਸ ਵੀ ਇਹਨਾਂ ਦੇ ਪਾਸ ਹੀ ਬੈਠ ਗਿਆ। ਇਹ ਬੜੇ ਪ੍ਰਸੰਨ ਹੋਏ ਤੇ ਦਾਸ ਦੀ


Namdhari Elibrary NamdhariElibrary@gmail.com

ਕੰਡ ਤੇ ਹੱਥ ਫੇਰ ਕੇ ਕਹਿਣ ਲੱਗੇ, "ਪੁੱਤਰ! ਤੈਨੂੰ ਬੜਾ ਭਾਗ ਲਗੇਗਾ; ਤੂੰ ਵਲਾਇਤ ਵਿਚ ਜਾ ਕੇ ਨਾਮ ਦਾ ਚੱਕਰ ਚਲਾਏਂਗਾ।" ਫੇਰ ਇਕ ਖਾਸ ਰੰਗ ਵਿਚ ਆ ਕੇ ਆਪਣੀ ਵਿਥਿਆ ਸੁਣਾਉਣ ਲੱਗ ਪਏ—"ਪੁੱਤਰ! ਮੈਂ ਪਹਿਲਾਂ ਰਾਮ ਨਾਮ ਜਪਦਾ ਸੀ। ਇਕ ਦਿਨ ਮੈਨੂੰ ਬਾਬਾ ਰਾਮ ਸਿੰਘ ਜੀ ਮਹਾਰਾਜ ਜੰਗਲ ਵਿਚ ਮਿਲੇ। ਮੇਰੇ ਤੇ ਕਿਰਪਾ ਦਰਿਸ਼ਟੀ ਹੋਈ, ਮੈਨੂੰ ਕੰਨ ਵਿਚ ਵਾਹਿਗੁਰੂ ਮੰਤਰ ਦਿੱਤਾ। ਉਸ ਵੇਲੇ ਮੈਂ ਮਸਤਾਨਾ ਹੋ ਗਿਆ, ਨਾਮ ਦੀ ਉਹ ਖੁਮਾਰੀ ਚੜ੍ਹੀ ਕਿ ਆਖੀ ਨਹੀਂ ਜਾ ਸਕਦੀ। ਪੁੱਤਰ! ਰਾਮ ਨਾਮ ਸੌ ਵਾਰੀ ਆਖਿਆ ਅਤੇ ਵਾਹਿਗੁਰੂ ਮੰਤ੍ਰ ਇਕ ਵਾਰੀ ਆਖਿਆ ਮੈਨੂੰ ਬਰਾਬਰ ਭਾਸੇ। ਬਾਬਾ ਜੀ ਦੇ ਬਚਨ ਬਿਲਾਸ ਸੁਣਨ ਲਈ ਕਈ ਹੋਰ ਪੁਰਾਣੇ ਨਾਮਧਾਰੀਏ ਵੀ ਟਿੱਬੇ ਤੇ ਆ ਗਏ। ਇਹਨਾਂ ਵਿਚ ਬਾਬਾ ਕਿਸ਼ਨ ਸਿੰਘ ਜੀ ਦੇ ਦੋ ਸਾਥੀ ਵੀ ਸਨ।

ਫੇਰ ਤਾਂ ਬਾਬਾ ਰਾਮ ਸਿੰਘ ਜੀ ਮਹਾਰਾਜ ਅਤੇ ਬਾਬਾ ਹਰੀ ਸਿੰਘ ਜੀ ਮਹਾਰਾਜ ਦੀਆਂ ਪਿਛਲੀਆਂ ਸਾਖੀਆਂ ਦਾ ਹੜ੍ਹ ਚਲ ਪਿਆ, ਜਿਨ੍ਹਾਂ ਦਾ ਤੱਤ ਇਹ ਸੀ ਕਿ ਬਾਬਾ ਰਾਮ ਸਿੰਘ ਜੀ ਮਹਾਰਾਜ ਸਦਾ ਹੀ ਆਪਣੇ ਆਪ ਨੂੰ ਗੁਰੂ ਕਲਗੀਆਂ ਵਾਲੇ ਪਾਤਸ਼ਾਹ ਦਾ ਚੌਕੀਦਾਰ ਕਹਿੰਦੇ। ਆਖਦੇ, 'ਭਾਈ! ਅਸੀਂ ਹੁਕਮ ਵਿਚ ਮਾਲਕ ਦਾ ਢੰਡੋਰਾ ਦੇਣ ਆਏ ਹਾਂ।' ਜਦ ਇਹਨਾਂ ਆਪਣੇ ਛੋਟੇ ਭਾਈ ਬਾਬਾ ਹਰੀ ਸਿੰਘ ਜੀ ਮਹਾਰਾਜ ਨੂੰ ਕਾਰ ਸੌਂਪੀ, ਤਦ ਇਹ ਬਚਨ ਕੀਤਾ, 'ਤੁਹਾਡੇ ਪਹਿਰੇ ਵਿਚ ਲੰਗਰ ਦੀ ਖੇਡ ਪੂਰੀ ਚਲੇਗੀ, ਪਰ ਨਾਮ ਦੀ ਕਲਾ ਸਾਡੇ ਨਾਲੋਂ ਕੁਝ ਘਟ ਜਾਏਗੀ। ਫਲਾਨੇ ਸੰਮਤ, ਫਲਾਨੇ ਮਹੀਨੇ, ਫਲਾਨੇ ਦਿਨ ਤੁਹਾਡੀ ਚੜ੍ਹਾਈ ਹੋਵੇਗੀ। ਉਸ ਦੇ ਮਗਰੋਂ ਨਾਮ ਦੀ ਖੇਡ ਇਕ ਹੋਰ ਥਾਂ ਖੁਲ੍ਹੀ ਪ੍ਰਗਟ ਹੋਵੇਗੀ।'

ਮਾਲਕ ਦੇ ਸੇਵਕ ਸਦਾ ਹੀ ਆਪਣੇ ਮਾਲਕ ਦਾ ਹੁਕਮ ਪ੍ਰਗਟ ਕਰਦੇ ਹੁੰਦੇ ਹਨ। 'ਰਾਮ ਸਿੰਘ ਪੂਰੇ, ਅਤਰ ਸਿੰਘ ਸੂਰੇ' ਨੇ ਆਪਣੇ ਆਪਣੇ ਸਮੇਂ ਆਪਣੀ ਆਪਣੀ ਜੁਗਤ ਅਨੁਸਾਰ ਸਤਿਗੁਰੂ ਸੱਚੇ ਪਾਤਸ਼ਾਹ ਵਲੋਂ ਹੁਕਮ ਦੀ ਕਾਰ ਕਰਨੀ ਸੀ ਅਤੇ ਦ੍ਰਿਸ਼ਟਮਾਨ ਵਿਚ ਫਸੀਆਂ ਹੋਈਆਂ ਰੂਹਾਂ ਨੂੰ ਨਾਮ ਕਣੀ ਦੇ ਕੇ ਅਭਿਆਸੀ ਬਣਾਉਣਾ ਸੀ। ਪੂਰੇ ਨੇ ਤਾਂ ਨਾਮ ਜਪਾ ਕੇ ਨਾਮ ਬਾਣੀ ਵਿਚ ਭਿੰਨੀ ਹੋਈ ਇਕ ਸੰਗਤ ਪ੍ਰਗਟ ਕਰਨੀ ਸੀ ਅਤੇ ਸੂਰੇ ਨੇ ਆਪਣਾ ਆਪ ਮਿਟਾ ਕੇ, ਆਪਣਾ ਜਪ, ਆਪਣਾ ਤਪ, ਆਪਣਾ ਸਿਮਰਨ–ਨਹੀਂ! ਨਹੀਂ! ਆਪਣਾ ਰੋਮ ਰੋਮ ਖਾਲਸਾ ਜੀ ਵਿਚ ਲੈ ਕਰਨਾ ਸੀ।" ਉਹੀ ਸਫਾ ੨੭੧-੨੭੨

ਹਰਨਾਮ ਸਿੰਘ ਰਾਗੀ ਦਾ ਵਰਨਣ ਰੱਬੀ ਰੰਗ ਵਿਚ ਰੰਗੀਜੇ ਇਸ ਲਿਖਾਰੀ ਤੋਂ ਛੁੱਟ, ਉਸ ਸਮੇਂ ਦੇ ਕੁਝ ਹੋਰਨਾਂ ਵੱਡੇ ਕਲਮਕਾਰਾਂ ਨੇ ਵੀ ਕੀਤਾ ਹੈ ਜਿਵੇਂ ਕਿ ਸਿੱਖ ਪੰਥ ਦੇ ਪ੍ਰਸਿੱਧ ਫਿਲਾਸਫਰ ਪ੍ਰਿੰਸੀਪਲ ਗੰਗਾ ਸਿੰਘ ਆਪਣੀ ਕਿਤਾਬ "ਸਿੱਖ ਧਰਮ ਫਿਲਾਸਫੀ" ਵਿਚ ਉਸਦਾ ਜ਼ਿਕਰ ਇਨ੍ਹਾਂ ਸ਼ਬਦਾਂ ਰਾਹੀਂ ਕਰਦੇ ਹਨ।

"ਇਹਨਾਂ ਗੁਰਪੁਰੀ ਸਿਧਾਰ ਚੁੱਕੇ ਸਿੰਘਾਂ ਤੋਂ ਬਿਨਾਂ ਬ੍ਰਿਧਾਂ ਵਿਚੋਂ ਭਾਈ ਜੁਆਲਾ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਨਾਮਧਾਰੀ, ਤੇ ਨੌਜੁਆਨਾਂ ਵਿਚੋਂ ਅੰਮ੍ਰਿਤਸਰ ਵਾਲੇ ਭਾਈ ਸੰਤਾ ਸਿੰਘ, ਨਨਕਾਣੇ ਸਾਹਿਬ ਵਾਲੇ ਭਾਈ ਸਮੁੰਦ ਸਿੰਘ, ਭਾਈ ਪਿਆਰਾ ਸਿੰਘ, ਭਾਈ ਗੁਰਮੁਖ ਸਿੰਘ ਤੇ ਭਾਈ ਗਿਆਨ ਸਿੰਘ ਅਲਮਸਤ ਜਿਹੇ ਕਈ ਪ੍ਰਸਿੱਧ ਰਾਗੀ ਹਨ।" (ਸਫਾ ੪੨)

ਇਸ ਤਰ੍ਹਾਂ ਨਾਲ ਹਰਨਾਮ ਸਿੰਘ ਦੇ ਬਹੁਤੇ ਸਮਕਾਲੀ ਉਸਦੇ ਗੁਣ-ਗਿਆਨ ਕਰਕੇ ਵੀ ਮੰਨਦੇ। ਬਾਬਾ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ੧੯੨੯ ਈ. ਵਿਚ ਜਦੋਂ ਸੰਗੀਤ ਵਿਦਿਆਲਾ ਖੋਲ੍ਹਿਆ ਤਾਂ ਓਥੇ ਤਲਵੰਡੀ ਘਰਾਣੇ ਦੇ ਉਸਤਾਦ ਊਧੋ ਖਾਂ ਅਤੇ ਉਨ੍ਹਾਂ ਦੇ ਪੁੱਤਰ ਰਹੀਮ ਬਖਸ਼ ਨੂੰ ਵੀ ਰੱਖਿਆ ਗਿਆ ਸੀ, ਪਰ ਸਰਵ ਪ੍ਰਥਮ ਅਧਿਆਪਕ ਦੇ ਤੌਰ ਤੇ ਨਿਯੁਕਤੀ ਇਨ੍ਹਾਂ ਦੀ ਹੀ ਹੋਈ ਸੀ। ਤਾਊਸ ਆਪ ਦਾ ਮਨਭਾਉਂਦਾ ਸਾਜ਼ ਸੀ ਅਤੇ ਧਰੁੱਪਦ ਅੰਗ 'ਚ ਗਾ ਕੇ ਆਪ ਰੰਗ ਬੰਨ ਦਿੰਦੇ ਸਨ। ਆਪ ਸਤਿਗੁਰੂ ਬਾਬਾ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਦੇ ਵਿਦਿਆਦਾਤੇ ਵੀ ਸਨ। ਕਦੇ ਕਦੇ ਸਿੱਧੀਆਂ ਸਾਦੀਆਂ ਧਾਰਨਾ ਵਿਚ ਵੀ ਗਾਇਨ ਕਰਦੇ। ਜੋੜੀ ਤੇ ਆਪ ਨਾਲ ਕੁਝ ਵਰ੍ਹੇ ਪਹਿਲਾਂ ਭਾਈ ਹਰਨਾਮ ਸਿੰਘ ਜੰਮੂ ਵਾਲੇ ਦੇ ਬੇਟੇ ਭਾਈ ਪ੍ਰਤਾਪ ਸਿੰਘ ਸੰਗਤ ਕਰਦੇ ਰਹੇ, ਪਿੱਛੋਂ ਅਰਜਣ ਸਿੰਘ ਤੁੰਗੜ ਵੀ ਸਾਥ ਕਰਦੇ ਰਹੇ। ਆਪ ਦੇ ਸਮੇਂ ਅੱਸੂ ਦੇ ਮਹੀਨੇ ੧੯੩੩ ਵਿਚ ਭੈਣੀ ਸਾਹਿਬ ਵਿਖੇ ਵੱਡੇ ਪੈਮਾਨੇ ਤੇ ਇਕ ਯਾਦਗਾਰੀ ਕੀਰਤਨ ਦਰਬਾਰ ਕਰਵਾਇਆ ਗਿਆ ਸੀ ਜਿਸ ਵਿਚ ਵੱਡੇ ਵੱਡੇ ਇਨਾਮ ਵੀ ਰੱਖੇ ਗਏ ਸਨ। ਖਾਸ ਨਿਯਮ ਜਾਂ ਸ਼ਰਤ ਇਹ ਸੀ ਕਿ ਜਿਸ ਰਾਗ ਵਿਚ ਬਾਣੀ ਉਚਾਰੀ ਗਈ ਹੈ, ਓਸੇ ਰਾਗ ਵਿਚ ਹੀ ਗਾਇਆ ਜਾਵੇ-ਦੂਸਰਾ ਨਿਰੋਲ ਤੰਤੀ ਸਾਜ਼ਾਂ ਦੀ ਵਰਤੋਂ ਹੀ ਹੋਵੇ। ਉਸ ਪ੍ਰਤੀਯੋਗਤਾ ਦੇ ਇਹ ਜੱਜ ਸਨ-ਭਾਈ ਸਾਹਿਬ, ਭਾਈ ਕਾਨ੍ਹ ਸਿੰਘ ਜੀ ਨਾਭਾ, ਸ. ਮੁਕੰਦ ਸਿੰਘ ਜੀ ਅੰਬਾਲਾ, ਸੰਤ ਹੀਰਾ ਸਿੰਘ ਅਤੇ ਬਾਬਾ ਨਿਹਾਲ ਸਿੰਘ ਜੀ। ਬਾਬਾ ਮਲੰਗ ਖਾਂ ਬੋਹਣ ਪੱਟੀ ਜ਼ਿਲ੍ਹਾ ਹੁਸ਼ਿਆਰਪੁਰ (੧੮੭੨-੧੯੪੮) ਵਾਲੇ ਅਤੇ ਭਾਈ ਨਸੀਰਾ ਰਬਾਬੀ (੧੯੦੨-੧੯੬੪) ਪਖਾਵਜ ਤੇ ਸਨ। ਉਸ ਵਿਚ ਪਹਿਲਾਂ ਇਨਾਮ ਭਾਈ ਹਰਨਾਮ ਸਿੰਘ ਠੱਠਾ ਟਿੱਬਾ ਕਪੂਰਥਲਾ, ਦੂਜਾ ਇਨਾਮ ਭਾਈ ਲਾਲ ਰਬਾਬੀ ਅੰਮ੍ਰਿਤਸਰ ਵਾਲੇ, ਅਤੇ ਤੀਜਾ ਇਨਾਮ ਭਾਈ ਸਮੁੰਦ ਸਿੰਘ ਜੀ ਨਨਕਾਣਾ ਸਾਹਿਬ ਵਾਲੇ ਪ੍ਰਾਪਤ ਕਰ ਗਏ ਸਨ।

ਭਾਈ ਹਰਨਾਮ ਸਿੰਘ ਜੀ ੧੯੫੭ ਵਿਚ ਚੜ੍ਹਾਈ ਕਰ ਗਏ ਸਨ।



Namdhari Elibrary NamdhariElibrary@gmail.com

# ਕਰਤਾਰ ਸਿੰਘ ਪੰਛੀ ਦਾ ਆਤਮ-ਕਥਨ

*—ਕਰਤਾਰ ਸਿੰਘ ਪੰਛੀ*

...ਰੈਣ ਬਸੇਰਾ ਮਾਲੇਰਕੋਟਲੇ, ਧੂਰੀ ਇਲਾਕੇ ਵਿਚ ਚਲਦਾ ਸਾਹਿਤਕਾਰਾਂ ਨਾਲ ਵਿਚਰਨਾ। ਨਾਮਧਾਰੀ ਸ਼ਹੀਦਾਂ ਦੇ ਹਰ ਸਾਲ ਸਮਾਗਮਾਂ ਵਿਚ ਹਿੱਸਾ ਲੈਣਾ। ਹੁਣ ਲਗਾਤਾਰ ਨਾਮਧਾਰੀ ਸਤਿਗੁਰੂਆਂ ਤੇ ਸ਼ਹੀਦਾਂ ਬਾਰੇ ਰਚਨਾਵਾਂ ਦਾ ਦੌਰ ਵੀ ਸ਼ੁਰੂ ਹੋ ਗਿਆ, ਜੋ ਨਿਰੰਤਰ ਤੁਰ ਰਿਹਾ ਹੈ। ਗ਼ਜ਼ਲ ਸਿਨਫ਼ ਲਈ ਮਾਲੇਰਕੋਟਲੇ ਦੇ ਮਾਹੌਲ ਨੇ ਖ਼ੂਬ ਰੰਗ ਬੰਨ੍ਹਿਆ। ਬਹੁਤ ਕੁਝ ਜੋ ਪਹਿਲਾਂ ਸਮਝ ਵਿਚ ਨਹੀਂ ਸੀ, ਜਾਣਿਆ, ਪਹਿਚਾਣਿਆ। ਭਸੌੜ ਰਹਿੰਦਿਆਂ ਕੁਝ ਇਹੋ ਜਿਹੇ ਸੱਜਣਾਂ ਨਾਲ ਮੇਲ ਮਿਲਾਪ ਹੋਇਆ, ਜਿਨ੍ਹਾਂ ਦੇ ਵਿਚਾਰਾਂ ਤੋਂ ਕਾਫ਼ੀ ਕੁਝ ਪ੍ਰਾਪਤ ਹੋਇਆ। ਅਗਾਂਹਵਧੂ ਵਿਚਾਰਾਂ ਵਾਲੇ ਮਿੱਤਰ ਪਿਆਰੇ ਸਨ। ਗਿਆਨੀ ਭਾਗ ਸਿੰਘ, ਸੁਖਦੇਵ ਸਿੰਘ ਧਾਲੀਵਾਲ, ਪ੍ਰੀਤਮ ਸਿੰਘ ਐਮ. ਏ., ਕਾਮਰੇਡ ਹਜ਼ੂਰਾ ਸਿੰਘ ਦਾ ਸਪੁੱਤਰ ਅਵਤਾਰ ਸਿੰਘ, ਬ੍ਰਹਮ ਦੇਵ ਆਦਿ। ਹੁਣ ਜਥੇਬੰਦੀਆਂ ਵਿਚ ਸਰਗਰਮ ਹਿੱਸਾ ਲੈਣਾ ਸ਼ੁਰੂ ਹੋ ਗਿਆ। ਕਾਮਰੇਡ ਭਾਨ ਸਿੰਘ ਭੌਰਾ ਜੀ ਪਹਿਲੀ ਵਾਰ ਇਥੋਂ ਐਮ. ਐਲ. ਏ. ਬਣੇ ਸਨ, ਸਾਰੀ ਉਮਰ ਨਿਭੇ ਪੱਕੇ ਮਿੱਤਰ ਬਣ ਕੇ। ਅਧਿਆਪਕਾਂ ਵਿਚ ਤੇ ਕਰਮਚਾਰੀ ਜਥੇਬੰਦੀਆਂ ਵਿਚ ਸੁਹਿਰਦਤਾ ਨਾਲ ਸੇਵਾ ਕੀਤੀ। ਸਰਵਿਸ ਵਿਚ ਵੀ ਇਮਾਨਦਾਰੀ ਨਾਲ ਡਿਊਟੀ ਨਿਭਾਈ। ਕਿਸੇ ਵੀ ਤਰ੍ਹਾਂ ਕੁਰਬਾਨੀ ਤੋਂ ਪਿੱਛੇ ਨਹੀਂ ਹਟਿਆ। ਭਰੋਸੇਯੋਗ ਮਿੱਤਰਾਂ ਵਿਚ ਗਿਣਿਆ ਜਾਣ ਲੱਗਾ। ਗੌਰੀ ਸ਼ੰਕਰ ਸ਼ਰਮਾ ਇਸ ਟੀਮ ਦੇ ਮੋਹਰੀ ਸਨ। ਹੋਰ ਵੀ ਸਾਥੀ ਨੇੜਤਾ ਵਿਚ ਆਏ। ਬਚਨ ਸਿੰਘ ਜੀ ਖੁਰਦ, ਜਗਜੀਤ ਸਿੰਘ ਦੁਗਰੀ, ਮੋਹਨ ਸਿੰਘ ਸੰਧੂ ਆਦਿ ਇਹਨਾਂ ਪਿਆਰਿਆਂ ਦਾ ਘੇਰਾ ਬਹੁਤ ਹੈ, ਲਿਸਟ ਲੰਮੀ ਹੈ ਕਿਤੇ ਹੋਰ ਜ਼ਿਕਰ ਕਰਾਂਗਾ। ਭਸੌੜ ਸਕੂਲ ਵਿਚ ਹੀ ਰਾਮ ਸਰੂਪ ਵਰਮਾ ਜੀ ਨਾਲ ਸੰਪਰਕ ਹੋਇਆ ਜੋ ਪੀ. ਐਸ. ਐਫ਼ ਵਿਚ ਕੰਮ ਕਰਨ ਲੱਗਿਆ। ਉਸ ਦਾ ਸਾਥੀ ਬਣਿਆ। ਭਸੌੜ ਸਕੂਲ ਵਿਚ ਹੀ ਰਹਿੰਦਿਆਂ ਐਮ. ਏ., ਬੀ. ਐੱਡ. ਤਕ ਦੀ ਪੜ੍ਹਾਈ ਵੀ ਕੀਤੀ, ਰਚਨਾਵਾਂ ਵੀ ਰਚੀਆਂ, ਜਥੇਬੰਦਕ ਸਰਗਰਮੀਆਂ ਵਿਚ ਖੂਬ ਹਿੱਸਾ ਲਿਆ। ਇਸ ਸੰਘਰਸ਼ਮਈ ਜੀਵਨ 'ਚੋਂ ਹੀ ਮਨ ਨੂੰ ਦ੍ਰਿੜ੍ਹਤਾ ਦਾ ਅਹਿਸਾਸ ਹੋਇਆ।

ਮਾਸਟਰ ਕੇਡਰ ਵਿਚ ਬਦਲੀ ਮਿਡਲ ਸਕੂਲ ਤੱਖਰ ਕਲਾਂ ਦੀ ਹੋ ਗਈ। ਇਥੋਂ ਹੀ ੧੯੯੨ ਵਿਚ ਸੇਵਾ ਮੁਕਤ ਹੋਇਆ ਹਾਂ। ਸ਼ਾਇਰੀ ਤਾਂ ੧੯੫੫ ਦੇ ਕਰੀਬ ਹੀ ਸ਼ੁਰੂ ਹੋਈ ਸੀ ਪਰ ਪੁਸਤਕ ਰੂਪ ਵਿਚ ਲਿਆਣ ਦਾ ਕੋਈ ਵਿਚਾਰ ਨਹੀਂ ਸੀ। ਸਿਆਸੀ ਸਰਗਰਮੀਆਂ ਕਰਕੇ ਸਾਹਿਤਕ ਪੱਖ 'ਤੇ ਅਸਰ ਵੀ ਹੋਇਆ ਤੇ ਮਨ ਵਿਚ ਇਉਂ ਆਉਂਦਾ ਕਿ ਕੀ ਹੋ ਜਾਵੇਗਾ ਜੇ ਕੋਈ ਕਿਤਾਬ ਛਪ ਗਈ। ਏਦਾਂ ਦੇ ਵਿਚਾਰ ਵੀ ਭਾਰੂ ਹੋਏ ਪਰ ਮੋੜਾ ਕਿੰਜ ਵੱਜਿਆ?



ਪ੍ਰੋ. ਐਸ. ਐਸ. ਪਦਮ ਜੀ ਸਰਕਾਰੀ ਕਾਲਜ ਵਿਚ ਬਦਲ ਕੇ ਆਏ ਸਨ। ਆਪ ਜੀ ਨਾਲ ਬਰਨਾਲੇ ਵੱਲੋਂ ਪਹਿਲਾਂ ਹੀ ਨੇੜਤਾ ਸੀ। ਮੇਲ ਮਿਲਾਪ ਹੋਰ ਵੀ ਵਧਿਆ। ਸੈਰ ਕਰਦਿਆਂ ਗੱਲਾਂ ਬਾਤਾਂ ਵੀ ਹੁੰਦੀਆਂ, ਆਮ ਵੀ, ਸਿਆਸੀ ਵੀ ਤੇ ਸਾਹਿਤਕ ਵੀ। ਪਦਮ ਜੀ ਆਖਣ ਲੱਗੇ—"ਪੰਛੀ ਜੀ ਤੁਸੀਂ ਇਨਕਲਾਬ ਲਿਆ ਦਿਉਗੇ?" ਮੈਂ ਆਖਿਆ ਜਿਹੜੇ ਲੋਕ ਯਤਨਸ਼ੀਲ ਰਹੇ, ਉਹਨਾਂ ਦਾ ਸਾਥ ਦਿੱਤਾ ਹੈ ਵਿਤ ਅਨੁਸਾਰ ਪਰ ਗੱਲ ਘੁਚਲ ਗਈ ਲੱਗਦੀ ਹੈ। ਗੱਲ ਬਣੀ ਨਹੀਂ। ਸੌੜੀ ਸਿਆਸੀ ਸੋਚ ਨੇ, ਦੁਫੇੜਾਂ ਨੇ ਭੱਠਾ ਬਿਠਾ ਦਿੱਤਾ ਹੈ ਪਰ ਸਿਧਾਂਤ ਤਾਂ ਕਾਇਮ ਹੀ ਰਹਿੰਦਾ ਹੈ। ਪਦਮ ਜੀ ਨਸੀਹਤ ਕੀਤੀ—ਤੁਸੀਂ ਆਪਣੀ ਸਾਹਿਤਕ ਟੇਲੈਂਟ ਨੂੰ ਐਵੇਂ ਨਾ ਖਰਾਬ ਕਰੋ। ੧੯੫੮ ਵਿਚ 'ਨਵ ਕਿਰਨਾਂ' ਪੁਸਤਕ ਵਿਚ ਤੁਹਾਡਾ ਗੀਤ ਕਮਾਲ ਦਾ ਸੀ ਤੇ ਹੁਣ ਤਾਂ ਤੁਸੀਂ ਕਾਫ਼ੀ ਪ੍ਰੋੜ੍ਹ ਹੋ ਗਏ ਹੋ। ਪ੍ਰੋ. ਪਦਮ ਜੀ ਨੇ ਹੀ ਇਸ ਪੁਸਤਕ ਦੀ ਸੰਪਾਦਨਾ ਕੀਤੀ ਸੀ। ਬਹੁਤ ਸਾਰੇ ਉਚ ਕੋਟੀ ਦੇ ਕਵੀਆਂ ਦੀਆਂ ਰਚਨਾਵਾਂ ਸਨ। ਉਸ ਗੀਤ ਦਾ ਮੁਖੜਾ ਸੀ "ਕਣਕਾਂ ਦੀ ਭਰਪੂਰ ਜਵਾਨੀ, ਜੀਵਨ ਨੂੰ ਨਸ਼ਿਆਏ!..." ੧੯੭੬-੭੭ ਦੇ ਨੇੜੇ ਤੇੜੇ ਦੀ ਹੀ ਬਾਤ ਹੈ। ਭਾਵੇਂ ਮੈਂ ਰਚਨਾਵਾਂ ਅਖਬਾਰਾਂ, ਰਸਾਲਿਆਂ ਵਿਚ ਭੇਜਦਾ ਸੀ ਤੇ ਛਪਦੀਆਂ ਵੀ ਸਨ ਪਰ ਬਹੁਤਾ ਧਿਆਨ ਜਥੇਬੰਦੀਆਂ ਦੇ ਕੰਮਾਂ-ਕਾਰਾਂ ਵਿਚ ਹੀ ਲੱਗਦਾ ਸੀ। ਕਿਵੇਂ ਸਮਾਂ ਨਿਕਲੇ ਤਾਂ ਇਸ ਕੰਮ ਵੱਲ ਉਚੇਚੇ ਧਿਆਨ ਦੇਵਾਂ। ਪਰ ਪ੍ਰੋ. ਪਦਮ ਜੀ ਦੀ ਗੱਲ ਮਨ



Namdhari Elibrary NamdhariElibrary@gmail.com

ਵਿਚ ਪੁੜ ਗਈ। ਹੁਣ ਮੈਂ ਪੱਕਾ ਇਰਾਦਾ ਕਰ ਲਿਆ ਕਿ ਸਾਹਿਤਕ ਕੰਮ ਵਲ ਉਚੇਚਾ ਧਿਆਨ ਦੇਵਾਂ। ਇਵੇਂ ਹੀ ਹੋਇਆ। ਜਿਵੇਂ ਸ਼ਾਇਰੀ ਦਾ ਹੜ੍ਹ ਆ ਗਿਆ ਹੋਵੇ। ਖ਼ੂਬ ਗ਼ਜ਼ਲਾਂ ਦੀ ਰਚਨਾ ਕੀਤੀ। ੧੯੭੯, ਚੌਵੀ ਜੂਨ ਨੂੰ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਦੀ ਸਥਾਪਨਾ ਇਥੇ ਹੀ ਹੋ ਗਈ। ਇਹ ਬੀੜਾ ਗੁਰਦੀਪ ਭਾਟੀਆ, ਦਾਸ ਰਾਮ ਦੋਸ਼ੀ, 'ਨਾਜ਼' ਭਾਰਤੀ ਹੁਰਾਂ ਨੇ ਚੁੱਕਿਆ। ਮੈਨੂੰ ਪ੍ਰਧਾਨ ਬਣਾ ਲਿਆ। ਪਹਿਲੋਂ ਮੇਲ-ਜੋਲ ਬਰਨਾਲਾ, ਧੂਰੀ ਤੇ ਤਪਾ ਸਭਾਵਾਂ ਨਾਲ ਤਾਂ ਸੀ ਹੀ ਹੁਣ ਸਾਹਿਤਕ ਸਰਗਰਮੀਆਂ ਮਾਲੇਰਕੋਟਲਾ ਵਿਚ ਵੀ ਹੋਣ ਲੱਗੀਆਂ। ੨੨-੨੩ ਸਾਲਾਂ ਦੀਆਂ ਖਿੰਡੀਆਂ-ਪੁੰਡੀਆਂ ਰਚਨਾਵਾਂ ਸਾਂਭ ਕੇ ਰੱਖੀਆਂ ਡਾਇਰੀਆਂ ਵਿਚੋਂ ਰਜਿਸਟਰਾਂ ਵਿਚ ਮਿਤੀ ਅਨੁਸਾਰ ਉਤਾਰਨੀਆਂ ਸ਼ੁਰੂ ਕਰ ਲਈਆਂ। ਇਹ ਕੰਮ ਕਾਫੀ ਸਮੇਂ ਵਿਚ ਹੋਇਆ। ਇਹਨਾਂ ਰਚਨਾਵਾਂ ਵਿਚ ਗ਼ਜ਼ਲਾਂ, ਗੀਤ, ਕਵਿਤਾਵਾਂ-ਬੱਚਿਆਂ ਬਾਰੇ, ਧਾਰਮਿਕ ਤੇ ਆਮ ਕਵਿਤਾਵਾਂ ਸਨ। ਫਿਰ ਇਹਨਾਂ 'ਤੇ ਲਗਾਤਾਰ ਨਜ਼ਰਸਾਨੀ ਕਰਕੇ ਸੋਧਣ ਵਾਲਾ ਕੰਮ ਵੀ ਹੋਣ ਲੱਗਿਆ। ਪੁਸਤਕ ਛਾਪਣ ਦਾ ਵਿਚਾਰ ਤਾਂ ਆਵੇ ਪਰ ਪੈਸੇ ਦੀ ਸਮੱਸਿਆ ਵੀ ਸਾਹਮਣੇ ਆਈ। ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ, ਪਰ ਮਨ ਕਦੇ ਉਤਾਰ ਵੱਲ, ਕਦੇ ਚੜ੍ਹਾ ਵੱਲ। ਸਾਹਿਤ ਸਭਾ ਦੀਆਂ ਬੈਠਕਾਂ ਵਿਚ ਲਿਖਣ ਦਾ ਹੋਰ ਉਤਸ਼ਾਹ ਵੀ ਮਿਲਿਆ ਤੇ ਸੇਧ ਵੀ। ਹਾਸ ਵਿਅੰਗ ਦੀਆਂ ਗੱਲਾਂ ਵੀ ਹੁੰਦੀਆਂ। 'ਨਵਾਂ ਸਾਹਿਤ' ਸ. ਪਿਆਰਾ ਸਿੰਘ ਦਾਤਾ ਦਾ ਰਸਾਲਾ ਦਿੱਲੀ ਤੋਂ ਨਿਕਲਦਾ ਸੀ, ਉਹ ਵੀ ਹੱਥ ਲੱਗਿਆ। ਹਾਸ ਵਿਅੰਗ ਦੀ ਇਕ ਗ਼ਜ਼ਲ ਲਿਖ ਭੇਜੀ, ਉਹ ਛਪ ਗਈ ਵਧੀਆ ਸਥਾਨ 'ਤੇ। ਦਾਤਾ ਜੀ ਨਾਲ ਪਿਆਰ ਬਣਿਆ। ਹਾਸ ਵਿਅੰਗ ਦਾ ਸਫਰ ਇਥੋਂ ਹੀ ਆਰੰਭ ਹੋ ਗਿਆ। ਭਾਵੇਂ ਕੁਝ ਨਾ ਕੁਝ ਮੂੰਹ ਤਾਂ ਪਹਿਲਾਂ ਵੀ ਮਾਰਦੇ ਸੀ। ਇਸ ਮੈਗਜ਼ੀਨ ਰਾਹੀਂ ਹੀ ਹਾਸ ਵਿਅੰਗ ਦੇ ਲਿਖਾਰੀਆਂ ਨਾਲ ਸਾਂਝਾ ਪਈਆਂ, ਜਿੰਨ੍ਹਾਂ ਵਿਚੋਂ ਜਗਦੀਸ਼ ਪ੍ਰਸ਼ਾਦਿ ਕੌਸ਼ਿਕ ਜੀ ਪ੍ਰਮੁੱਖ ਹਨ ਤੇ ਹੋਰ ਵੀ ਬਹੁਤ ਸਾਰੇ। ਇਹ ਇਕ ਵੱਖਰਾ ਹੀ ਚੈਪਟਰ ਖੁੱਲ੍ਹ ਗਿਆ। ਹਾਸ ਵਿਅੰਗ ਦਾ ਬਹੁਤ ਵੱਡਾ ਯਾਦਗਾਰੀ ਸਮਾਗਮ ਕੀਤਾ। ਸਭ ਨੂੰ ਬੁਲਾਇਆ। ਸਭ ਲਾਣਾ ਇਸ ਸਮਾਗਮ ਵਿਚ ਹਾਜ਼ਰ ਹੋਇਆ। ਠਾਠ ਬੱਝ ਗਈ। ਨਜ਼ਾਰੇ ਆ ਗਏ। ਸਾਹਿਤ ਸਭਾ ਦਾ ਜਸ ਹਰਿਆਣਾ ਦੀਆਂ ਜੂਹਾਂ ਟਪਦਾ ਟਪਦਾ ਦਿੱਲੀ ਤਕ ਪੁੱਜ ਗਿਆ। ਹੈ ਨਾ ਕਮਾਲ! ਨਹੀਂ 'ਪੰਛੀ' ਨੂੰ ਕੌਣ ਜਾਣਦਾ ਸੀ। ਦਾਸ ਰਾਮ ਦੋਸ਼ੀ 'ਕੌਸ਼ਿਕ' ਦਾ ਪੱਕਾ ਆੜੀ ਵੀ ਵਿਅੰਗਕਾਰ ਰੂਹ ਵਾਲਾ ਬੰਦਾ ਸੀ। 'ਕੌਸ਼ਿਕ ਜੀ' ਨੂੰ ਸਨਮਾਨਤ ਕੀਤਾ ਤੇ ਅੱਜ ਜੇ. ਪੀ. ਕੌਸ਼ਿਕ ਹਰਿਆਣਾ ਵਿਚ ਵੱਡੇ ਵੱਡੇ ਪੁਰਸਕਾਰ ਪ੍ਰਾਪਤ ਕਰ ਚੁੱਕਾ ਹੈ।

ਲਉ ਸੁਣੋ ਕਿ ਪੁਸਤਕਾਂ ਛਪਣ-ਛਪਾਣ ਦਾ ਮੁੱਢ ਕਿਵੇਂ ਬੱਝਿਆ। ਮੇਰੇ ਬਰਨਾਲੇ ਵਾਲੇ ਮਿੱਤਰ ਪਿਆਰਿਆਂ ਵਿਚੋਂ ਡਾ. ਅਮਰ ਕੋਮਲ ਜੀ ਸਾਊ ਸਾਹਿਤਕਾਰਾਂ ਵਿਚੋਂ ਹਨ। ਮੈਂ ਬਰਨਾਲੇ ਤਾਂ ਜਾਂਦਾ ਹੀ ਸੀ। ੧੯੮੧-੮੨ ਦੀ ਗੱਲ ਹੈ-ਡਾ. ਕੋਮਲ ਕਹਿਣ ਲੱਗੇ-'ਪੰਛੀ' ਯਾਰ ਤੇਰੀਆਂ ਰਚਨਾਵਾਂ ਅਖ਼ਬਾਰਾਂ/ਰਸਾਲਿਆਂ ਵਿਚ ਛਪਦੀਆਂ ਹਨ ਤੂੰ ਕੋਈ ਕਿਤਾਬ ਛਪਵਾ ਲੈ। ਉਚਪਾਏ ਦੀਆਂ ਰਚਨਾਵਾਂ ਹੁੰਦੀਆਂ ਹਨ। ਮੈਂ ਕਿਹਾ-ਮੈਨੂੰ ਤਾਂ ਇਹਨਾਂ ਕਿਤਾਬਾਂ ਦੇ ਛਪਣ-ਛਪਾਣ ਬਾਰੇ ਕੋਈ ਤਜਰਬਾ ਨਹੀਂ ਤੇ ਨਾ ਹੀ ਕਿਸੇ ਪ੍ਰਕਾਸ਼ਕ ਨਾਲ ਨੇੜਤਾ ਹੈ। ਉਹ ਕਹਿਣ ਲੱਗੇ ਤੂੰ ਇਹ ਫ਼ਿਕਰ ਛੱਡ ਦੇ-ਖਰੜਾ ਤਿਆਰ ਕਰਕੇ ਮੈਨੂੰ ਦੇ ਜਾ, ਬਾਕੀ ਕੰਮ ਮੈਂ ਆਪੇ ਕਰ ਲੂੰਗਾ। ਇਵੇਂ ਹੋਇਆ। ਸਾਹਿਤ ਸਭਾ ਬਰਨਾਲਾ ਦਾ ਪੁਰਾਣਾ ਮੈਂਬਰ ਹੋਣ ਕਰਕੇ ਮਾਇਕ ਸਹਾਇਤਾ ਵੀ ਮਿਲ ਗਈ ਅੱਧੀ-ਪਚੱਧੀ। ਬੱਸ ੧੯੮੨ ਵਿਚ 'ਸਰਦਲ' ਗ਼ਜ਼ਲ ਸੰਗ੍ਰਹਿ ਛਪ ਗਿਆ। ਲਾਹੌਰ ਬੁੱਕ ਸ਼ਾਪ ਵਾਲਿਆਂ ਛਾਪਿਆ। ਖ਼ੂਬਸੂਰਤ ਕਿਤਾਬ ਜਦੋਂ ਹੱਥਾਂ ਵਿਚ ਆਈ ਤਾਂ ਮਨ ਬਾਗੋ-ਬਾਗ। ਬਰਨਾਲਾ ਸਾਹਿਤ ਸਭਾ ਦਾ ਸਮਾਗਮ ਹੋਇਆ। ਪੁਸਤਕ ਰਲੀਜ਼ ਹੋਈ। ਸ. ਅਵਤਾਰ ਸਿੰਘ ਅਟਵਾਲ (ਮੰਤਰੀ) ਨੇ ਵਧਾਈ ਦਿੱਤੀ। ਸਭਾ ਨੂੰ ਦਸ ਹਜ਼ਾਰ ਰੁਪਏ ਸਹਾਇਤਾ ਮਿਲੀ। ਰਾਮ ਲਾਲ ਪ੍ਰੇਮੀ ਦੇ ਉਹ ਮਿੱਤਰ ਸਨ।

ਰਜਿਸਟਰਾਂ ਵਿਚ ਇਕੱਤਰ ਕੀਤੀਆਂ ਰਚਨਾਵਾਂ ਵਿਚੋਂ ਇਹ ਰਚਨਾਵਾਂ ਚੁਣੀਆਂ ਸਨ ਤੇ ਨਵੀਆਂ ਵੀ। ਹੁਣ ਵਿਚਾਰ ਹੋਇਆ ਕਿ ਇਹ ਬਹੁਤ ਸਾਰੀਆਂ ਕਿਤਾਬਾਂ ਦਾ ਮੈਟਰ ਹੈ, ਕਿਉਂ ਨਾ ਹੋਰ ਯਤਨ ਕੀਤਾ ਜਾਵੇ। ੧੯੮੫ ਵਿਚ 'ਸਿਦਕ ਕਥੂਰੀ' ਗ਼ਜ਼ਲ ਸੰਗ੍ਰਹਿ ਛਪਿਆ। ਇਹ ਵੀ ਡਾ. ਕੋਮਲ ਜੀ ਰਾਹੀਂ ਹੀ ਛਪੀ। ਰਵੀ ਸਾਹਿਤ ਪ੍ਰਕਾਸ਼ਨ-ਮੋਹਨ ਸਿੰਘ ਰਾਹੀ-ਅੰਮ੍ਰਿਤਸਰ ਗੁਰੂ ਕੀ ਨਗਰੀ ਤਕ ਪਹੁੰਚ ਹੋ ਗਈ। ਮਾਇਆ ਦਾ ਪ੍ਰਬੰਧ ਕਰਕੇ ਇਹ ਕੰਮ ਤੁਰੰਤ ਹੋਇਆ। ੧੯੮੯ ਵਿਚ ਡਾ. ਪ੍ਰੀਤਮ ਸੈਨੀ ਜੀ ਨੇ ਮੁੱਖ ਬੰਦ ਲਿਖਣ ਦੀ ਕਿਰਪਾ ਕੀਤੀ। ਡਾ. ਕੋਮਲ ਨੇ ਵੀ ਲਿਖਿਆ। ਸਾਹਿਤ ਸੰਗਮ ਜੌੜੇਪੁਲ ਦੇ ਬਹੁਤ ਸ਼ਾਨਦਾਰ ਸਮਾਗਮ ਵਿਚ ਰਲੀਜ਼ ਹੋਈ। ਪੇਪਰ ਪੜ੍ਹੇ ਗਏ। ਹੁਲਾਰਾ ਮਿਲਿਆ। ਡਾ. ਅੰਮ੍ਰਿਤ ਨੇ ਤੇ ਜੇ. ਪੀ.



Namdhari Elibrary NamdhariElibrary@gmail.com

ਕੌਸ਼ਿਕ ਨੇ ਪਰਚੇ ਲਿਖੇ ਸਨ।

'ਮੁੜ੍ਹਕੇ ਦੀ ਕੁੱਖ' ਕਾਵਿ ਸੰਗ੍ਰਹਿ ਦੀਆਂ ਰਚਨਾਵਾਂ ਦੀ ਚੋਣ ਵੀ ਉਕਤ ਰਜਿਸਟਰਾਂ ਵਿਚੋਂ ਹੀ ਹੋਈ। ਭੰਡਾਰ ਵੱਡਾ ਸੀ। ਇਸ ਵਿਚ ਕਵਿਤਾਵਾਂ, ਗੀਤ, ਰੁਬਾਈਆਂ ਹੀ ਸਨ। ਪੁਸਤਕ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਅਗਾਂਹਵਧੂ, ਖਿਆਲਾਂ ਦੀਆਂ ਸੂਚਕ ਹਨ। ਰੁਮਾਂਸ ਵੀ ਜੀਵਨ ਦਾ ਅੰਗ ਹੈ। ਉਹ ਵੀ ਸਭ ਥਾਈਂ ਹਾਜ਼ਰ ਰਿਹਾ। ਡਾ. ਧਰਮ ਪਾਲ ਸਿੰਗਲ ਜੀ ਹੁਰਾਂ ਮੁੱਖ ਬੰਦ ਲਿਖਿਆ। ਬੜਾ ਮਾਣ ਬਖ਼ਸ਼ਿਆ। ਉਹਨਾਂ ਮੇਰਾ ਵਧੀਆ ਕਵੀਆਂ ਵਿਚ ਸ਼ੁਮਾਰ ਕਰ ਦਿੱਤਾ। ਪਰ ਮੈਂ ਮਨੋਂ ਬਹੁਤ ਹੀ ਨਿਮਰਤਾ ਵਿਚ ਵਿਚਰਦਾ ਹਾਂ। ਕੁਦਰਤ ਨੇ ਗੁਣ ਬਖ਼ਸ਼ਿਆ ਹੈ, ਘੁਮੰਡ ਕਾਹਦਾ। ਸ਼ੌਕ, ਮਿਹਨਤ, ਸਿਦਕ ਤੇ ਦ੍ਰਿੜ੍ਹਤਾ ਨੇ ਇਹ ਕੰਮ ਕਰਵਾਇਆ ਹੈ। ਪੁਸਤਕ ਗੁਰਚਰਨ ਰਾਮਪੁਰੀ ਜੀ ਨੇ ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਦੇ ਸਮਾਗਮ ਵਿਚ ਰਲੀਜ਼ ਕੀਤੀ। ਖੂਬ ਬਹਿਸਾਂ ਹੋਈਆਂ। ਹੋਰ ਨਿਖਾਰ ਆਇਆ। ਨਵੀਆਂ ਗ਼ਜ਼ਲਾਂ ਦੀ ਰਚਨਾ ਵੀ ਵੱਖ ਤੁਰੀ ਰਹੀ। ਉਕਤ ਰਜਿਸਟਰਾਂ ਵਿਚੋਂ ਹੋਰ ਵੀ ਪ੍ਰਕਾਸ਼ਤ ਕਰਨ ਵਾਲਾ ਮੈਟਰ ਸੀ। ਬੱਚਿਆਂ ਬਾਰੇ, ਧਾਰਮਿਕ ਰਚਨਾਵਾਂ ਤੇ ਨਾਮਧਾਰੀ ਸਤਿਗੁਰੂਆਂ/ਸ਼ਹੀਦਾਂ ਬਾਰੇ ਰਚਨਾਵਾਂ ਛਪਣਯੋਗ ਬਾਕੀ ਸਨ। ਹੁਣ ਏਸ ਕੰਮ ਵਿਚ ਅਨੰਦ ਆਣ ਲੱਗ ਪਿਆ। ਪੈਸੇ ਬਾਰੇ ਤਾਂ ਵਿਚਾਰ ਆਇਆ ਪਰ ਨਾਲ ਹੀ ਇਹ ਸੋਚਦਾ ਹਾਂ ਕਿ ਲੋਕ ਤਾਂ ਦਾਰੂ-ਦੱਪੇ ਵਿਚ ਹੀ ਪੈਸਾ ਨਸ਼ਟ ਕਰ ਦਿੰਦੇ ਹਨ। ਤੇਰਾ ਤਾਂ ਇਹ ਕੰਮ ਗੁਣ ਵਾਲਾ ਹੈ, ਨਾਮ ਬਣਦਾ ਹੈ। ਹੁਣ ਡਾ. ਐੱਸ. ਤਰਸੇਮ ਜੀ ਮਾਲੇਰਕੋਟਲੇ ਕਾਲਜ ਵਿਚ ਆ ਗਏ ਤਪੇ ਤੋਂ। ਮਿੱਤਰਤਾ ਤਾਂ ਪਹਿਲਾਂ ਤੋਂ ਹੀ ਸੀ ਪਰ ਹੁਣ ਤਾਂ ਕਮਾਲ ਹੋ ਗਈ। ਮੈਂ ਮਨੋਂ ਉਹਨਾਂ ਨੂੰ ਸਾਹਿਤਕ ਮਿੱਤਰਾਂ ਦਾ ਮਨੀਟਰ ਮੰਨ ਲਿਆ। ਬੜੇ ਗੁਣੀ ਬੰਦੇ ਹਨ। ਕੇਂਦਰੀ ਸਭਾ ਨਾਲ ਤਾਂ ਸਬੰਧ ਬਰਨਾਲੇ ਰਾਹੀਂ ਗਿਆਨੀ ਹੀਰਾ ਸਿੰਘ ਦਰਦ ਸਮੇਂ ਤੋਂ ਹੀ ਸਨ ਪਰ ਹੁਣ ਖੂਬ ਹਿੱਸਾ ਲਿਆ। ਨਾਮ ਦਿੱਲੀ-ਦੱਖਣ ਤਕ ਪੁੱਜ ਗਿਆ। 'ਹਰਕਤ ਵਿਚ ਬਰਕਤ' ਹੈ। ਘਰ ਬੈਠਿਆਂ ਕੋਈ ਨਹੀਂ ਪੁੱਛਦਾ। ਯਤਨਸ਼ੀਲ ਵਿਅਕਤੀ ਹੀ ਕੁਝ ਕਰ ਸਕਦੇ ਹਨ। ਚੰਗੀ ਸੋਹਬਤ ਨਾਲ ਗੁਣ ਵੀ ਮਿਲਦਾ ਹੈ। ਇਹ ਸਮਾਗਮਾਂ ਸਦਕਾ ਹੀ ਉਚ ਕੋਟੀ ਦੇ ਸਾਹਿਤਕਾਰਾਂ ਨਾਲ ਮੇਲ ਮਿਲਾਪ ਵਧਿਆ ਤੇ ਪਕੇਰਾ ਹੋਇਆ। ਹੁਣ ਇਹ ਵਿਚਾਰ ਆਇਆ ਕਿ ਜੋ ਲਿਖਿਆ ਹੋਇਆ ਹੈ ਛਾਪ ਹੀ ਦੇਣਾ ਹੈ, ਭਾਵੇਂ ਝੁੱਗੀ 'ਤੇ ਕੱਖ ਨਾ ਰਹੇ। ਕਿਉਂਕਿ ਮੈਨੂੰ ਕਿਤਾਬ ਛਪਵਾ ਕੇ ਵੇਚਣੀ ਨਹੀਂ ਆਉਂਦੀ। ਸੰਗਾਊ ਸੁਭਾ ਕਰਕੇ ਮੈਂ ਕਿਤਾਬ ਦੇ ਪੈਸੇ ਮੰਗ ਨਹੀਂ ਸਕਦਾ, ਪਰ ਸ਼ੌਕ ਨਹੀਂ ਛੱਡਿਆ। ਫਿਰ ਮਨ ਵਿਚ ਆਇਆ। ਇਹ ਧਾਰਮਿਕ ਕਿਸਮ ਦੀਆਂ ਕਵਿਤਾਵਾਂ ਹਨ ਕੀ ਇਮੇਜ ਬਣੇਗਾ? ਪਰ ਧਰਮ ਜੋ ਸੱਚ, ਸਿਦਕ, ਉਦਮ ਤੇ ਪਰਉਪਕਾਰੀ ਤੇ ਕੁਰਬਾਨੀ ਕਰਨ ਦਾ ਜਜ਼ਬਾ ਪ੍ਰਦਾਨ ਕਰਦਾ ਹੈ, ਉਹ ਸਲਾਹੁਣਯੋਗ ਹੈ। ਬੱਚਿਆਂ ਬਾਰੇ ਤਾਂ ਡਾ. ਐਸ. ਤਰਸੇਮ ਜੀ ਦੀ ਪ੍ਰੇਰਨਾ ਕਰਕੇ ਮੈਂ 'ਫੁੱਲਾਂ ਦੀ ਮੁਸਕਾਨ' ਤਿਆਰ ਕਰ ਲਈ। ਮੈਂ ਤਰਸੇਮ ਜੀ ਨੂੰ ਆਖਿਆ। ਕਿਤਾਬ ਵਧੀਆ ਛਾਪਣੀ ਹੈ-ਕਾਗਜ਼ ਵਧੀਆ ਤੇ ਸਜਿਲਦ ਹੋਵੇ। ਇੰਜ ਖਰਚਾ ਬਹੁਤ ਹੋਣਾ ਸੀ। ਉਹਨਾਂ ਆਪਣੀਆਂ ਪੁਸਤਕਾਂ ਵੀ ਪ੍ਰਕਾਸ਼ਤ ਕਰਨੀਆਂ ਸਨ। ਇਹ ਪੁਸਤਕ 'ਪੁਸ਼ਪ ਸਾਹਿਤ ਪ੍ਰਕਾਸ਼ਨ' ਵਲੋਂ ਮੈਂ ਆਪ ਹੀ ਅੰਮ੍ਰਿਤਸਰੋਂ ਛਪਵਾਈ। 'ਪੰਛੀ' ਪ੍ਰਕਾਸ਼ਕ ਬਣ ਗਿਆ। ਮੁੱਖ ਬੰਦ ਡਾ. ਐਸ. ਤਰਸੇਮ ਨੇ ਲਿਖਿਆ। ਰਲੀਜ਼ ਡਾ. ਰਮਾ ਰਤਨ ਚੰਡੀਗੜ੍ਹ ਵਾਲਿਆਂ ਕੀਤੀ। ਬੱਚਿਆਂ ਦੇ ਸਾਹਿਤ ਵਿਚ ਚੰਗਾ ਵਾਧਾ ਹੋਇਆ। ਮਾਣ ਮਿਲਿਆ। ਅਖਬਾਰਾਂ ਵਿਚ ਤਾਂ ਬਹੁਤ ਦੇਰ ਤੋਂ ਰਚਨਾਵਾਂ ਛਪਦੀਆਂ ਸਨ ਪਰ ਕਿਤਾਬੀ ਰੂਪ ਵਿਚ ਹੋਰ ਨਜ਼ਾਰਾ ਹੈ। ਸਮੁੱਚਾ ਪ੍ਰਭਾਵ ਬਣਦਾ ਹੈ।

ਹੁਣ ਨਾਮਧਾਰੀ ਸਤਿਗੁਰੂਆਂ/ਸ਼ਹੀਦਾਂ ਵਾਲੀਆਂ ਰਚਨਾਵਾਂ ਛਾਪਣ ਬਾਰੇ। ਇਹ ਵੀ ਵੇਖੋ ਕਿਵੇਂ ਵਿਧ ਬਣੀ? ਵੱਡ ਪ੍ਰਤਾਪੀ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਤਾਬਦੀ ਨਾਮਧਾਰੀ ਦਰਬਾਰ ਭੈਣੀ ਸਾਹਿਬ ਵਲੋਂ ਮਨਾਈ ਜਾ ਰਹੀ ਸੀ। ਹੋਰ ਵੀ ਪੁਸਤਕਾਂ ਛਪੀਆਂ ਸਨ। 'ਚਰਨ ਭੇਟ' ਪੁਸਤਕ ਦਾ ਖਰੜਾ ਤਿਆਰ ਕਰ ਲਿਆ। ਪੰਜ ਹਜ਼ਾਰ ਰੁਪਿਆ ਹੱਥ ਵਿਚ ਕਰਕੇ ਮੈਂ ਸੰਤ ਜਗਦੀਸ਼ ਸਿੰਘ 'ਵਰਿਆਮ' ਜੀ ਨੂੰ ਜਾ ਜਲੰਧਰ ਮਿਲਿਆ। ਆਪਣੇ ਮਨ ਦੀ ਗੱਲ ਆਖੀ। ਖੁਸ਼ ਹੋਏ। ਪੈਸੇ ਲੈ ਲਵੋ। ਪ੍ਰੀਤਮ ਸਿੰਘ 'ਕਵੀ' ਜੀ ਤੋਂ ਮੁੱਖ ਬੰਦ ਲਿਖਵਾ ਦਿਓ। ਛਾਪਣ ਦਾ ਪ੍ਰਬੰਧ ਜਲੰਧਰ ਵਿਚ ਕਰ ਦਿਓ। ਕਹਿੰਦੇ-ਠੀਕ ਹੈ। ਇਹ ਤਾਂ ਹੋ ਜਾਵੇਗਾ ਪਰ ਜੇ ਇਹ 'ਚਰਨ ਭੇਟ' ਨਾਮਧਾਰੀ ਦਰਬਾਰ ਵੱਲੋਂ ਛਾਪ ਦਿੱਤੀ ਜਾਵੇ? ਠੀਕ ਰਹੇਗੀ? ਮੈਂ ਬੇਨਤੀ ਕੀਤੀ ਕਿ ਮੈਂ ਇਹੋ ਜਿਹੀ ਬੇਨਤੀ ਸਤਿਗੁਰੂ ਜੀ ਨੂੰ ਸਨਮੁੱਖ ਹੋ ਕੇ ਨਹੀਂ ਕਰਨੀ। ਮੇਰੀ ਤਾਂ ਉਹਨਾਂ ਦੇ ਚਰਨਾਂ ਨਾਲ ਪ੍ਰੀਤ ਦੀ ਹੀ ਸਦਾ ਅਰਦਾਸ ਬੇਨਤੀ ਹੁੰਦੀ ਹੈ। ਵਾਹ, 'ਵਰਿਆਮ' ਪਿਆਰੇ ਕਹਿਣ ਲੱਗੇ 'ਜੇ ਇਹ ਕੰਮ ਮੈਂ ਆਪ ਕਰ ਲਵਾਂ? ਫੇਰ ਤਾਂ ਠੀਕ ਹੈ, ਮੈਂ ਆਖਿਆ ਫੇਰ ਤਾਂ ਖੁਸ਼ੀਆਂ ਹੀ ਹਨ। ਮੇਰੀਆਂ 'ਚਰਨ ਭੇਟ' ਦੀਆਂ ਰਚਨਾਵਾਂ 'ਤੇ ਪੱਕੀ ਮੋਹਰ ਲੱਗ ਜਾਵੇਗੀ। ਇਵੇਂ



Namdhari Elibrary NamdhariElibrary@gmail.com

ਹੋਇਆ। ਮੇਰੀ ਇਸ ਪੁਸਤਕ ਨੇ ਮੈਨੂੰ ਬਹੁਤ ਮਾਣ ਬਖ਼ਸ਼ਿਆ ਹੈ। ਵਿਦੇਸ਼ਾਂ ਵਿਚ ਵੀ ਨਾਮ ਬਣਿਆ। ਵੇਖੋ ਕਿਵੇਂ ਵਿਧ ਬਣੀ। ਪੰਜ ਹਜ਼ਾਰ ਵੀ ਨਾ ਲੱਗਿਆ। ਕਿਧਰ ਦੀ ਕਿਵੇਂ ਕਿਰਪਾ ਹੋਈ-ਵਿਚਾਰ ਲਵੋ। 'ਸਭ ਤੋਂ ਉੱਚੀ, ਸੁੱਚੀ, ਬੇਗਰਜ਼ ਮੁਹੱਬਤ ਦਾ ਹੈ ਨਾਉਂ ਖੁਦਾ' ਅਹਿਸਾਸ ਹੋਇਆ। ਇਹ ਦੋਵੇਂ ਕਿਤਾਬਾਂ ੧੯੯੧ ਵਿਚ ਪ੍ਰਕਾਸ਼ਤ ਹੋ ਗਈਆਂ। ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਚਰਨ ਭੇਟ' ਹੋ ਗਈ। ਚੁਪ-ਚੁਪੀਤੇ ਖ਼ੁਸ਼ੀਆਂ ਮਿਲੀਆਂ। ਰਚਨਾਵਾਂ ਦੇ ਭੰਡਾਰੇ ਵਿਚੋਂ-'ਨੂਰ ਇਲਾਹੀ' ਦੀਆਂ ਰਚਨਾਵਾਂ ਛਾਂਟੀਆਂ ਤੇ ਛਾਪੀਆਂ। ਇਹ ਵੀ ਮੈਂ ਆਪ ਹੀ ਪ੍ਰਕਾਸ਼ਤ ਕੀਤੀ। ਮੁੱਖ ਬੰਦ ਡਾ. ਅੰਮ੍ਰਿਤ ਨੇ ਲਿਖਿਆ। ਇਹ ਪੁਸਤਕਾਂ ਛਾਪਣ ਨਾਲ ਮੈਨੂੰ ਹਰ ਕਿਸਮ ਦੇ ਸਮਾਗਮਾਂ ਵਿਚ ਸੋਖ ਹੋ ਗਈ। ਪੁਸਤਕ ਲਵੋ ਤੇ ਆਪਣਾ ਕੰਮ ਚਲਾ ਲਵੋ। ਮੈਨੂੰ ਇਸ ਕੰਮ ਵਾਸਤੇ ਬੜੀ ਖਰਚ ਖੇਚਲ ਕਰਨੀ ਪਈ ਪਰ ਮੋਰਚਾ ਲਾਇਆ ਤੇ ਕਾਮਯਾਬ ਹੋਏ। ਚੰਗੇ ਦੋਸਤਾਂ ਦੀ ਪ੍ਰੇਰਨਾ ਸਦਕੇ ਹੀ ਇਹ ਸੰਭਵ ਹੋਇਆ। 'ਨੂਰ ਇਲਾਹੀ' ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਰਾਂ ਨੂੰ ਜਾ ਨਮਸਕਾਰ ਕੀਤੀ ਤੇ ਸਮਰਪਤ ਵੀ ਆਪ ਜੀ ਨੂੰ ਹੀ ਸੀ। ਇਹ ੧੯੯੫ ਵਿਚ ਹੋਇਆ। 'ਸਮੇਂ ਨੂੰ ਕੀ ਆਖਾਂ?' ਗ਼ਜ਼ਲ ਸੰਗ੍ਰਹਿ ੧੯੯੫ ਵਿਚ ਆਪ ਪ੍ਰਕਾਸ਼ਿਤ ਕੀਤਾ। ਮੁੱਖ ਬੰਦ ਅਜਾਇਬ ਚਿੱਤਰਕਾਰ ਜੀ ਨੇ ਲਿਖਿਆ। ਪੰਜਾਬੀ ਸਾਹਿਤ ਸਭਾ ਮਾਲੇਰਕੋਟਲਾ ਦੇ ਸਲਾਨਾ ਸਮਾਗਮ ਵਿਚ ਡਾ. ਐੱਸ. ਤਰਸੇਮ ਜੀ ਹੁਰਾਂ ਰਲੀਜ਼ ਕੀਤੀ ਸੀ। ਇਵੇਂ ਹੀ ਉਘੜ ਦੁਘੜਾ ਤੁਰਿਆ ਰਿਹਾ ਇਹ ਸਾਹਿਤਕ ਸਫ਼ਰ। ਇਸ ਵਿਚ ੧੯੮੩ ਤੋਂ ੧੯੯੨ ਤਕ ਦੀਆਂ ਰਚਨਾਵਾਂ ਹਨ। ਜੋ ਰਚਨਾਵਾਂ ਜਿਸ ਸਮੇਂ ਲਿਖੀਆਂ ਉਸ ਤਰਤੀਬ ਨਾਲ ਨਾ ਪ੍ਰਕਾਸ਼ਿਤ ਹੋਈਆਂ ਪਰ ਹੋ ਜ਼ਰੂਰ ਗਈਆਂ ਤੇ ਕਾਵਿਕ ਸਫਰ ਤੁਰਿਆ ਹੀ ਰਿਹਾ। ੧੯੯੨ ਵਿਚ ਸੇਵਾ ਮੁਕਤ ਹੋ ਗਿਆ। ਜੀਵਨ ਸੌਖ ਨਾਲ ਤੁਰ ਰਿਹਾ ਸੀ ਪਰ ੧੯੯੭ ਵਿਚ ਪਤਨੀ ਸੁਰਗਵਾਸ ਹੋ ਗਈ ਤੇ ਜੀਵਨ ਨਈਆ ਫਿਰ ਡਾਵਾਂ-ਡੋਲ। ਬੇਟੀਆਂ ਵਿਆਹੀਆਂ ਗਈਆਂ ਸਨ। ਪਰ ਜੋ ਸ਼ੌਕ ਨਾਲ ਕੰਮ ਹੋ ਰਿਹਾ ਸੀ ਹੁਣ ਇਹ ਪੱਕੀ ਆਦਤ ਬਣ ਗਿਆ। ਕੁਝ ਨਾ ਕੁਝ ਰਚਨਾਵਾਂ ਵੱਲ ਖ਼ਿਆਲ ਕਾਰਨ ਸਮਾਂ ਸੁਖਾਲਾ ਗੁਜ਼ਰਦਾ ਹੈ। ਮਨ ਬਿਰਤੀ ਟਿਕੀ ਰਹਿੰਦੀ ਹੈ, ਨਹੀਂ ਤਾਂ ਹੋਰ ਝਮੇਲਿਆਂ ਵਿਚ ਤਾਂ ਗੱਡੀ ਲੀਹ ਤੋਂ ਲਹਿਣ ਵਾਲੀ ਹੋ ਜਾਂਦੀ ਹੈ। ੧੯੯੮ ਵਿਚ ਮੁਹਾਲੀ ਜਾਣਾ ਪਿਆ। ਉਥੇ ਇਕ ਸਾਲ ਤਾਂ ਕਿਸੇ ਵੀ ਮੀਟਿੰਗ ਆਦਿ ਵਿਚ ਨਹੀਂ ਗਿਆ। ਭਾਵੇਂ ਬਹੁਤ ਸਾਰੇ ਸਾਹਿਤਕਾਰਾਂ ਨਾਲ ਮੇਲ ਮਿਲਾਪ ਹੋ ਸਕਦਾ ਸੀ। ਮੁਹਾਲੀ ਵਿਚ ਦਿਲਸ਼ੇਰ ਸਿੰਘ ਨਿਰਦੋਸ਼ ਜੋ ਮੇਰੇ ਪੁਰਾਣੇ ਮਿੱਤਰ ਹਨ, ਨਾਲ ਮੇਲ ਮਿਲਾਪ ਹੋਇਆ ਤਾਂ ਬੱਸ ਸਹਿਵਨ ਹੀ ਸਾਹਿਤ ਸਭਾਵਾਂ ਵਿਚ ਜਾਣਾ ਆਉਣਾ ਹੋ ਗਿਆ। ਇਥੇ ਫਿਰ ਬਹੁਤ ਸਾਰੇ ਪਿਆਰੇ ਸਾਹਿਤਕਾਰਾਂ/ਅਦੀਬਾਂ ਨਾਲ ਨੇੜਤਾਵਾਂ ਹੋਈਆਂ। ਸੰਤੋਖ ਸਿੰਘ ਧੀਰ, ਮਨਮੋਹਨ ਸਿੰਘ ਦਾਊਂ, ਦਿਲਜੀਤ ਕੌਰ ਦਾਊਂ, ਪੂਰਨ ਸਿੰਘ ਕਿਰਤੀ, ਗੁਰਨਾਮ ਕੰਵਰ, ਰਿਪੁਦਮਨ ਸਿੰਘ ਰੂਪ ਤੇ ਉਹਨਾਂ ਦੇ ਸਾਹਿਤਕਾਰ ਸਪੁੱਤਰ ਸੰਜੀਵਨ ਸਿੰਘ ਤੇ ਰੰਜੀਵਨ, ਸ਼ਿਵ ਨਾਥ ਅਤੇ ਸੇਵੀ ਰਾਇਤ ਆਦਿ ਨਾਲ ਖ਼ੂਬ ਮਨ ਪਰਚਣ ਲੱਗਾ। ਮੁਹਾਲੀ ਰਹਿੰਦਿਆਂ ਹੀ ਜ਼ਿਲ੍ਹਾ ਰੋਪੜ ਦੀਆਂ ਸਾਹਿਤ ਸਭਾਵਾਂ ਵਿਚ ਵਿਚਰਨ ਦਾ ਮੌਕਾ ਮਿਲਿਆ। ਇਥੇ ਹੀ ਚੰਡੀਗੜ੍ਹ ਦੀਆਂ ਸਾਹਿਤਕ ਸੰਸਥਾਵਾਂ ਨਾਲ ਨੇੜਤਾ ਹੋਈ। ਬਹੁਤ ਸਾਰੇ ਉਚ ਕੋਟੀ ਦੇ ਅਦੀਬਾਂ ਨਾਲ ਸਾਹਿਤਕ ਬੈਠਕਾਂ ਵਿਚ ਜਾਣਾ ਬੰਦ ਹੋ ਗਿਆ ਪਰ ਮੁਹਾਲੀ ਵਾਲੇ ਪਿਆਰਿਆਂ ਨੇ ਖਬਰ-ਸਾਰ ਰੱਖੀ। ਮਨ ਚੜ੍ਹਦੀ ਕਲਾ ਵਿਚ ਰਿਹਾ। ੧੫ ਅਗਸਤ, ੨੦੦੩ ਨੂੰ ਬਿਖੜੇ ਪੈਂਡੇ ਦੇ ਹਾਲਾਤ ਵਸ ਬੇਟੀ ਅਮਰਜੀਤ ਨਾਲ ਬੱਚਿਆਂ ਸਮੇਤ ਟਰਾਂਟੋ ਕੈਨੇਡਾ ਸੁਰਜੀਤ ਸਿੰਘ ਕੋਲ ਜਾ ਪੁੱਜੇ। ਉਥੇ ਸਮਾਂ ਮਿਲ ਗਿਆ। ਚਿੰਤਾ ਮੁਕਤ ਹਰ ਪੱਖ ਤੋਂ ਤੇ ਆਪਣੀਆਂ ਰਚਨਾਵਾਂ ਜੋ ੧੯੫੫ ਤੋਂ ੨੦੦੨ ਤੱਕ ਰਚੀਆਂ ਸਨ, ਉਹਨਾਂ ਨੂੰ ਇਸ ਗ਼ਜ਼ਲ ਸੰਗ੍ਰਹਿ ਵਿਚ ਸ਼ਾਮਲ ਕੀਤਾ ਹੈ। ਖਰੜਾ ਵੀ ਉਥੇ ਹੀ ਤਿਆਰ ਕਰ ਲਿਆ। ਭਾਵੇਂ ਸੰਭਾਵਨਾ ਨਹੀਂ ਸੀ ਹਾਲੇ ਪੰਜਾਬ ਵਾਪਸ ਆਉਣ ਦੀ ਪਰ ਕਮਾਲ ਹੈ ਕੁਦਰਤ ਦੇ ਕਿ ਇਕਦਮ ਹੀ ਇੰਜ ਹੋ ਗਿਆ। ਇਥੇ ਆਉਣ ਸਾਰ ਆਪਣੇ ਮਿੱਤਰ ਪਿਆਰਿਆਂ ਨਾਲ ਮਨ ਸਾਂਝਾ ਕੀਤਾ ਤੇ ਪੁਸਤਕਾਂ ਪ੍ਰਕਾਸ਼ਤ ਕਰਾਉਣ ਦਾ ਮਨ ਬਣਾ ਲਿਆ। ਡਾ. ਐੱਸ. ਤਰਸੇਮ ਜੀ ਨੂੰ ਬੇਨਤੀ ਕੀਤੀ, ਉਹਨਾਂ ਪ੍ਰਵਾਨ ਕਰ ਲਈ। ਇਹਨਾਂ ਗ਼ਜ਼ਲਾਂ ਵਿਚ ਕੀ ਚੰਗਾ-ਮਾੜਾ ਹੈ, ਪਾਠਕਾਂ 'ਤੇ ਹੀ ਛੱਡ ਰਿਹਾ ਹਾਂ। ਪਾਠਕ ਸਦਾ ਹੀ ਮੇਰੇ 'ਤੇ ਮਿਹਰਬਾਨ ਰਹੇ ਹਨ। ਸਭ ਸਹਿਯੋਗੀ ਮਿੱਤਰ ਪਿਆਰਿਆਂ ਦਾ, ਪਰਿਵਾਰ ਦੇ ਜੀਆਂ ਦਾ ਧੰਨਵਾਦੀ ਹਾਂ, ਨਹੀਂ ਤਾਂ ਇਹਾ ਜਿਹੇ ਕੁਝ ਸੰਭਵ ਹੀ ਨਹੀਂ ਸੀ। ਮੇਰੇ ਵਰਗੇ ਕੱਲੇ-ਕਾਰੇ ਬੰਦੇ ਵਿਚ ਕੋਈ ਤਾਕਤ ਨਹੀਂ ਸੀ। ਇਹੋ ਜਿਹੇ ਜੀਵਨ ਦੇ ਬਿਖੜੇ ਪੈਂਡੇ ਵਿਚ ਰਚਨਾਵਾਂ ਰਚਣਾ ਤੇ ਪ੍ਰਕਾਸ਼ਿਤ ਕਰਨਾ। ਮੈਨੂੰ ਲੋਕ ਹਿਤਾਂ ਨਾਲ ਅੰਦਰੋਂ ਮੋਹ ਹੈ। ਲੋਕਾਂ ਤੋਂ, ਪਾਠਕਾਂ ਤੋਂ, ਸਾਹਿਤਕਾਰਾਂ ਤੋਂ ਸ਼ੁਭ ਇਛਾਵਾਂ ਤੇ ਉਸਾਰੂ ਹੁੰਗਾਰੇ ਦੀ ਆਸ ਨਾਲ।

*ਮਾਲੇਰਕੋਟਲਾ*



Namdhari Elibrary NamdhariElibrary@gmail.com

# ਹੋਸ਼ਿਆਰ ! ਸੰਨ ੨੦੧੨ ਆ ਰਿਹੈ !!

*—ਬਲਦੇਵ ਮਾਧੋਪੁਰੀ*



ਸਿਆਣਿਆਂ ਦਾ ਕਥਨ ਹੈ— ਸੌ ਸਾਲ ਵਣ (ਜੰਗਲ) ਵਧਦਾ ਹੈ ਤੇ ਫਿਰ ਸੌ ਸਾਲ ਜਨ (ਮਨੁੱਖ) ਵਧਦਾ ਹੈ। ਜਿਸ ਹਿਸਾਬ ਨਾਲ ਹੁਣ ਇਹ ਜਨ ਵਧ ਰਿਹਾ ਹੈ ਤੇ ਵਣ ਦਿਨੋਂ-ਦਿਨ ਘਟ ਰਿਹਾ ਹੈ, ਉਸ ਹਿਸਾਬ ਨਾਲ ਤਾਂ ਇਹ ਕਥਨ ਠੀਕ ਹੀ ਲੱਗ ਰਿਹਾ ਹੈ। ਕਿਉਂਕਿ ਅੱਜ ਦੁਨੀਆਂ ਇਤਨੀ ਵਧ ਗਈ ਹੈ ਕਿ ਆਦਮ-ਬੋ ਆਦਮ-ਬੋ ਕਰਦਾ ਮਨੁੱਖ ਧਰਤੀ ਦਾ ਸਭ ਮਾਲ ਖਜ਼ਾਨਾ ਖਤਮ ਕਰੀ ਜਾ ਰਿਹਾ ਹੈ ਤੇ ਆਪਣੇ ਵਸਣ ਲਈ ਜਿਥੇ ਕਿਤੇ ਵੀ ਜੰਗਲਾਤ ਨਜ਼ਰ ਆਉਂਦਾ ਹੈ ਉਸਨੂੰ ਵੱਢ ਕੇ ਕੁਝ ਤਾਂ ਬਾਲ ਰਿਹਾ ਹੈ ਤੇ ਕੁਝ ਦੇ ਘਰ ਬਣਾ ਰਿਹਾ ਹੈ। ਜਨ ਇਤਨਾ ਵਧ ਗਿਆ ਹੈ ਕਿ ਉਸਦੇ ਰਹਿਣ ਵਾਸਤੇ ਧਰਤੀ ਮੁੱਕਦੀ ਜਾ ਰਹੀ ਹੈ। ਧਰਤੀ ਦਾ ਸਭ ਕੁਝ ਚਟਮ ਕਰਕੇ ਉਪਰ ਚੰਦ ਵਲ ਵੇਖ ਰਿਹਾ ਹੈ।

ਕਦੇ ਸਮਾਂ ਸੀ ਜਦੋਂ ਕਿਸੇ ਨੂੰ ਤਾਂ ਕੀ, ਵਿਗਿਆਨੀਆਂ ਨੂੰ ਵੀ ਚਿੱਤ-ਚੇਤਾ ਨਹੀਂ ਸੀ ਕਿ ਅਸੀਂ ਚੰਦ ਉਪਰ ਜਾਣਾ ਹੈ। ਸਿਰਫ— "ਚਲੋ ਦਿਲਦਾਰ ਚਲੋ, ਚਾਂਦ ਕੇ ਪਾਰ ਚਲੋ... ਹਮ ਹੈਂ ਤੈਯਾਰ ਚਲੋ..." ਕਿਸੇ ਗੀਤਕਾਰ ਨੇ ਇਹ ਗੀਤ ਲਿਖ ਕੇ ਫ਼ਿਲਮੀ ਪ੍ਰੇਮੀ-ਪ੍ਰੇਮਿਕਾ ਨੂੰ ਚੰਦ ਤੋਂ ਵੀ ਉਤੇ ਤਾਰਿਆਂ ਕੋਲ ਜਾਣ ਦੀ ਤਿਆਰੀ ਕਰਾਈ ਸੀ, ਜਿਥੇ ਉਨ੍ਹਾਂ ਦੋਨਾਂ ਨੂੰ ਪਿਆਰ ਕਰਦਿਆਂ ਨੂੰ ਇਸ ਧਰਤੀ ਤੇ ਵਸਦੇ ਲੋਕ ਨਾ ਦੇਖ ਸਕਣ।... ਤੇ ਅੱਜ ਹਰ ਆਦਮੀ ਧਰਤੀ ਛੱਡ ਕੇ ਚੰਦ ਤੇ ਵਸਣ ਦੀ ਗੱਲ ਕਰਦਾ ਹੈ। ਧਰਤੀ ਤੇ ਪ੍ਰਦੂਸ਼ਣ ਵਧਾ ਕੇ ਹੁਣ ਚੰਦਰਮਾ ਤੇ ਗੰਦ ਪਾਉਣ ਦੀ ਤਿਆਰੀ ਕਰ ਰਿਹਾ ਹੈ।

ਅੱਜ ਇਨਸਾਨ ਨੂੰ ਧਰਤੀ ਗੰਦੀ ਨਜ਼ਰ ਆਉਣ ਲੱਗ ਪਈ ਹੈ। ਇਹ ਗੰਦ ਕਿਸੇ ਹੋਰ ਜੂਨ ਨੇ ਨਹੀਂ ਵਧਾਇਆ, ਬਲਕਿ ਇਨਸਾਨ ਨੇ ਖੁਦ ਹੀ ਪਾਇਆ ਹੈ। ਮਾਲਕ (ਪ੍ਰਮਾਤਮਾ) ਨੇ ਸਾਰੀਆਂ ਜੂਨਾਂ ਵਿਚੋਂ ਸਰਵ-ਸ੍ਰੇਸ਼ਟ ਜੂਨ ਮਨੁੱਖ ਦੀ ਹੀ ਬਣਾਈ ਹੈ। ਤੇ ਸਾਰੀਆਂ ਸੋਝੀਆਂ-ਅਕਲਾਂ ਮਨੁੱਖ ਨੂੰ ਹੀ ਦਿੱਤੀਆਂ ਹਨ, ਕਿਸੇ ਹੋਰ ਜੂਨ ਨੂੰ ਨਹੀਂ। 'ਇਸ ਧਰਤੀ ਪੇ ਤੇਰੀ ਸਿਕਦਾਰੀ'... ਇਸ ਧਰਤੀ ਤੇ ਰਾਜ ਕਰਨ ਦਾ ਹੱਕ ਮਾਲਕ ਨੇ ਮਨੁੱਖ ਨੂੰ ਹੀ ਦਿੱਤਾ ਹੈ।

ਕਹਿੰਦੇ ਹਨ ਜਦ ਮਨੁੱਖ ਜ਼ਿਆਦਾ ਅਕਲਮੰਦ ਹੋ ਜਾਵੇ ਤਾਂ ਉਹ 'ਖ਼ਲੀਫ਼ਾ' ਬਣ ਜਾਂਦਾ ਹੈ ਉਸ ਖ਼ਲੀਫ਼ਪੁਣੇ ਵਿਚ ਉਸ ਦੇ ਦਿਮਾਗ ਵਿਚ ਕਈ ਮੰਦੀਆਂ-ਚੰਗੀਆਂ ਗੱਲਾਂ ਉਪਜਦੀਆਂ ਹਨ।... ਤੇ ਸਿਕੰਦਰ ਵਰਗੇ ਦੇ ਮਹਾਨ ਬਣਕੇ ਸਾਰੀ ਦੁਨੀਆਂ ਨੂੰ ਆਪਣੇ ਕਬਜ਼ੇ ਵਿਚ ਕਰਨ ਦੀ ਦਿਮਾਗ ਵਿਚ ਖੁਰਕ ਹੋਣ ਲੱਗ ਪੈਂਦੀ ਹੈ। ਤੇ ਅੱਜ ਇਹੀ ਹਾਲ ਅਮਰੀਕਾ, ਇੰਗਲੈਂਡ ਤੇ ਹੋਰ ਤਰੱਕੀ ਕਰ ਰਹੇ ਦੇਸ਼ਾਂ ਦਾ ਹੈ। ਇਹ ਵੀ ਸਾਰੀ ਦੁਨੀਆਂ ਫਤਹਿ ਕਰਨੀ ਚਾਹੁੰਦੇ ਹਨ। ਕਿਸੇ ਹੱਦ ਤੱਕ ਹਰ ਪਾਸੇ ਲੱਤਾਂ ਪਸਾਰ ਵੀ ਲਈਆਂ ਹਨ।

ਵਿਗਿਆਨੀ ਲੋਕ ਆਪਣੀਆਂ ਖੋਜਾਂ ਕਰਕੇ ਨਿੱਤ ਨਵੀਆਂ ਕਾਢਾਂ ਕੱਢ ਰਹੇ ਹਨ ਤੇ ਰੱਬ ਦੀ ਬਰਾਬਰੀ ਕਰਨ ਤੇ ਤੁਲੇ ਹੋਏ ਹਨ। ਰੱਬ ਨੂੰ ਮੰਨਦੇ ਹੀ ਨਹੀਂ। ਧਰਤੀ ਦੇ ਥੱਲੇ ਜਾ ਕੇ ਪਤਾਲ ਵਿਚ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਦੇਖੀਏ ਧਰਤੀ ਕਿਥੇ ਖੜ੍ਹੀ ਹੈ! ਕਿਤੇ ਨਰਾਇਣ ਤੇ ਲਛਮੀ ਨੂੰ ਹੀ ਨਾ ਲੱਭ ਲੈਣ, ਜਿਹੜਾ ਕਿ ਸ਼ੇਸ਼ਨਾਗ ਉਤੇ ਸਿੰਘਾਸਨ ਲਾ ਕੇ ਬੈਠਾ ਹੋਇਆ ਹੈ ਤੇ ਲਛਮੀ ਨਰਾਇਣ ਨੂੰ ਪੱਖਾ ਝੱਲ ਰਹੀ ਹੈ। ਇਸ ਤਰ੍ਹਾਂ ਹੀ ਹਿਮਾਚਲ ਪਰਬਤ ਉਤੇ ਜਾਕੇ ਮਾਨ ਸਰੋਵਰ ਝੀਲ ਤਾਂ ਲੱਭ ਲਈ ਹੈ, ਹੁਣ ਉਪਰ ਨੂੰ ਤੁਰੇ ਹੋਏ ਹਨ ਜਿਥੇ ਸ਼ਿਵ ਜੀ ਪਾਰਵਤੀ ਰਹਿੰਦੇ ਹਨ। ਤਾੜ ਤਾਂ ਸੂਰਜ ਕੋਲ ਵੀ ਪਹੁੰਚਣ ਦੀ ਰੱਖੀ ਹੋਈ ਹੈ, ਪਰ ਸੂਰਜ, ਜਿਹੜਾ ਵੀ ਉਸ ਵਲ ਨੂੰ ਜਾਣ ਦੀ ਕੋਸ਼ਿਸ ਕਰਦਾ ਹੈ, ਉਸ ਨੂੰ ਕਰੋੜਾਂ ਮੀਲ ਉਰੇ ਹੀ ਸੇਕ ਲੱਗਣ ਲੱਗ ਜਾਂਦਾ ਹੈ। ਤੇ ਨਿਰਾਸ਼ਾ ਹੀ ਪੱਲੇ ਪੈਂਦੀ ਹੈ।

ਹਿੰਦੋਸਤਾਨ ਦੇ ਚਾਰ ਬੇਦ ਬੜੇ ਮਸ਼ਹੂਰ ਹਨ, ਉਨ੍ਹਾਂ ਵਿਚੋਂ ਇਕ ਬੇਦ ਐਸਾ ਹੈ ਜਿਸ ਵਿਚ ਸਾਇੰਸ ਹੈ। ਪਤਾ ਲੱਗਾ ਹੈ ਕਿ ਉਸ ਬੇਦ ਦਾ ਕੁਝ ਹਿੱਸਾ ਇਨ੍ਹਾਂ ਅਮਰੀਕਾ, ਜਪਾਨ, ਰੂਸ ਫਰਾਂਸ ਵਗੈਰਾ ਦੇ ਹੱਥ ਲੱਗ ਗਿਆ ਸੀ, ਜਿਸ ਦਾ ਅਧਿਅਨ ਕਰਕੇ ਤਜਰਬੇ ਕਰਦੇ ਰਹਿੰਦੇ ਹਨ। ਤਜਰਬੇ ਕਰਨੇ ਤਾਂ ਮਾੜੀ ਗੱਲ ਨਹੀਂ, ਪਰ ਜਿਹੜਾ ਮਨੁੱਖ ਜਾਤੀ ਨੂੰ ਮਾਰਦੇ ਹਨ ਉਹ ਗ਼ਲਤ ਹੈ।

ਹੁਣ ਤਾਂ ਤਜਰਬਿਆਂ ਦੀ ਹੱਦ ਹੋ ਗਈ ਹੈ, ਬਲਕਿ ਹੱਦ ਤੋਂ ਵੱਧ ਹੋਣ ਜਾ ਰਿਹਾ ਹੈ। ਕਿੰਨੀ ਮਸ਼ੀਨਰੀ, ਕਿੰਨਾ ਧੂੰਆਂ, ਕਿੰਨਾ ਪ੍ਰਦੂਸ਼ਣ, ਕਿੰਨਾ ਗੰਦ—ਸਭ ਕੁਝ ਸਾਂਭਿਆ ਹੀ ਨਹੀਂ ਜਾ ਰਿਹਾ-ਇਕ ਪਾਸੇ ਸੁੱਖਾਂ ਦੀ ਭਾਲ ਤੇ ਦੂਜੇ ਪਾਸੇ ਇਨ੍ਹਾਂ ਤਜਰਬਿਆਂ 'ਚੋਂ ਨਿਕਲੇ ਹੋਏ ਦੁੱਖ। ਰੋਗ ਲਾਇਲਾਜ ਜਿਸ ਦਾ ਕੋਈ ਇਲਾਜ ਨਹੀਂ। ਰੋਗੀ ਕੁੜ-ਕੁੜ ਕੇ ਮਰ ਰਿਹਾ। ਇਨ੍ਹਾਂ ਤਜਰਬਿਆਂ ਕੋਲੋਂ ਤਾਂ ਹੁਣ ਰੱਬ ਵੀ ਕਰੋਪੇ ਹੁੰਦਾ ਚਲਾ ਜਾ ਰਿਹਾ ਹੈ। ਕਿਉਂਕਿ ਰੱਬ ਦਾ ਕੁਦਰਤੀ ਸੰਤੁਲਨ ਵਿਗੜਦਾ



Namdhari Elibrary NamdhariElibrary@gmail.com

ਜਾ ਰਿਹਾ ਹੈ ਤੇ ਕੁਦਰਤੀ ਨਿਯਮਾਂ ਵਿਚ ਵੀ ਕੁਝ ਫੇਰ-ਬਦਲ ਹੋ ਰਿਹਾ ਹੈ। ਅਸੀਂ ਦੇਖਦੇ ਹਾਂ ਅੱਗੇ ਹਰ ਮੌਸਮ ਆਪਣੇ ਸਹੀ ਵਕਤ ਤੇ ਸ਼ੁਰੂ ਹੋ ਜਾਂਦਾ ਸੀ ਤੇ ਦੂਸਰੇ ਮੌਸਮ ਨੂੰ ਆਉਣ ਦਾ ਮੌਕਾ ਮਿਲ ਜਾਂਦਾ ਸੀ। ਪਰ ਅੱਜ ਕੱਲ੍ਹ ਕੁਵੇਲੇ ਬਰਸਾਤਾਂ, ਕੁਵੇਲੇ ਸੋਕਾ,– ਪਤਾ ਨਹੀਂ ਕਿਹੜੇ ਵੇਲੇ ਕੀ ਹੋ ਜਾਣਾ ਹੈ। ਇਸ ਵਾਰ ਸਾਰੇ ਯੂਰਪ ਵਿਚ ਬਰਫ਼ ਬਹੁਤ ਪਈ ਹੈ ਤੇ ਸਭ ਰਿਕਾਰਡ ਤੋੜ ਦਿੱਤੇ ਸਨ। ਵੈਸੇ ਦਿਨੋਂ ਦਿਨ ਦੁਨੀਆਂ ਤੇ ਗਰਮੀ ਵਧ ਰਹੀ ਹੈ, ਬਰਫ਼ ਦੇ ਪਹਾੜ ਪਿਘਲ ਰਹੇ ਹਨ, ਐਂਟਾਰਟਿਕਾ ਨੂੰ ਢਾਹ ਲੱਗਦੀ ਨਜ਼ਰ ਆ ਰਹੀ ਹੈ, ਤੇ ਬੰਦਾ ਉਸਨੂੰ ਵੀ ਗਰਮ ਕਰ ਰਿਹਾ ਹੈ। ਇਸ ਸਭ ਦਾ ਗੁਨਹਗਾਰ ਬੰਦਾ ਹੀ ਹੈ। ਧਰਤੀ ਵਿਚੋਂ ਤੇਲ ਕੱਢ ਕੇ ਫੂਕੀ ਜਾ ਰਿਹਾ ਤੇ ਪ੍ਰਦੂਸ਼ਣ ਵਧਾ ਰਿਹਾ ਹੈ, ਜਿਸ ਕਰਕੇ 'ਧਰਤੀ ਮਾਤਾ' ਨੂੰ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ। 'ਮੇਘ ਦੇਵਤਾ' ਆਪਣੀ ਜਗ੍ਹਾ ਔਖਾ... ਉਸਨੂੰ ਪੂਰੀ ਤਰ੍ਹਾਂ ਬਰਸਣ ਦਾ ਮੌਕਾ ਨਹੀਂ ਮਿਲ ਰਿਹਾ। ਐਸਾ ਸਮਾਂ ਆ ਗਿਆ-ਬਰਸਾਤਾਂ ਘੱਟ ਹੋਣ ਲੱਗ ਪਈਆਂ ਹਨ ਤੇ ਸਭ ਕੁਝ ਉੱਥਲ-ਪੁੱਥਲ ਹੋਣ ਲੱਗ ਪਿਆ ਹੈ।

ਅੱਜ ਕੱਲ੍ਹ ਇਕ ਹੋਰ ਹੀ ਰੌਲਾ ਸੁਣਨ ਵਿਚ ਆ ਰਿਹਾ ਹੈ। ਕਹਿੰਦੇ, ੨੦੧੨ ਸੰਨ ਵਿਚ ਸਾਰੀ ਦੁਨੀਆਂ ਖਤਮ ਹੋ ਜਾਣੀ ਹੈ। ਧਰਤੀ ਨਾਲ, ਉਸ ਨਾਲੋਂ ਵੱਡਾ ਇਕ ਗ੍ਰਹਿ ਹਜ਼ਾਰਾਂ ਸਾਲਾਂ ਬਾਅਦ ਆ ਕੇ ਟਕਰਾ ਜਾਣਾ ਹੈ ਤੇ ਸਾਰੀ ਧਰਤੀ ਖਿਲਰ ਜਾਣੀ ਹੈ ਤੇ ਸਭ ਪਾਸੇ ਪਾਣੀ ਪਾਣੀ ਹੋ ਜਾਣਾ ਹੈ।

ਠੀਕ ਹੈ ਰੱਬ ਨੇ ਵੀ ਤਾਂ ਇਸ ਬੰਦੇ ਕੋਲੋਂ ਔਖੇ ਹੋਏ ਨੇ, ਇਸਨੂੰ ਚਾਰ ਹੱਥ ਦਿਖਾਣੇ ਹੀ ਹਨ ਤੇ ਦੱਸਣਾ ਹੈ ਕਿ ਰੱਬ ਨਾਲ ਕਿਵੇਂ ਆਢ੍ਹਾ ਲਾਈਦਾ ਹੈ।

ਚਲੋ ਚੰਗਾ...ਧਰਤੀ ਤੇ ਅੱਗੇ ਈ ਬਹੁਤ ਭਾਰ ਪਿਆ ਹੋਇਆ ਹੈ, ਜਿੰਨੀ ਦੁਨੀਆਂ ਜ਼ਿਆਦਾ ਓਨਾ ਗੰਦ ਵਧ ਪੈ ਗਿਆ ਹੈ। ਬ੍ਰਹਮਾ ਨੂੰ ਵੀ ਕਿੰਨਾ ਚਿਰ ਹੋ ਗਿਆ ਹੈ ਧਰਤੀ ਦੁਬਾਰਾ ਬਣਾਇਆ। ਇਕ ਵਾਰ ਫੇਰ ਮੌਕਾ ਮਿਲ ਜਾਏਗਾ ਉਸਨੂੰ। ਜੁਗਾਂ ਦੇ ਜੁਗ ਬੀਤ ਗਏ ਹਨ, ਧਰਤੀ ਦੀ ਪਰਲੈ ਹੋਇਆਂ। ਬੰਦੇ ਦੀ ਨਸੀਹਤ ਵਾਸਤੇ ਵੈਸੇ ਤਾਂ ਰੱਬ ਨੇ ਛੋਟੀਆਂ ਪਰਲੈਆਂ ਭੂਚਾਲ ਵਗੈਰ ਲਿਆਕੇ ਕਈ ਵਾਰ ਕੀਤੀਆਂ ਹਨ, ਪਰ ਵੱਡੀ ਪਰਲੈ ਨਹੀਂ ਹੋਈ। ਹੁਣ ਸ਼ਾਇਦ ਹੋ ਜਾਵੇ (ਤੇ ਦੁਨੀਆਂ ਦਾ ਖਾਤਮਾ ਹੋ ਜਾਏ। ਪਰ ਇਹ ਹੋਣਾ ਸੰਭਵ ਤਾਂ ਨਹੀਂ ਹੈ...

ਦੇਖੋ ਰੱਬ ਕੀ ਜੌਹਰ ਦਿਖਾਂਦਾ ਹੈ। ਜੇ ਏਦਾਂ ਹੋ ਗਿਆ ਤਾਂ ਫਿਰ "ਨਾ ਧੁੱਪ ਰਹਿਣੀ ਨਾ ਛਾਂ ਬੰਦਿਆ... ਨਾ ਪਿਓ ਰਹਿਣਾ ਨਾ ਮਾਂ ਬੰਦਿਆ।...ਆਖਰ ਨੂੰ ਇਕ ਦਿਨ ਮੁੱਕ ਜਾਣਾ...ਇਕ ਰਹਿਣਾ ਰੱਬ ਦਾ ਨਾਂ ਬੰਦਿਆ।" ਇਸੇ ਕਰਕੇ ਬੰਦੇ ਨੂੰ ਬੰਦੇ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਪ੍ਰਮਾਤਮਾ ਨੂੰ ਯਾਦ ਰੱਖਣਾ ਕਰਨਾ ਚਾਹੀਦਾ ਹੈ। ਸ. ਪ੍ਰੀਤਮ ਸਿੰਘ ਪੰਧੇਰ ਹੋਰਾਂ ਬੰਦੇ ਨੂੰ ਸਮਝਾਉਣ ਵਾਸਤੇ ਇਕ ਕਵਿਤਾ ਲਿਖੀ ਹੈ, ਜਿਸ ਦੀਆਂ ਕੁਝ ਆਖਰੀ ਲਾਈਨਾਂ ਇਸ ਤਰ੍ਹਾਂ ਹਨ–

"ਮਨੁੱਖੀ ਗਿਆਨ ਵਿਗਿਆਨ ਤਾਂ
ਕੁਦਰਤ ਅੱਗੇ ਇਕ ਕਿਣਕਾ ਹੈ ?
ਇਸੇ ਲਈ ਮਨੁੱਖ ਨੇ ਨਿਯਮ 'ਚ ਰਹਿ ਕੇ,
"ਹੁਕਮ 'ਚ" ਰਹਿ ਕੇ ਜੀਣਾ ਹੈ।
ਸੱਚੇ ਸੁੱਚੇ ਕਰਮਾਂ ਲਈ ਮਨੁੱਖਾ ਦੇਹ ਮਿਲੀ ਹੈ।
ਇਸਦਾ ਸਦ-ਉਪਯੋਗ ਕਰਨਾ ਹੈ।
ਮਨੁੱਖੀ ਦਰਦ ਹਰਨਾ ਹੈ।
ਇਸ ਵਿਚ ਹੀ ਸਭ ਦਾ ਭਲਾ ਹੈ।
ਇਸ ਵਿਚ ਹੀ ਰੱਬ ਦਾ ਭਲਾ ਹੈ।
ਇਸ ਵਿਚ ਹੀ ਜੱਗ ਦਾ ਭਲਾ ਹੈ।

---



ਪ੍ਰਦੀਪ ਕੁਮਾਰ ਸਪੁੱਤਰ ਸ੍ਰੀ ਬਲਦੇਵਰਾਜ ਮਨੋਤਾ (ਬਲਦੇਵ ਮਾਧੋਪੁਰੀ) ਪਿੰਡ ਮਾਧੋਪੁਰ, ਫਗਵਾੜਾ ਦਾ ਸ਼ੁਭ ਵਿਆਹ ਕੁਲਵਿੰਦਰ ਕੌਰ ਸਪੁਤਰੀ ਸਵ. ਸ੍ਰੀ ਮਹਿੰਦਰ ਪਾਲ ਮਿੱਠਾਪੁਰ ਨਾਲ ਸਲੋਹ ਯੂ.ਕੇ. ਵਿਚ ਹੋਇਆ



Namdhari Elibrary NamdhariElibrary@gmail.com

## ਨਾਮਧਾਰੀ ਸ਼ਹੀਦਾਂ ਨੂੰ ਸਮਰਪਿਤ ੨੭ਵਾਂ ਸ਼ਹੀਦੀ ਸਮਾਗਮ ਸੰਪੰਨ

ਰਾਮਪੁਰਾ ਫੂਲ — ਭਾਰਤ ਦੀ ਆਜ਼ਾਦੀ ਲਈ ਵਿਢਿਆ ਪਹਿਲਾ ਆਜ਼ਾਦੀ ਸੰਗ੍ਰਾਮ "ਕੂਕਾ ਅੰਦੋਲਨ" ਕੋਈ ਲਹਿਰ ਨਹੀਂ ਸਗੋਂ ਵੱਡਾ ਜਵਾਰਭਾਟਾ ਸੀ ਜਿਸ ਵਿਚੋਂ ਅਨੇਕਾਂ ਹੋਰ ਲਹਿਰਾਂ ਨੇ ਜਨਮ ਲਿਆ। ਸਤਿਗੁਰੂ ਰਾਮ ਸਿੰਘ ਜੀ ਦੇ ਸਜਾਏ ਸੰਤ ਖਾਲਸੇ ਵਰਗੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਵੀ ਇਤਿਹਾਸ ਵਿੱਚ ਨਹੀਂ ਮਿਲਦੀ ਕਿ ਸ਼ਹੀਦਾਂ ਨੇ ਆਪੇ ਜ਼ੁਲਮ ਕਬੂਲ ਕਰਕੇ ਆਪਣੇ ਹੱਥੀਂ ਗਲਾਂ ਵਿੱਚ ਰੇਸ਼ਮੀ ਰੱਸੇ ਪਾ ਕੇ ਸ਼ਹੀਦੀ ਪ੍ਰਾਪਤ ਕੀਤੀ ਹੋਵੇ ਅਤੇ ਕੱਦ ਛੋਟਾ ਹੋਣ ਤੇ ਮੌਤ ਤੋਂ ਮੁਆਫੀ ਹੋਣ ਦੇ ਬਾਵਜੂਦ ਵੀ ਸਿੰਘ ਇੱਟਾਂ ਦਾ ਚੱਠਾ ਚਿਣਕੇ ਤੋਪ ਦੇ ਬਰਾਬਰ ਹੋ ਸ਼ਹੀਦੀ ਪ੍ਰਾਪਤ ਕਰ ਗਿਆ ਹੋਵੇ। ਇਹ ਸ਼ਬਦ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਨੇ ਮਹਿਰਾਜ ਰੋਡ, ਨਾਮਧਾਰੀ ਸਮਾਰਕ ਰਾਮਪੁਰਾ ਫੂਲ ਵਿਖੇ ੨੭ਵੇਂ ਸ਼ਹੀਦੀ ਸਮਾਗਮ ਵਿਚ ਬੋਲਦਿਆਂ ਆਖੇ। ਉਨ੍ਹਾਂ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੀ ਸਰਾਹਨਾ ਕੀਤੀ ਕਿ ਕਮੇਟੀ ਅਤੇ ਇਲਾਕੇ ਦੀ ਸਾਧ ਸੰਗਤ ਮਿਲਕੇ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਸਮਾਗਮਾਂ ਤੋਂ ਇਲਾਵਾ ਅੱਖਾਂ ਦੇ ਕੈਂਪ, ਖ਼ੂਨਦਾਨ ਕੈਂਪ, ਗੁਰਮਤਿ ਸਿਖਲਾਈ ਸਮਾਗਮ ਅਤੇ ਪੰਜਾਬੀ ਬੋਲੀ ਨੂੰ ਸਮਰਪਿਤ ਸਮਾਗਮ ਵੀ ਕਰਦੀ ਹੈ।

ਦੁਪਹਿਰ ਨਾਮ ਸਿਮਰਨ ਦੀ ਅਰਦਾਸ ਤੋਂ ਬਾਅਦ ਸੂਬਾ ਬਲਵਿੰਦਰ ਸਿੰਘ, ਸੰਤ ਜ਼ੋਰਾ ਸਿੰਘ ਹਿੰਮਤਪੁਰਾ, ਸੰਤ ਦਲਜੀਤ ਸਿੰਘ ਭੈਣੀ ਸਾਹਿਬ, ਰਿਸ਼ੀ ਪ੍ਰਗਿਅ ਨੰਦ ਅਤੇ ਸ਼ਹੀਦ ਯਾਦਗਾਰ ਕਮੇਟੀ ਵੱਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੫੦ਵੇਂ ਗੁਰਗੱਦੀ ਦਿਵਸ ਨੂੰ ਸਮਰਪਿਤ ਇਕ ਵੱਡ-ਅਕਾਰੀ ਫੋਟੋ ਰਿਲੀਜ਼ ਕੀਤੀ ਗਈ। ਜੋ ਇਕੱਠ ਵਿੱਚ ਮੁਫ਼ਤ ਵੰਡੀ ਗਈ। ਇਸ ਸਮੇਂ ਰਿਸ਼ੀ ਪ੍ਰਗਿਆ ਨੰਦ ਨੇ ਵੀ ਨਾਮਧਾਰੀ ਅੰਦੋਲਨ ਬਾਰੇ ਗੱਲ ਕੀਤੀ ਅਤੇ ਯੋਗਾ, ਬ੍ਰਹਮ ਗਿਆਨੀ ਅਤੇ ਮੋਕਸ਼ ਦੀ ਵੀ ਚਰਚਾ ਕੀਤੀ।

ਤਿੰਨ ਦਿਨ ਚੱਲੇ ਇਸ ਸਮਾਗਮ ਵਿਚ ਜਥੇਦਾਰ ਪ੍ਰੀਤਮ ਸਿੰਘ, ਜਥੇਦਾਰ ਗੁਰਦੀਪ ਸਿੰਘ ਭੈਣੀ ਸਾਹਿਬ, ਜਥੇਦਾਰ ਪੰਜਾਬ ਸਿੰਘ ਪੰਜਾਬ (ਕਵੀਸ਼ਰੀ), ਜਥੇਦਾਰ ਜਸਵੀਰ ਸਿੰਘ ਖਿਆਲਾ, ਸੂਬਾ ਮੇਲਾ ਸਿੰਘ, ਕਵੀਸ਼ਰੀ ਜਥਾ ਜੋਗਾ ਸਿੰਘ ਨੇ ਇਤਿਹਾਸ ਦੀਆਂ ਵਾਰਾਂ ਸੁਣਾਈਆਂ, ਹੱਲੇ ਦੇ ਦਿਵਾਨ ਸਜੇ ਅਤੇ ਸ਼ਬਦ ਕੀਰਤਨ ਅਤੇ ਆਸਾ ਦੀ ਵਾਰ ਦਾ ਸਵੇਰ ਦਾ ਕੀਰਤਨ ਹੁੰਦਾ ਰਿਹਾ।

ਰਾਤ ਨੂੰ ਬੱਚਿਆਂ ਵੱਲੋਂ ਦਿਵਾਨ ਸਜਾਏ ਗਏ ਅਤੇ ਕਵਿਤਾਵਾਂ ਪੜ੍ਹੀਆਂ ਗਈਆਂ। ਰਾਤ ਦੇ ਦਿਵਾਨ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਇੰਜ. ਰਣਜੀਤ ਸਿੰਘ, ਮੰਨਣ ਐਸ.ਡੀ.ਓ. ਬਠਿੰਡਾ ਨੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ੪੨ ਬੱਚਿਆਂ ਨੂੰ ਇਨਾਮ ਵੰਡੇ ਅਤੇ ੫੦ਵੇਂ ਗੁਰਗੱਦੀ ਦਿਵਸ ਤੇ ਛਪੀ ਸ੍ਰੀ ਸਤਿਗੁਰੂ ਜੀ ਦੀ ਤਸਵੀਰ ਭੇਂਟ ਕੀਤੀ।

ਸਮਾਪਤੀ ਸਮੇਂ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਵਲੋਂ ੫ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਸ਼ਹੀਦ ਵਰਿਆਮ ਸਿੰਘ ਸਪੋਰਟਸ ਕਲੱਬ ਦੀ ਸਥਾਪਨਾ ਵੀ ਕੀਤੀ ਗਈ ਤਾਂ ਜੋ ਨਾਮਧਾਰੀ ਸ਼ਹੀਦਾਂ ਨੂੰ ਸਮਰਪਿਤ ਖੇਡਾਂ ਵੀ ਕਰਵਾਈਆਂ ਜਾ ਸਕਣ। ਸਮਾਗਮ ਵਿਚ ਇਲਾਕੇ ਦੀ ਸਾਧ ਸੰਗਤ ਹੁੰਮ ਹੁਮਾਕੇ ਪਹੁੰਚੀ। ਸੰਤ ਜ਼ੋਰਾ ਸਿੰਘ ਮੁੱਖੀ ਡੇਰਾ ਹਿੰਮਤਪੁਰਾ, ਸੰਤ ਹਰਜਿੰਦਰ ਸਿੰਘ ਬਠਿੰਡਾ, ਸੰਤ ਭਗਵਾਨ ਸਿੰਘ, ਸੰਤ ਦਲਜੀਤ ਸਿੰਘ ਸ੍ਰੀ ਭੈਣੀ ਸਾਹਿਬ, ਕਾਕਾ ਅਵਤਾਰ ਸਿੰਘ ਬਠਿੰਡਾ ਨੇ ਉਚੇਚੀ ਸ਼ਿਕਰਤ ਕੀਤੀ। ਸਟੇਜ ਸੰਚਾਲਨ ਸੰਤ ਬਲਦੇਵ ਸਿੰਘ ਜੀ ਨੇ ਕੀਤਾ। ਲੰਗਰ ਗੁਰੂ ਕਾ ਅਤੁੱਟ ਵਰਤਿਆ।

*—ਡਾ. ਲਖਵੀਰ ਸਿੰਘ*
*ਰਾਮਪੁਰਾ ਫੂਲ (ਬਠਿੰਡਾ)*
*ਮੋ.: 98768-50680*

## ਐਲਨਾਬਾਦ ਇਲਾਕੇ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਜੰਗੇ ਆਜ਼ਾਦੀ ਦੇ ਮੋਢੀ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਦਾ ੧੯੫ਵਾਂ ਜਨਮ ਦਿਹਾੜਾ ਇਥੋਂ ਦੀਆਂ ਸੰਗਤਾਂ ਵਲੋਂ ਬੜੇ ਹੀ ਜੋਸ਼ ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਇਕ ਨਗਰ ਕੀਰਤਨ ਕੱਢਿਆ ਗਿਆ ਜੋ ਏਲਨਾਬਾਦ ਦੇ ਵੱਖ-ਵੱਖ ਚੌਕਾਂ ਤੋਂ ਹੁੰਦਾ ਹੋਇਆ ਤਲਵਾੜਾ ਖੁਰਦ, ਠੋਬਰੀਆਂ, ਮਿਰਜਾਪੁਰ, ਖੁਰਦ, ਅੰਮ੍ਰਿਤਸਰ ਕਲਾਂ, ਬੁਢੀਮਾੜੀ, ਮੌਜੂਖੇੜਾ, ਕ੍ਰਿਪਾਲਪੱਟੀ, ਸ਼ੇਖੁਖੇੜਾ, ਹਿਮਾਊਖੇੜਾ, ਕੁੱਤਾਵੱਢ, ਕੋਟਲੀ ਅਤੇ ਮਸੇਰਾਂ ਹੁੰਦਾ ਹੋਇਆ ਵਾਪਿਸ ਏਲਨਾਬਾਦ ਪੁੱਜਾ। ਨਗਰ ਕੀਰਤਨ ਦੀ ਅਗਵਾਈ ਸਫੇਦ ਬਾਣੇ ਵਿਚ



Namdhari Elibrary NamdhariElibrary@gmail.com

ਸੱਜੇ ਪੰਜ ਪਿਆਰੇ ਕਰ ਰਹੇ ਸਨ। ਇਸ ਮੌਕੇ ਸਤਿਗੁਰੂ ਸ੍ਰੀ ਰਾਮ ਸਿੰਘ ਦੇ ਜੀਵਨ ਨਾਲ ਜੁੜੀ ਚਿਤਰ ਪ੍ਰਦਰਸ਼ਨੀ ਵੀ ਲਾਈ ਗਈ ਅਤੇ ਵਾਹਨਾਂ 'ਤੇ ਕੀਰਤਨੀਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਕੀਰਤਨੀ ਜਥੇ ਨੂੰ ਪ੍ਰਸਤਾਵਿਤ ਸਤਿਗੁਰੂ ਸ੍ਰੀ ਰਾਮ ਸਿੰਘ ਅਤੇ ਟਿੱਬੀ ਚੌਕ 'ਤੇ ਸੰਬੋਧਨ ਕਰਦੇ ਹੋਏ ਕਾ. ਸਵਰਨ ਸਿੰਘ ਵਿਰਕ ਨੇ ਸਤਿਗੁਰੂ ਸ੍ਰੀ ਰਾਮ ਸਿੰਘ ਨੂੰ ਇਕ ਮਹਾਨ ਇਨਕਲਾਬੀ ਅਤੇ ਯੁਗ ਦ੍ਰਿਸ਼ਟਾ ਦੇ ਤੌਰ 'ਤੇ ਪੇਸ਼ ਕਰਦਿਆਂ ਗਊ ਤੇ ਗਰੀਬ ਦੀ ਰੱਖਿਆ ਤੇ ਉਨ੍ਹਾਂ ਦੀ ਸਿੱਖਿਆ ਦੇ ਤੱਤ ਪੇਸ਼ ਕੀਤੇ। ਵਿਰਕ ਨੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਬਰਤਾਨਵੀ ਬਤੀਵਾਦੀਆਂ ਦੇ ਖਿਲਾਫ ਚਲਾਏ ਗਏ ਅੰਦੋਲਨ 'ਤੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਅੰਗਰੇਜ਼ੀ ਵਸਤਾਂ ਦਾ ਮੁਕੰਮਲ ਬਾਈਕਾਟ ਕਰਕੇ ਅਤੇ ਸਵੈ-ਦੇਸ਼ੀ ਦਾ ਪ੍ਰਚਾਰ ਕਰਕੇ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੀ ਰੂਪਾ ਰੇਖਾ ਤਿਆਰ ਕੀਤੀ। ਉਹ ਪੰਜਾਬੀ ਭਾਸ਼ਾ ਦੇ ਬਹੁਤ ਹੀ ਵੱਡੇ ਮੁਦਈ ਸਨ ਅਤੇ ਹਰ ਇਕਨੂੰ ਗੁਰਮੁਖੀ ਅੱਖਰ ਸਿੱਖਣ 'ਤੇ ਜ਼ੋਰ ਦਿੰਦੇ ਸਨ। ਜ਼ੇਲ੍ਹ ਤੋਂ ਆਪਣੀ ਸੰਗਤ ਦੇ ਨਾਮ ਲਿਖੇ ਹੁਕਮਨਾਮੇ, ਜਿਸ ਵਿਚ ਉਨ੍ਹਾਂ ਨੇ ਸਿੱਖਿਆ ਦਾ ਵਰਨਣ ਕੀਤਾ ਹੈ, ਜਿਸ 'ਤੇ ਚਲ ਕੇ ਕੋਈ ਵੀ ਵਿਅਕਤੀ ਸਫਲ ਇਨਸਾਨ ਬਣ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਵਰਤਮਾਨ ਦੌਰ ਵਿਚ ਸਾਮਰਾਜਵਾਦੀ ਸ਼ਕਤੀਆਂ ਦੇ ਵਧਦੇ ਹਮਲਿਆਂ ਦਾ ਮੁਕਾਬਲਾ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਚਲ ਕੇ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਨਾਮਧਾਰੀ ਬਸਤੀ ਭੂਰੇ ਖਾਂ ਪ੍ਰੀਤ ਨਗਰ ਜਲੰਧਰ

ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ ਪ੍ਰੀਤ ਨਗਰ ਜਲੰਧਰ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੁਰਬ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਿਤੀ ੩੧ ਜਨਵਰੀ ੨੦੧੦, ਐਤਵਾਰ ਨੂੰ ਮਨਾਇਆ ਗਿਆ। ਹਫਤਾ ਭਰ ਰੋਜ਼ਾਨਾ ਪ੍ਰਭਾਤ ਫੇਰੀਆਂ ਵਿਚ ਕੋਈ ੨੦੦-੨੫੦ ਮਾਈ ਭਾਈ ਭਾਗ ਲੈਂਦੇ ਰਹੇ।

੩੧ ਜਨਵਰੀ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਰਸ ਭਿੰਨਾ ਕੀਰਤਨ ਸੰਤ ਬਲਬੀਰ ਸਿੰਘ ਜੀ ਨੇ ਜੱਥੇ ਨਾਲ ਕੀਤਾ। ਇਸ ਉਪਰੰਤ ਸ੍ਰੀ ਅਖੰਡ ਪਾਠ ਦਾ ਭੋਗ ਪਾਇਆ ਗਿਆ। ਜਲ ਪਾਣ ਉਪਰੰਤ ਮੁੜ ਦੀਵਾਨ ਸ਼ੁਰੂ ਹੋਇਆ। ਸ਼ੁਰੂਆਤ ਬੀਬੀਆਂ ਦੇ ਜੱਥੇ ਵਲੋਂ ਰਲਮਿਲ ਕੇ ਸ਼ਬਦ ਕੀਰਤਨ ਨਾਲ ਹੋਇਆ। ਇਸ ਦੇ ਨਾਲ ਹੀ ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਆਏ ਜਥੇਦਾਰ ਗੁਰਦੀਪ ਸਿੰਘ ਜੀ ਦਾ ਹੱਲੇ ਦਾ ਭਰਪੂਰ ਦੀਵਾਨ ਲੱਗਾ। ਉਹਨਾਂ ਨਾਲ ਢੋਲਕੀ ਦੇ ਮਾਸਟਰ ਹਰਜੀਤ ਸਿੰਘ ਜੀ ਸਨ। ਜਥੇਦਾਰ ਗੁਰਦੀਪ ਸਿੰਘ ਜੀ ਨੇ ਗੁਰਬਾਣੀ ਵਖਿਆਨ ਅਤੇ ਹੱਲੇ ਦੀਆਂ ਟਕਸਾਲੀ ਰੀਤਾਂ ਨਾਲ ਗੁਰੂ ਇਤਿਹਾਸ ਅਤੇ ਗੁਰੂ ਜੱਸ ਸੁਣਾ ਕੇ ਸੰਗਤ ਨੂੰ ਵੈਰਾਗੀ ਕਰ ਦਿੱਤਾ। ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਹੀ ਆਏ ਸਰਸੇ ਵਾਲੇ ਜਥੇਦਾਰ ਗੁਰਿੰਦਰ ਸਿੰਘ ਬਲੋਵਾਲ ਨੇ ਪ੍ਰਸਿੱਧ ਜਥੇਦਾਰ ਸਵਰਗੀ ਨਿਰੰਜਣ ਸਿੰਘ ਦੀ ਸ਼ੈਲੀ ਵਿਚ ਹੀ ਹੱਲੇ ਦਾ ਦੀਵਾਨ ਸਜਾਇਆ। ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਜੀ, ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਤੇ ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਜੀ ਨੇ ਗੁਰੂ ਇਤਿਹਾਸ ਵਿਸਥਾਰ ਨਾਲ ਜਾਣਕਾਰੀ ਦਿੱਤੀ। ਆਏ ਵਿਸ਼ੇਸ਼ ਵਿਅਕਤੀਆਂ ਅਤੇ ਸੇਵਾ ਵਿਚ ਹਿੱਸਾ ਪਾਉਣ ਵਾਲਿਆਂ ਦਾ ਆਦਰ ਸਹਿਤ ਸਨਮਾਨ ਕੀਤਾ ਗਿਆ। ਗੁਰਦੁਆਰਾ ਦੇ ਪ੍ਰਧਾਨ ਸੰਤ ਸੁਰਜੀਤ ਸਿੰਘ ਅਤੇ ਸਕੱਤਰ ਸੰਤ ਦੀਪ ਸਿੰਘ ਨੇ ਆਏ ਪਤਵੰਤਿਆਂ ਜਥੇਦਾਰਾਂ ਵਿਸ਼ੇਸ਼ ਹਸਤੀਆਂ ਅਤੇ ਸਰਬਤ ਸੰਗਤ ਦਾ ਧੰਨਵਾਦ ਕੀਤਾ। ਲੰਗਰ ਗੁਰੂ ਕਾ ਸਾਰਾ ਦਿਨ ਅਤੁੱਟ ਚਲਦਾ ਰਿਹਾ।

## ਪਿੰਡ ਮੋਰੋਂ 'ਚ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ

ਕਸਬਾ ਅੱਪਰਾ ਨਜ਼ਦੀਕ ਪਿੰਡ ਮੋਰੋਂ ਵਿਖੇ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿਚ ਸਤਿਗੁਰੂ ਜਗਜੀਤ ਸਿੰਘ ਦੀ ਛਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਦਿਨ ੧੫ ਸਹਿਜ ਪਾਠਾਂ ਦੇ ਭੋਗ ਪਾਏ ਗਏ ਅਤੇ ਜਥੇਦਾਰ ਗੁਰਦੀਪ ਸਿੰਘ ਨਾਮਧਾਰੀ ਭੈਣੀ ਸਾਹਿਬ ਵਾਲਿਆਂ ਦੇ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਬਾਬਾ ਖੇੜਾ ਸਪੋਰਟਸ ਕਲੱਬ, ਗੁਰਦੁਆਰਾ ਸਿੰਘ ਸਭਾ, ਗੁਰਦੁਆਰਾ ਹਰਿ ਮੰਦਰ, ਗੁਰਦੁਆਰਾ ਕਲਗੀਧਰ, ਡੇਰਾ ਕੁਲੀਆਂ ਵਾਲੇ, ਸੰਤ ਬਾਪੂ ਨਰਾਇਣ ਦਾਸ, ਸ੍ਰੀ ਗੁਰੂ ਰਵਿਦਾਸ ਨੌਜਵਾਨ ਅਤੇ ਸਰਬ-ਸਾਂਝੀ ਆਦਰਸ਼ ਰਾਮ ਲੀਲ੍ਹਾ ਕਮੇਟੀ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਅਸ਼ੋਕ ਵਾਸਿਸ਼ਠ ਨੇ ਦੇਸ਼ ਸੇਵਕ ਦੇ ਐਸੋਸੀਏਟ ਐਡੀਟਰ ਦਾ ਅਹੁਦਾ ਸੰਭਾਲਿਆ

ਸੀਨੀਅਰ ਪੱਤਰਕਾਰ ਅਤੇ ਪੰਜਾਬੀ-ਹਿੰਦੀ ਦੇ ਪ੍ਰਸਿੱਧ ਲੇਖਕ ਸਾਥੀ ਅਸ਼ੋਕ ਵਾਸਿਸ਼ਠ ਨੇ ਅੱਜ ਦੇਸ਼ ਸੇਵਕ ਦੇ ਐਸੋਸੀਏਟ ਐਡੀਟਰ ਵਜੋਂ ਕਾਰਜਭਾਰ ਸੰਭਾਲ ਲਿਆ। ਉਨ੍ਹਾਂ ਆਪਣੇ ਪੱਤਰਕਾਰੀ ਜੀਵਨ ਦੀ ਸ਼ੁਰੂਆਤ ੧੯੭੮ ਵਿਚ


Namdhari Elibrary NamdhariElibrary@gmail.com

ਆਪਣੇ ਪਿਤਾ ਅਤੇ ਪੰਜਾਬ ਕੇਸਰੀ ਦੇ ਪਹਿਲੇ ਚੀਫ਼ ਸਬ ਐਡੀਟਰ ਕਾਮਰੇਡ ਘਣਸ਼ਿਆਮ ਲਾਲ ਦਾ ਦੇਹਾਂਤ ਹੋਣ ਉਪਰੰਤ ਹਿੰਦੀ ਰੋਜ਼ਾਨਾ "ਪੰਜਾਬ ਕੇਸਰੀ" ਦੇ ਪ੍ਰੈਸ ਰਿਪੋਰਟਰ ਵਜੋਂ ਕੀਤੀ ਸੀ। ਬਾਅਦ ਵਿਚ ਰੋਜ਼ਾਨਾ "ਅਕਾਲੀ ਪੱਤ੍ਰਿਕਾ" ਤੋਂ ਬਿਨਾਂ ਰੋਜ਼ਾਨਾ ਲੋਕ ਲਹਿਰ ਦੇ ਸੰਪਾਦਕੀ ਵਿਭਾਗ 'ਚ ਵੀ ਕੰਮ ਕੀਤਾ। ਉਨ੍ਹਾਂ ਨੂੰ ਨਵੀਂ ਦਿੱਲੀ 'ਚ "ਦੈਨਿਕ ਜਾਗਰਣ" ਦੇ ਚੀਫ਼ ਸਬ ਐਡੀਟਰ ਹੁੰਦਿਆਂ ਪ੍ਰਸਿੱਧ ਲੇਖਕ ਕਮਲੇਸ਼ਵਰ ਨਾਲ ਕੰਮ ਕਰਨ ਦਾ ਮਾਣ ਵੀ ਪ੍ਰਾਪਤ ਹੈ। ਪਿਛਲੇ ਦੋ ਦਹਾਕਿਆਂ ਤੋਂ ਉਹ ਸੀਟੂ ਦੇ ਮੁੱਖ ਪੱਤਰ "ਸੀਟੂ ਮਜ਼ਦੂਰ" ਦੇ ਸੰਪਾਦਕੀ ਮੰਡਲ ਦੇ ਮੈਂਬਰ ਚਲੇ ਆ ਰਹੇ ਹਨ। ਸਾਥੀ ਵਾਸ਼ਿਸ਼ਠ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਗਿਆਨੀ, ਪ੍ਰਭਾਕਰ ਅਤੇ ਬੀਏ ਕਰਨ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ. ਏ. ਪੰਜਾਬੀ ਅਤੇ ਐਮ. ਏ. ਹਿੰਦੀ ਦੀ ਡਿਗਰੀ ਹਾਸਲ ਕੀਤੀ ਹੋਈ ਹੈ।

## ਮੰਡੀ ਕਲਾਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਰਾਮਪੁਰਾ ਫੂਲ-ਸਰਕਾਰੀ ਗਰਲਜ਼ ਹਾਈ ਸਕੂਲ ਮੰਡੀ ਕਲਾਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਸਕੂਲੀ ਵਿਦਿਆਰਥਣਾਂ ਵਲੋਂ ਭਰੂਣ ਹੱਤਿਆ ਵਰਗੀਆਂ ਅਲਾਮਤਾਂ ਸਬੰਧੀ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਸਮਾਗਮ ਦੌਰਾਨ ਲੜਕੀਆਂ ਨੂੰ ਕੂਕਾ ਲਹਿਰ ਬਾਰੇ ਜਾਣਕਾਰੀ ਦੇਣ ਲਈ ਮੁੱਖ ਬੁਲਾਰੇ ਵਜੋਂ ਨਾਮਧਾਰੀ ਵਿਦਿਅਕ ਜਥੇ ਦੇ ਕਨਵੀਨਰ ਤੇ ਮਲਵਈ ਪੰਜਾਬੀ ਸੱਥ ਦੇ ਸੰਚਾਲਕ ਡਾ. ਲਖਵੀਰ ਸਿੰਘ ਨਾਮਧਾਰੀ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸਕੂਲ ਦੇ ਮੁੱਖ ਅਧਿਆਪਕ ਮੁਕੇਸ਼ ਤਾਇਲ ਨੇ ਸਮਾਗਮ ਵਿਚ ਪੁੱਜੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਵਿਦਿਆਰਥਣਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਦਿਨ ਦੀ ਵਧਾਈ ਦਿੱਤੀ। ਇਸ ਮੌਕੇ ਬੋਲਦਿਆਂ ਡਾ. ਨਾਮਧਾਰੀ ਨੇ ਦੱਸਿਆ ਕਿ ਭਾਰਤ ਦੀ ਜੰਗੇ-ਆਜ਼ਾਦੀ ਦੇ ਸਰਬ ਪ੍ਰਥਮ ਨੇਤਾ ਤੇ ਨਾਮਿਲਵਰਤਣ ਲਹਿਰ ਦੇ ਮੋਢੀ ਕ੍ਰਾਂਤੀਕਾਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਵਿਚ ਸਵੈ ਰਾਜ ਸਥਾਪਿਤ ਕਰਨ, ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਅਤੇ ਆਰਥਿਕ ਸਮਾਨਤਾ ਲਈ ਇਕ ਇਨਕਲਾਬੀ ਅੰਦੋਲਨ ਸ਼ੁਰੂ ਕੀਤਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਸੰਘਰਸ਼ ਵਿਚ ਨਾਮਧਾਰੀ ਸਿੰਘਾਂ ਦੀ ਅਹਿਮ ਭੂਮਿਕਾ ਰਹੀ ਹੈ ਤੇ ਆਜ਼ਾਦੀ ਦੀ ਮੰਗ ਕਰਦੇ ਨਾਮਧਾਰੀ ਸਿੰਘਾਂ ਨੂੰ ਅੰਗਰੇਜ਼ ਹਕੂਮਤ ਵਲੋਂ ਬੜੀ ਹੀ ਬੇਰਹਿਮੀ ਨਾਲ ਤੋਪਾਂ ਅੱਗੇ ਖੜ੍ਹਾ ਕਰਕੇ ਉਡਾਇਆ ਗਿਆ ਤੇ ਵੱਡੀ ਗਿਣਤੀ ਸਿੰਘਾਂ ਨੂੰ ਫਾਂਸੀ ਦਿੱਤੀ ਗਈ। ਉਹਨਾਂ ਦੱਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਅੰਗਰੇਜ਼ ਹਕੂਮਤ ਨੇ ਕਾਲੇ ਪਾਣੀ ਦੀ ਸਜ਼ਾ ਦੇ ਦਿੱਤੀ ਜਿਸਦੇ ਤਹਿਤ ਉਨ੍ਹਾਂ ਨੂੰ ਪਹਿਲਾਂ ਬਰਮਾ ਤੇ ਬਾਦ ਮਰਗੋਈ ਭੇਜ ਦਿੱਤਾ ਗਿਆ। ਵਿਸ਼ੇਸ਼ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਹਜ਼ਾਰ ਸਾਲਾਂ ਵਿਚ ਇਕੋ-ਇਕ ਪੰਜਾਬੀ ਕੇਵਲ ਸਤਿਗੁਰੂ ਰਾਮ ਸਿੰਘ ਜੀ ਹੀ ਹੋਏ ਹਨ ਜਿਨਾ ਵਿਚ ਦੁਨੀਆ ਨੂੰ ਬਦਲਣ ਦੀ ਤਾਕਤ ਸੀ। ਇਸ ਸਬੰਧੀ ਵਿਸ਼ਵ-ਪੱਧਰ ਦੇ ਖੋਜੀਆਂ ਨੇ ਪੂਰੀ ਦੁਨੀਆ ਦੀ ਖੋਜ ਕਰਕੇ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਕੂਕਾ ਲਹਿਰ ਨਾਲ ਸਬੰਧਤ ਸਾਹਿਤ ਤੇ ਕੈਲੰਡਰ ਵੀ ਸਕੂਲ ਨੂੰ ਭੇਟ ਕੀਤੇ। ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਨੈਸ਼ਨਲ ਐਵਾਰਡੀ ਤੇ ਸੇਵਾ ਮੁਕਤ ਮੁੱਖ ਅਧਿਆਪਕ ਸ੍ਰੀ ਸਤਪਾਲ ਗਰਗ ਨੇ ਵੀ ਕੂਕਾ ਲਹਿਰ ਦੁਆਰਾ ਆਜ਼ਾਦੀ ਸੰਘਰਸ਼ ਵਿਚ ਪਾਏ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸਤਿਗੁਰੂ ਰਾਮ ਸਿੰਘ ਦੇ ਜਨਮ ਦਿਵਸ ਦੀ ਵਧਾਈ ਦਿੱਤੀ। ਮੰਚ ਸਕੱਤਰ ਦੀ ਜ਼ਿੰਮੇਵਾਰੀ ਮਾ. ਬਲਜਿੰਦਰ ਸਿੰਘ ਨੇ ਨਿਭਾਈ।

*—ਪੁਸ਼ਪਿੰਦਰ ਕੌਰ*
*ਰਾਮਪੁਰਾ ਫੂਲ*

## ਨਾਮਧਾਰੀ ਵਿਦਿਅਕ ਜੱਥੇ ਵੱਲੋਂ ਜਲੰਧਰ 'ਚ ਭਾਰੀ ਸਮਾਗਮ

ਜਲੰਧਰ ਵਿਚ ਸ਼ਹਿਰ ਦੇ ਕੇਂਦਰੀ ਅਸਥਾਨ ਮੁਹੱਲਾ ਸੈਂਟਰਲ ਟਾਊਨ ਲਾਡੋਵਾਲੀ ਰੋਡ ਤੇ ਸਥਿਤ ਨਾਮਧਾਰੀ ਧਰਮਸ਼ਾਲਾ ਅਤੇ ਆਲੇ ਦੁਆਲੇ ਵਿਚ ਐਤਵਾਰ ੨੪ ਜਨਵਰੀ ੨੦੧੦ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵਿਸ਼ਾਲ ਪੱਧਰ ਤੇ ਮਨਾਇਆ ਗਿਆ। ਇਸ ਪੁਰਬ ਮਨਾਉਣ ਦਾ ਉੱਦਮ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਪੁਰਸ਼ ਅਤੇ ਇਸਤਰੀ ਵਿੰਗ ਵਲੋਂ ਸਤਿਗੁਰੂ ਜੀ ਦੀ ਆਸ਼ੀਰ ਵਾਦ ਨਾਲ ਕੇਂਦਰੀ ਜਥੇ, ਦੁਆਬੇ ਦੇ ਸਥਾਨਕ ਜਥਿਆਂ, ਨਾਮਧਾਰੀ ਸਭਾ ਸੈਂਟਰਲ ਟਾਊਨ ਅਤੇ ਜਲੰਧਰ ਦੀ ਸਮੁੱਚੀ ਸਾਧ ਸੰਗਤ ਦੇ ਸਹਿਯੋਗ ਮਿਲਵਰਤਨ ਨਾਲ ਕੀਤਾ ਗਿਆ। ਇਹ ਸਮਾਗਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਤਾ ਗੱਦੀ ਦੀ ਅਰਧ ਸ਼ਤਾਬਦੀ ਨੂੰ ਸਮਰਪਿਤ ਗੁਰਮਤ ਸੰਮੇਲਣ ਦੇ ਰੂਪ ਵਿਚ ਦੋ ਦਿਵਸ ਤੱਕ ੨੩-੨੪ ਜਨਵਰੀ ਨੂੰ ਮਨਾਇਆ ਗਿਆ।

ਜਲੰਧਰ ਜ਼ੋਨ ਦੇ ਕਨਵੀਨਰ ਜਥੇਦਾਰ ਸੁਰਿੰਦਰ ਸਿੰਘ ਛਿੰਦਾ ਅਤੇ ਪ੍ਰਧਾਨ ਜਲੰਧਰ ਕੰਵਲਜੀਤ ਸਿੰਘ ਜੀ ਦੇ ਉੱਦਮ ਨਾਲ ਨਾਮਧਾਰੀ ਧਰਮਸ਼ਾਲਾ ਅਤੇ ਆਲੇ ਦੁਆਲੇ ਬਿਜਲੀ ਨਾਲ ਜਗਦੀਆਂ ਲੜੀਆਂ ਦੇ ਜਲੌ ਵਿਚ ਸ਼ਾਮ ਨੂੰ ਨਾਮ



Namdhari Elibrary NamdhariElibrary@gmail.com

ਸਿਮਰਨ ਨਾਲ ਪੁਰਬ ਸਮਾਗਮ ਆਰੰਭ ਹੋਇਆ। ਜਥੇਦਾਰ ਛਿੰਦਾ ਦੇ ਨੌਜਵਾਨ ਸਹਿਯੋਗੀਆਂ ਵਲੋਂ ਹੱਲੇ ਦੇ ਦੀਵਾਨ ਬਾਦ ਸੰਤ ਸੰਤੋਖ ਸਿੰਘ ਵਲੋਂ ਤਾਰ ਸ਼ਹਿਨਾਈ ਅਤੇ ਸੰਤ ਕੁਲਵੰਤ ਸਿੰਘ ਦੇ ਤਬਲੇ ਵਾਦਨ ਨਾਲ ਸ਼ਬਦ ਕੀਰਤਨ ਨਾਲ ਹਾਜ਼ਰੀ ਲਵਾਈ ਗਈ। ੨੪ ਜਨਵਰੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ ਜੀ ਨੇ ਆਰੰਭ ਕੀਤਾ। ਸੰਤ ਸੁਖਦੇਵ ਸਿੰਘ ਸੰਤ ਸਰਬਜੀਤ ਸਿੰਘ ਕਨੇਡਾ ਦਾ ਤਬਲਾ ਵਾਦਨ-ਸੰਤੋਖ ਸਿੰਘ ਪਵਿੱਤਰ ਸਿੰਘ ਤਾਰ ਸ਼ਹਿਨਾਈ, ਪ੍ਰਭਜੋਤ ਸਿੰਘ-ਜੈਤਾ ਸਿੰਘ-(ਢੋਲਕ) ਬਲਵਿੰਦਰ ਸਿੰਘ-ਗੁਰਮੀਤ ਸਿੰਘ, ਆਗਿਆ ਸਿੰਘ ਦੇ ਸਹਿਯੋਗ ਨਾਲ ਵਾਰ ਅਤੇ ਵਾਰਾ ਸ਼ੈਲੀ ਵਿਚ ਕੀਤਾ। ਬਸੰਤ ਦੀ ਵਾਰ ਦੇ ਗਾਇਣ ਨਾਲ ਸਵੇਰ ਦਾ ਪ੍ਰੋਗਰਾਮ ਭਲੀ ਭਾਂਤ ਸਿਰੇ ਚੜ੍ਹਿਆ।

ਦੂਸਰੇ ਸਮਾਗਮ ਦਾ ਆਰੰਭ ਨਾਮਧਾਰੀ ਜੱਥਾ ਜਲੰਧਰ ਦੇ ਹੱਲੇ ਦੇ ਦੀਵਾਨ ਨਾਲ ਹੋਇਆ। ਹੱਲੇ ਦੇ ਦੀਵਾਨਾਂ ਦੀ ਲੜੀ ਵਿਚ ਜਥੇਦਾਰ ਸ਼ਾਮ ਸਿੰਘ ਮੁਠੱਡਾ, ਜਥੇਦਾਰ ਉਂਕਾਰ ਸਿੰਘ ਫਗਵਾੜਾ, ਜਥੇਦਾਰ ਜਸਵੀਰ ਸਿੰਘ ਪਿੰਡ ਖਿਆਲਾਂ ਦੇ ਦੀਵਾਨਾਂ ਉਪਰੰਤ ਦਿੱਲੀ ਤੋਂ ਉਚੇਚੇ ਆਏ ਨੌਜਵਾਨ ਜਥੇਦਾਰ ਗੁਰਦੇਵ ਸਿੰਘ ਜੀ (ਪੋਤਰਾ ਜਥੇਦਾਰ ਸੇਵਾ ਸਿੰਘ ਦਿੱਲੀ) ਨੇ ਭਾਵਪੂਰਤ ਹੱਲੇ ਦੇ ਦੀਵਾਨ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ, ਉਪਦੇਸ਼ ਅਤੇ ਸਾਖੀਆਂ ਨਾਲ ਸੰਗਤ ਨੂੰ ਮੰਤਰ ਮੁਗਧ ਕੀਤਾ। ਇਸਦੇ ਨਾਲ ਹੀ ਬੱਚਿਆਂ ਬੀਬੀਆਂ ਦੀਆਂ ਕਵਿਤਾਵਾਂ ਵਿਖਿਆਨਾਂ ਅਤੇ ਸ਼ਬਦਾਂ ਗੀਤ-ਸੰਗੀਤ ਦਾ ਲੰਮਾ ਸਿਲਸਲਾ ਚਲਿਆ।

ਵਿਸ਼ੇਸ਼ ਰੂਪ ਵਿਚ ਸੰਤ ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ, ਮਾਸਟਰ ਦਰਸ਼ਨ ਸਿੰਘ ਜੀ ਸ੍ਰੀ ਭੈਣੀ ਸਾਹਿਬ, ਸੰਤ ਤਾਰਾ ਸਿੰਘ ਅਨਜਾਨ ਸੰਪਾਦਕ ਸਤਿਜੁਗ, ਸੰਤ ਬਲਵੀਰ ਸਿੰਘ ਤਰਸ ਅਸਟ੍ਰੇਲੀਆ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ ਦੇ ਅਹੁਦੇਦਾਰ, ਸੰਤ ਹਰਜੀਤ ਸਿੰਘ ਮੁਠੱਡਾ ਜਨਰਲ ਸਕੱਤਰ, ਸੰਤ ਸੁਖਵਿੰਦਰ ਸਿੰਘ ਲਾਇਲ ਸਕੱਤਰ, ਸੰਤ ਦਲਬੀਰ ਸਿੰਘ ਖਜ਼ਾਨਚੀ, ਬੀਬੀ ਸੁਖਜੀਤ ਕੌਰ ਪ੍ਰਧਾਨ, ਬੀਬੀ ਅਮਰਜੀਤ ਕੌਰ ਖਜ਼ਾਨਚੀ ਜੱਥਾ, ਸੰਤ ਗੁਰਮੁੱਖ ਸਿੰਘ ਰਹਿਬਰ ਸਾਬਕਾ ਪ੍ਰਧਾਨ, ਸੂਬਾ ਜੁਗਿੰਦਰ ਸਿੰਘ, ਸੂਬਾ ਸੁਖਵਿੰਦਰ ਸਿੰਘ, ਸੂਬਾ ਜਸਵੀਰ ਸਿੰਘ, ਸੂਬਾ ਸੁਰਜੀਤ ਸਿੰਘ, ਸੂਬਾ ਗੁਲਜਾਰ ਸਿੰਘ, ਸੂਬਾ ਬੀਬੀ ਮਹਿੰਦਰ ਕੌਰ, ਜਥੇਦਾਰ ਹਜ਼ਾਰਾ ਸਿੰਘ ਜਲੰਧਰ, ਸੰਤ ਮੋਹਨ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਨਕੋਦਰ, ਸੰਤ ਪਰਮਜੀਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਕਪੂਰਥਲਾ, ਸੰਤ ਰਜਿੰਦਰ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਲੁਹਾਰਾਂ, ਸੰਤ ਸੁਰਜੀਤ ਸਿੰਘ ਪ੍ਰਧਾਨ ਜਲੰਧਰ, ਸੰਤ ਦੀਪ ਸਿੰਘ ਸਕੱਤਰ ਅਤੇ ਹੋਰ ਵਿਸ਼ੇਸ਼ ਗੁਣੀਜਨ ਸ਼ਖਸ਼ੀਅਤਾਂ ਨੇ ਹਿੱਸਾ ਲਿਆ ਅਤੇ ਆਪਣੇ-ਆਪਣੇ ਵਿਚਾਰਾਂ ਰਾਹੀਂ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਪਰਉਪਕਾਰਾਂ ਬਾਰੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਚਾਨਣਾ ਪਾਇਆ। ਇਸ ਮੌਕੇ ਮਾਸਟਰ ਦਰਸ਼ਨ ਸਿੰਘ ਸ੍ਰੀ ਭੈਣੀ ਸਾਹਿਬ ਵਲੋਂ ਸ਼ੁਧ ਗੁਰਬਾਣੀ ਪੜਨ, ਸੁਣਨ ਬਾਰੇ ਬਹੁਤ ਹੀ ਸੁਚੱਜੇ ਢੰਗ ਨਾਲ ਜਾਣੂ ਕਰਵਾਇਆ ਗਿਆ। ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਜ਼ੋਨ ਵਲੋਂ ਟੇਬਲ ਕੈਲੰਡਰ ਆਏ ਹੋਏ ਵਿਸ਼ੇਸ਼ ਮਹਾਂਪੁਰਖਾਂ ਵਲੋਂ ਜਾਰੀ ਕੀਤਾ ਗਿਆ। ਸੁਰਿਦਰ ਸਿੰਘ ਛਿੰਦਾ ਕਨਵੀਨਰ ਜਲੰਧਰ ਜ਼ੋਨ ਨੇ ਆਪਣੇ ਵਿਚਾਰਾਂ ਰਾਹੀਂ ਆਖਿਆ ਕਿ ਸਾਨੂੰ ਆਪਣਾ ਜੀਵਨ ਅਤੇ ਹਰ ਕਾਰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ।

ਆਏ ਹੋਏ ਵਿਸ਼ੇਸ਼ ਸ਼ਖਸ਼ੀਅਤਾਂ ਨੂੰ ਬਹੁਤ ਹੀ ਸਤਿਕਾਰ ਪੂਰਵਕ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਸੁਰਿਦਰ ਸਿੰਘ ਛਿੰਦਾ ਕਨਵੀਨਰ ਜਲੰਧਰ ਜ਼ੋਨ, ਪ੍ਰਧਾਨ ਕਮਲਜੀਤ ਸਿੰਘ ਜਲੰਧਰ, ਪ੍ਰਧਾਨ ਜਗਬੀਰ ਸਿੰਘ ਜਲੰਧਰ ਦਿਹਾਤੀ, ਪ੍ਰਧਾਨ ਨਰਿੰਦਰ ਸਿੰਘ ਫਗਵਾੜਾ, ਪ੍ਰਧਾਨ ਬਲਜਿੰਦਰ ਸਿੰਘ ਨਵਾਂਸ਼ਹਿਰ, ਪ੍ਰਧਾਨ ਤਜਿੰਦਰ ਸਿੰਘ ਰੂਬਲ ਕਪੂਰਥਲਾ, ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਦਸੂਹਾ, ਪ੍ਰਧਾਨ ਲਾਲਜੀਤ ਸਿੰਘ ਪਠਾਨਕੋਟ, ਪ੍ਰਧਾਨ ਅਵਤਾਰ ਸਿੰਘ ਲੁਧਿਆਣਾ, ਪ੍ਰਧਾਨ ਲਖਵਿੰਦਰ ਕੌਰ ਜਲੰਧਰ, ਪ੍ਰਧਾਨ ਅਮਰਜੀਤ ਕੌਰ ਕਪੂਰਥਲਾ, ਪ੍ਰਧਾਨ ਪਲਵਿੰਦਰ ਕੌਰ ਫਗਵਾੜਾ, ਪ੍ਰਧਾਨ ਮਨਪ੍ਰੀਤ ਕੌਰ ਅੰਮ੍ਰਿਤਸਰ ਅਤੇ ਹੋਰ ਜਲੰਧਰ ਜ਼ੋਨ ਦੇ ਸਮੂਹ ਅਹੁਦੇਦਾਰ ਹਾਜ਼ਰ ਸਨ। ਸਟੇਜ ਦਾ ਸੰਚਾਲਨ ਬੀਬੀ ਰੁਪਿੰਦਰ ਕੌਰ ਸਕੱਤਰ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਨੇ ਬਹੁਤ ਸੁਚੱਜੇ ਢੰਗ ਨਾਲ ਕੀਤਾ। ਆਈ ਹੋਈ ਸੰਗਤ ਅਤੇ ਸਮੂਹ ਜੱਥਿਆਂ ਦਾ ਧੰਨਵਾਦ, ਸੰਤ ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਕੀਤਾ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

*—ਸੁਰਿੰਦਰ ਸਿੰਘ ਛਿੰਦਾ ਕਨਵੀਨਰ*
*ਨਾਮਧਾਰੀ ਵਿਦਿਅਕ ਜੱਥਾ*
*ਜਲੰਧਰ ਜ਼ੋਨ*

## ਜੰਮੂ ਵਿਖੇ ਬਸੰਤ ਪੰਚਮੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਨਾਲ ੨੪ ਜਨਵਰੀ, ੨੦੧੦ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ, ਬਸੰਤ ਪੰਚਮੀ ਨਾਮਧਾਰੀ ਧਰਮਸ਼ਾਲਾ,


Namdhari Elibrary NamdhariElibrary@gmail.com

ਸੰਤ ਮਾਰਕੀਟ, ਜੰਮੂ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਅੰਮ੍ਰਿਤ ਵੇਲੇ ਨਾਮ ਸਿਮਰਨ ਨਾਲ ਸ਼ੁਰੂ ਹੋਇਆ। ਆਸਾ ਦੀ ਵਾਰ ਉਪਰੰਤ, ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਪੰਜ ਸਾਧਾਰਣ ਪਾਠਾਂ ਦੇ ਭੋਗ ਪਾਏ ਗਏ। ਦੋ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਇਕ ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਆਰੋਗਤਾ ਅਤੇ ਚੜ੍ਹਦੀ ਕਲਾ ਵਾਸਤੇ, ਇਕ ਪਾਠ ਸੂਬਾ ਸੁਖਦੇਵ ਸਿੰਘ ਜੀ ਦੇ ਪਰਿਵਾਰ ਦੀ ਸੁਖ ਸ਼ਾਂਤੀ ਵਾਸਤੇ ਤੇ ਇਕ ਪਾਠ ਉਨ੍ਹਾਂ ਦੇ ਕਾਕੇ ਦੀ ਪੜ੍ਹਾਈ ਵਾਸਤੇ। ਇਸ ਦੇ ਨਾਲ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ੮੦੧੪੬ ਚੌਪਈ ਦੇ ਪਾਠਾਂ ਦਾ ਭੋਗ ਅਤੇ ੪੨੪ ਭਗਾਉਤੀ ਦੀਆਂ ਮਾਲਾ ਦਾ ਭੋਗ ਪਾਇਆ ਗਿਆ। ਅਰਦਾਸ ਉਪਰੰਤ ਗੁਰੂ ਕਾ ਲੰਗਰ ਵਰਤਾਇਆ ਗਿਆ।

ਦੂਸਰਾ ਸੈਸ਼ਨ ਦੁਪਿਹਰ ੧੧-੩੦ ਵਜੇ ਸ਼ੁਰੂ ਹੋਇਆ। ਇਸ ਦਾ ਸੰਚਾਲਨ ਬੀਬੀ ਪੂਨਮ ਕੌਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਇਸ ਵਿਚ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਹਿੱਸਾ ਲਿਆ। ਬੱਚਿਆਂ ਨੇ ਕਵਿਤਾਵਾਂ, ਸ਼ਬਦ, ਗੀਤ, ਸਤਿਗੁਰੂ ਰਾਮ ਸਿੰਘ ਜੀ ਬਾਰੇ ਲੇਖ ਪੜ੍ਹੇ ਤੇ ਹੱਲੇ ਦੇ ਦੀਵਾਨ ਲਗਾਏ। ਬੱਚਿਆਂ ਦੇ ਪ੍ਰੋਗਰਾਮ ਦੀ ਤਿਆਰੀ ਬੀਬੀ ਜਗਦੀਪ ਕੌਰ, ਸੁਰਿੰਦਰ ਕੌਰ, ਸ਼ਿਵਰੰਜਨੀ ਕੌਰ, ਪ੍ਰਭਜੋਤ ਕੌਰ ਅਤੇ ਚਰਨ ਕੌਰ ਨੇ ਕਰਵਾਈ। ਬੱਚਿਆਂ ਦੇ ਪ੍ਰੋਗਰਾਮ ਵਿਚ ਬੱਚਿਆਂ ਨੇ ੯ ਤਬਲੇ ਦੀਆਂ ਜੋੜੀਆਂ ਤੇ ਤਬਲਾ ਵਾਦਨ ਕੀਤਾ ਜਿਸਨੂੰ ਬਹੁਤ ਸਰਾਹਿਆ ਗਿਆ। ਤਬਲਾ ਵਾਦਨ ਦੀ ਤਿਆਰੀ ਉਸਤਾਦ ਵਿਸ਼ਾਲ ਸਿੰਘ ਜੀ ਨੇ ਕਰਵਾਈ।

ਬੱਚਿਆਂ ਦੇ ਪ੍ਰੋਗਰਾਮ ਤੋਂ ਬਾਦ " ਸਾ ਮਾ ਪਾ" ਸੰਸਥਾ ਦੇ ਕਲਕਾਰਾਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਪੇਸ਼ ਕੀਤਾ। ਸਭ ਤੋਂ ਪਹਿਲਾਂ ਸਾ ਮਾ ਪਾ ਦੀ ਕਲਾਕਾਰ ਬੀਬੀ ਰਾਗਨੀ ਰੈਣੂ ਨੇ ਸ਼ਬਦ ਅਤੇ ਸੂਫੀਆ ਕਲਾਮ ਪੇਸ਼ ਕੀਤਾ। ਇਨ੍ਹਾਂ ਦੇ ਨਾਲ ਹਾਰਮੋਨੀਅਮ ਤੇ ਸ੍ਰੀ ਸਾਜਦ ਹੁਸੈਨ ਅਤੇ ਤਬਲੇ ਤੇ ਸ੍ਰੀ ਵਿਸ਼ਾਲ ਸਿੰਘ ਜੀ ਨੇ ਸੰਗਤ ਕੀਤੀ। ਅੰਤ ਵਿਚ ਭਾਰਤ ਦੇ ਉੱਚ ਕੋਟੀ ਦੇ ਸੰਤੂਰ ਵਾਦਕ ਪੰਡਿਤ ਭਜਨ ਸੋਪੁਰੀ ਜੋ ਕਿ ਕਸ਼ਮੀਰ ਦੇ ਸੂਫੀਆਨਾ ਘਰਾਣੇ ਨਾਲ ਸੰਬੰਧ ਰੱਖਦੇ ਹਨ ਦੇ ਸਪੁੱਤਰ ਸ੍ਰੀ ਅਭੇ ਰੁਸਤਮ ਸੋਪੁਰੀ ਜੀ ਨੇ ਸੰਤੂਰ ਤੇ ਆਪਣੀ ਕਲਾ ਦੇ ਜੌਹਰ ਦਿਖਾਏ। ਸਾਰੀ ਸੰਗਤ ਨੇ ਇਸ ਨੂੰ ਬਹੁਤ ਹੀ ਸਰਾਹਿਆ। ਇਨ੍ਹਾਂ ਦੇ ਨਾਲ ਤਬਲੇ ਤੇ ਸੰਗਤ ਪੰਡਿਤ ਸਰਿਤ ਦਾਸ ਜੀ ਨੇ ਕੀਤੀ। ਪ੍ਰੋਗਰਾਮ ਇਤਨਾ ਵਧੀਆ ਸੀ ਕਿ ਬੱਚੇ ਪਿਛੋਂ ਉੱਠ ਉੱਠ ਕੇ ਅੱਗੇ ਆ ਬੈਠ ਸੰਗੀਤ ਦਾ ਅਨੰਦ ਮਾਣਦੇ ਰਹੇ। ਇਸ ਤੋਂ ਬਾਦ ਸਾ ਮਾ ਪਾ ਦੇ ਸੰਸਥਾ ਦੇ ਕਲਾਕਾਰਾਂ ਦੇ ਗੱਲ ਵਿਚ ਮਾਲਾ ਪਾ ਕੇ, ਫੁੱਲਾਂ ਦੇ ਗੁਲਦਸਤੇ, Brief History-Namdhari Sikhs ਦੀਆਂ ਪੁਸਤਕਾਂ ਅਤੇ ਮੋਮੈਂਟੋ ਦੇ ਕੇ ਸਤਿਕਾਰ ਕੀਤਾ ਗਿਆ। ਬੱਚਿਆਂ ਨੂੰ ਇਨਾਮ ਦਿੱਤੇ ਗਏ। ਅੰਤ ਵਿਚ ਸੰਤ ਕਰਮ ਸਿੰਘ ਜੀ ਨੇ ਸੰਖੇਪ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਦੱਸਿਆ ਅਤੇ ਆਏ ਕਲਾਕਾਰਾਂ ਦਾ ਤੇ ਸੰਗਤ ਦਾ ਧੰਨਵਾਦ ਕੀਤਾ। ਏਹ ਸਾਰਾ ਪ੍ਰੋਗਰਾਮ ਸੂਬਾ ਸੁਖਦੇਵ ਸਿੰਘ ਜੀ ਦੀ ਦੇਖ ਰੇਖ ਵਿਚ ਹੋਇਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

*—ਕਰਮ ਸਿੰਘ*
*ਸੰਤ ਮਾਰਕੀਟ, ਜੰਮੂ*

## ਬਸੰਤ-ਸਮਾਗਮ ਬੰਡਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ੧੯੫ਵਾਂ ਪ੍ਰਕਾਸ਼-ਪਰਵ ਨਾਮਧਾਰੀ ਧਰਮਸ਼ਾਲਾ ਬੰਡਾ (ਸ਼ਾਹਜਹਾਨਪੁਰ, ਯੂ.ਪੀ.) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਪਾਰ ਕ੍ਰਿਪਾ ਬਖਸ਼ਿਸ਼ ਨਾਲ ੫੬ਵਾਂ ਬਸੰਤ-ਸਮਾਗਮ ਇਲਾਕੇ ਦੇ ਸਹਿਯੋਗ ਨਾਲ ਸੇਵਾਦਾਰ ਸੰਤ ਕੁਲਦੀਪ ਸਿੰਘ ਨਾਮਧਾਰੀ ਮਠਾਰੂ ਪਰਿਵਾਰ ਨੇ ਸ਼ਰਧਾ ਸਤਿਕਾਰ ਨਾਲ ਮਨਾਇਆ।

੧੮ ਜਨਵਰੀ ੨੦੧੦ ਨੂੰ ਸੋਧੀ ਸਿੰਘਾਂ ਨੇ ਗੁਰੂ ਮਰਿਯਾਦਾ ਨਾਲ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਅਖੰਡ ਪਾਠ ਅਰੰਭ ਕੀਤਾ।

੨੦ ਜਨਵਰੀ ੨੦੧੦ ਨੂੰ ਆਸਾ ਜੀ ਵਾਰ ਦਾ ਕੀਰਤਨ ਜਥੇਦਾਰ ਸੰਤ ਧਰਮ ਸਿੰਘ ਦਿੱਲੀ ਜੀ ਨੇ ਕੀਤਾ। ਉਪਰੰਤ ਸ੍ਰੀ ਅਖੰਡ ਪਾਠ ਜੀ ਦਾ ਭੋਗ ਪਿਆ। ਤਿੰਨ ਵਜੇ ਤੱਕ ਦੀਵਾਨ ਲੱਗੇ। ਪਹਿਲਾਂ ਸੰਤ ਧਰਮ ਸਿੰਘ ਜੀ ਨੇ ਦੀਵਾਨ ਅਰੰਭ ਕੀਤਾ। ਜਥੇਦਾਰ ਜੀ ਨੇ ਚਾਣਨਾ ਪਾਇਆ ਕਿ ਕਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬਾਲਕ ਸਿੰਘ ਜੀ ਨੂੰ ਗੁਰਤਾਗੱਦੀ ਸੌਂਪ ਕੇ ਗਏ ਤੇ ਉਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀ ਅਮਾਨਤ ਸੌਂਪ ਤੇ ਧਰਮ ਦਾ ਪ੍ਰਚਾਰ ਕਰਨ ਹੁਕਮ ਕੀਤਾ।

ਜਥੇਦਾਰ ਸਰਬਵੀਰ ਸਿੰਘ (ਗੜ੍ਹਾ ਸਾਹਿਬ) ਨੇ ਚਾਣਨਾ ਪਾਇਆ ਕਿ ਕਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਅਲੋਪ ਹੋ ਚੁੱਕੀ ਗੁਰੂਸਿੱਖੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸੁਰਜੀਤ ਕੀਤਾ।

ਜਥੇਦਾਰ ਅਮਰੀਕ ਸਿੰਘ ਗੁਰਦਵਾਰਾ ਬੰਡਾ ਨੇ ਆਪਣੇ ਕਥਾ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰ ਖਾਲਸਾ ਪੰਥ ਸਾਜਨਾ ਤੇ ਧਰਮ ਲਈ ਆਪਣਾ ਸਰਬੰਸ ਵਾਰ ਦਿੱਤਾ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਅਲੋਪ ਹੋ ਚੁੱਕੀ ਗੁਰੂਸਿੱਖੀ ਨੂੰ ਅੰਮ੍ਰਿਤ ਤਿਆਰ ਕਰਕੇ ਸੰਤ ਖਾਲਸਾ ਦੀ ਸਥਾਪਨਾ ਕੀਤੀ ਤੇ ਦੇਸ਼ ਦੀ ਆਜ਼ਾਦੀ ਲਈ ਜੰਗ ਸ਼ਾਂਤ-ਮਈ ਢੰਗ ਨਾਲ ਕਾਲੇਪਾਣੀ ਦੇ ਕਸ਼ਟ ਸਹੇ, ਐਸੇ ਸਤਿਗੁਰੂ



Namdhari Elibrary NamdhariElibrary@gmail.com

ਜੀ ਨੂੰ ਵੰਦਨਾ।

ਜਥੇਦਾਰ ਮਨਮੋਹਨ ਸਿੰਘ ਪਲਿਆਂ ਵਾਲਿਆਂ ਨੇ ਆਪਣੀ ਕਥਾ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤ੍ਰਤਾ ਦੀ ਰਾਖੀ ਲਈ ਸਿੰਘਾਂ ਨੇ ਗਾਊ ਗਰੀਬ ਦੀ ਰਖਿਆ ਲਈ ਫਾਂਸੀਆਂ ਚੜੇ ਤੇ ਤੋਪਾਂ ਅੱਗੇ ਉਡੇ। ਤੇ ਕੂਕਾ ਲਹਿਰ ਤੇ ਨਾ-ਮਿਲਵਰਤਨ ਲਹਿਰ ਚਲਾ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਹਿਲਾਣ ਤੇ ਚਾਣਨਾ ਪਾਇਆ। ਤੇ ਮੁੜ੍ਹ ਏਸੇ ਰੂਪ ਵਿਚ ਆਵਨ ਦਾ ਹੋਕਾ ਦਿੱਤਾ।

ਕਾਕਾ ਅਜੀਤ ਸਿੰਘ ਤੇ ਆਸਾ ਸਿੰਘ ਨੇ ਕਵਿਤਾ ਵਿਚ ਸ੍ਰੀ ਸਤਿਗੁਰੂ ਜੀ ਦੇ ਜੀਵਨ ਬਾਰੇ ਚਾਣਨਾ ਪਾ ਸੰਗਤ ਦਾ ਮਨ ਮੋਹਿਆ। ਅੰਤ ਦੋ ਸਧਾਰਨ ਪਾਠਾਂ ਦੇ ਭੋਗ ਪੁਆਏ ਗਏ। ਇਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਤੇ ਚੜ੍ਹਦੀ ਕਲਾ ਵਾਸਤੇ। ਇਕ ਪਾਠ ਅਵਤਾਰ ਕੌਰ ਪਰਿਵਾਰ ਦੀ ਸੁਖ-ਸ਼ਾਂਤੀ ਲਈ। ਇਕ ਹਵਨ ਸ੍ਰੀ ਸਤਿਗੁਰੂ ਜੀ ਦੇ ਚੜ੍ਹਦੀ ਕਲਾ ਤੇ ਦੇਹ ਅਰੋਗਤਾ ਲਈ। ਸੰਤ ਕੁਲਦੀਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟੀ ਕੋਟ ਧੰਨਵਾਦ ਕਰਦੇ ਹੋਏ ਸੰਗਤ ਦਾ ਧੰਨਵਾਦ ਕੀਤਾ। ਸੰਤ ਕਪੂਰ ਸਿੰਘ ਜੀ ਨੇ ਜਥੇਦਾਰਾਂ ਨੂੰ ਦੋਸ਼ਾਲਾ ਦੇ ਧੰਨਵਾਦ ਕੀਤਾ। ਥੰਡੇ ਦੀ ਸੰਗਤ ਨੇ ਤਨ ਮਨ ਧਨ ਨਾਲ ਸੇਵਾ ਕੀਤਾ।

*—ਸੰਤ ਕਪੂਰ ਸਿੰਘ*
*ਹਰੀਪੁਰ*

## नामधारी फार्म औरंगाबाद में बसंत पंचमी उत्सव की धूम-धाम

श्री सतिगुरुजी की कृपासे श्री सतिगुरु राम सिहं जी महाराज का १९५वां प्रकाश उत्सव बसंत पंचमी १७-१०-२०१० से २४-१०-२०१० तक नामधारी फार्म औरंगाबाद पर बड़ी धूम-धाम से मनाया गया। जत्थेदार प्रीतम सिंह , जत्थेदार पाल सिंह श्रीभैणी साहिब से अपने जत्थे के साथ १३-०१-२०१० को पहुँच गये थे। महिला जत्थेदार बीबी बलवीर कौर, बीबी सुरजीत कौर, बीबी महिंद्र कौर एवंम् बीबी हरजीत कौर संतनगर, जिला सरसा से १३-०१-२०१० को पहुँच गये थे।

१७-०१-२०१० को सुबेरे ४.३० बजे आसा दी वार के कीर्तन के साथ कार्यक्रम शुरु हुआ व ६.३० बजे समाप्ती हुई। फिर हवन, वरनी दुपहर को भगौती सिमरण शाम को ६.३० से १.०० नामसिमरण, प्रोफेसर संत तारा सिंह जी अंजान के हिंदी नामधारी इतिहास का वचन, महाराष्ट्रीयन बच्चों का शब्द गायन व जत्थेदारों का दिवान उपरंत लंगर का कार्यक्रम होता रहा। श्री सतिगुरु राम सिंह महाराज का जस बडे ही विस्तार से सुनाते रहे। महिला जत्थेदारों ने भी श्री सतिगुरु राम सिंह महाराज श्री सतिगुरु प्रताप सिंह जी महाराज व श्री सतिगुरु जगजीत सिंह जी महाराज का जस बडे ही विस्तार पूर्वक सूनाया। व सबुेरे वारे का कीर्तन भी जोर शोर से करते रहे। २४-०१-२०१० को समाप्ती थी। सुबेरे आसा की वारे का कीर्तन हुआ। चार श्री ग्रंथ साहिब व एक श्री दशम ग्रंथ साहिब के पाठों का भोग डाला गया, महाराष्ट्रीयन बच्चों का शब्द गायन, पंडित नाथराव नेरव्वकर का शब्द गायन, फिर जत्थेदारो के दिवाण लगे। सारा कार्यक्रम करीब ३.०० बजे शाम को समाप्त हुआ। लंगर रात तक चलता रहा।

२५-०१-२०१० को जत्थेदार इकबाल सिंह जी अपना बम्बई का कार्यक्रम कर के यहाँ आ गये महाराष्ट्र के तीन गाँवों में तीन दिन रात को ७.०० से १०.०० बजे तक दीवान लगता रहा। २५-०१-२०१० को आडगांव २६-०१-२०१० को झाल्टा जिला औरंगाबाद व २७-०१-२०१० को गाँव भारडी जिला जालना तीनों जगहों पर बड़े ही प्रभावशाली दीवान लगाये, जिसमें हजारों की संख्या में गाँव के लोग आये। नामधारी फार्म पर तीन दिन सुबेरे आसा की वार का कीर्तन महिलायें वे जत्थेदार इकबाल सिंह मिलकर करते रहे।

*-सुभाषराव जवकर*
श्री रामहरी सचखंड मंदिर
नामधारी फार्मस, बीड रोड, झाल्टा, औरंगाबाद



Namdhari Elibrary NamdhariElibrary@gmail.com

# ਭਾਰਤ-ਪਾਕਿ ਵਾਰਤਾ

ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਦੋਵਾਂ ਮੁਲਕਾਂ ਦਰਮਿਆਨ ਵੀਰਵਾਰ ਨੂੰ ਹੋਣ ਵਾਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ ਲਈ ਦਿੱਲੀ ਪੁੱਜ ਗਏ ਹਨ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਸ ਗੱਲਬਾਤ ਦੇ 'ਹਾਂਦਰੂ ਸਿੱਟੇ' ਨਿਕਲਣਗੇ ਪਰ ਦੂਜੇ ਪਾਸੇ ਮੁਬਾਈ ਹਮਲਿਆਂ ਕਾਰਨ 'ਭਰੋਸਾ ਟੁੱਟਣ ਕਾਰਨ ਭਾਰਤ ਨੂੰ ਇਸ ਸਬੰਧੀ ਖਾਸ ਪੇਸ਼ਕਦਮੀ ਦੀ ਉਮੀਦ ਨਹੀਂ ਹੈ।

ਪਾਕਿਸਤਾਨ ਦੇ ਪੰਜ ਮੈਂਬਰੀ ਵਫ਼ਦ ਦੇ ਆਗੂ ਵਜੋਂ ਇੱਥੇ ਪੁੱਜਣ ਉਤੇ ਦਿੱਲੀ ਕੌਮਾਂਤਰੀ ਹਵਾਈ ਅੱਡੇ ਉਤੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ, "ਇੱਥੇ ਆਉਣ ਦਾ ਮੌਕਾ ਮਿਲਣਾ ਵਧੀਆ ਗੱਲ ਹੈ। ਮੈਂ ਮਤਭੇਦ ਘਟਾਉਣ ਲਈ ਇੱਥੇ ਆਇਆ ਹਾਂ। ਮੈਨੂੰ ਹਾਂਦਰੂ ਸਿੱਟੇ ਦੀ ਉਮੀਦ ਹੈ।"

ਸ੍ਰੀ ਬਸ਼ੀਰ ਅਤੇ ਉਨ੍ਹਾਂ ਦੀ ਭਾਰਤੀ ਹਮਰੁਤਬਾ ਨਿਰੂਪਮਾ ਰਾਓ ਦਰਮਿਆਨ ਵੀਰਵਾਰ ਨੂੰ ਹੋਣ ਵਾਲੀ ਇਸ ਗੱਲਬਾਤ ਦੇ ਅਗਾਊਂ ਸਿੱਟੇ ਕੱਢਣ ਤੋਂ ਅੱਜ ਦੋਵੇਂ ਧਿਰਾਂ ਨੇ ਬਚਾਅ ਹੀਕੀਤਾ! ਭਾਰਤੀ ਸੂਤਰਾਂ ਨੇ ਦੱਸਿਆ ਕਿ ਭਾਰਤ "ਮੁੰਬਾਈ ਹਮਲਿਆਂ ਤੋਂ ਬਾਅਦ ਦੋਵਾਂ ਮੁਲਕਾਂ ਦਰਮਿਆਨ ਆਈ ਭਰੋਸੇ ਦੀ ਕਮੀ ਤੋਂ ਪੈਦਾ ਹੋਈਆਂ ਸੀਮਾਵਾਂ ਸਬੰਧੀ ਪੂਰੀ ਤਰ੍ਹਾਂ ਚੌਕਸ ਹੈ। ਨਾਲ ਹੀ ਸੂਤਰਾਂ ਨੇ ਕਿਹਾ ਕਿ ਭਾਰਤ ਇਸ ਗੱਲਬਾਤ ਦੇ 'ਅਗਾਊਂ ਤੌਰ 'ਤੇ ਸਿੱਟੇ ਨਹੀਂ ਕੱਢੇਗਾ।

ਹੋਲੇ ਮੁਹੱਲੇ ਦੇ ਅਵਸਰ ਤੇ ਬਹੁਤ ਸਾਰੀਆਂ ਛੁੱਟੀਆਂ ਆ ਰਹੀਆਂ ਹਨ। ਹੋ ਸਕਦਾ ਹੈ। ਵਰਿਆਮ ਦਾ ਇਹ ਅੰਕ ਥੋੜ੍ਹਾ ਦੇਰ ਨਾਲ ਪਾਠਕਾਂ ਕੋਲ ਪੁੱਜੇ।

ਪਾਠਕਾਂ ਨੂੰ ਬੇਨਤੀ ਹੈ ਕਿ ਆਪਣੇ ਬਕਾਇਆ ਚੰਦੇ ਛੇਤੀ ਤੋਂ ਛੇਤੀ ਪੁੱਜ ਦੇ ਕਰੋ।

*—ਸੰਪਾਦਕ*

## ਜੀਵਨ

ਹੈ ਜੀਵਨ ਦੁੱਖ ਵੰਡਾਣਾ, ਤੇ ਅੱਗ ਬਗਾਨੀ ਸੜਨਾ।
ਮਰਨੇ ਦੀ ਖਾਤਰ ਜੀਣਾ, ਜੀਣੇ ਦੀ ਖਾਤਰ ਮਰਨਾ।
ਜੀਵਨ ਹੈ ਲੜਨਾ ਖਹਿਣਾ, ਜੀਵਨ ਹੈ ਢਾਣਾ ਢਹਿਣਾ।
ਜੀਵਨ ਹੈ ਤੁਰਦੇ ਰਹਿਣਾ, ਤੇ ਕੋਈ ਪੜਾਅ ਨਾ ਕਰਨਾ।

*—ਪ੍ਰੋ. ਮੋਹਨ ਸਿੰਘ*

# ਵਰਿਆਮ ਨੂੰ ਸਹਾਇਤਾ]

| | |
|---|---|
| — ਸੰਤ ਕੁਲਦੀਪ ਸਿੰਘ ਮਠਾੜੂ ਬੰਡਾ (ਸ਼ਾਹਜਹਾਨਪੁਰ) ਯੂ.ਪੀ. ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ | ੫੦੦.੦੦ |
| — ਸ. ਕਰਮ ਸਿੰਘ ਜੰਮੂ : ਮਾਤਾ ਬਲਵੰਤ ਕੌਰ ਪਿਤਾ ਸੰਤ ਬੰਤਾ ਸਿੰਘ ਜੀ ਯਾਦ ਵਿੱਚ ਪਾਠ ਦੇ ਭੋਗ ਸਮੇਂ | ੨੫੦-੦੦ |
| — ਨਾਮਧਾਰੀ ਸੰਗਤ ਜੰਮੂ ਸਤਿਗੁਰੂ ਰਾਮ ਸਿੰਘ ਜੀ ਦੇ ਪੁਰਬ ਤੇ | ੧੦੦੦-੦੦ |
| — ਪ੍ਰੋ ਤਾਰਾ ਸਿੰਘ ਅਨਜਾਣ ਦਿੱਲੀ ਵਰਿਆਮ ਦੀ ਚੜ੍ਹੀ ਕਲਾ ਨਮਿਤ | ੧੦੦੦-੦੦ |
| — ਨਾਮਧਾਰੀ ਵਿਦਿਅਕ ਜੱਥਾ ਜਲੰਧਰ ਪ੍ਰਕਾਸ਼ ਉਤਸਵ ਮੇਲਾ ਸਤਿਗੁਰੂ ਰਾਮ ਸਿੰਘ ਜੀ | ੧੦੦੦-੦੦ |
| — ਪੰਡਿਤ ਰਮੇਸ਼ ਲਾਲ ਵਰਿਆਮ ਦੇ ਪੁਰਾਣੇ ਸਹਿਯੋਗੀ : ਪਿੰਡ ਕਠਿਗੜ੍ਹ, ਡਾ ਦਾਤਾਰਪੁਰ ਹੁਸ਼ਿਆਰਪੁਰ | ੫੦੦-੦੦ |
| — ਸ. ਦਲਬੀਰ ਸਿੰਘ ਤਰਸ ਅਸਟਰੇਲੀਆ ਵਰਿਆਮ ਦੇ ਸਹਿਯੋਗੀ ਕਵੀ | ੭੦੦-੦੦ |
| — ਸ. ਸੁਖਵਿੰਦਰ ਸਿੰਘ ਸਪੁੱਤਰ ਸੁਰਗਵਾਸੀ ਸ. ਹਰਬੰਸ ਸਿੰਘ N.A 77 ਜਗਤਪੁਰਾ ਜੋੜਾਪੁਲ ਜਲੰਧਰ, ਮਾਤਾ ਪ੍ਰੀਤਮ ਕੌਰ ਨਮਿਤ ਪਾਠ ਦੇ ਭੋਗ ਅਤੇ ਕੀਰਤਨ ਸਮੇਂ | ੧੦੦-੦੦ |
| — ਤੇਜਵਿੰਦਰ ਸਿੰਘ ਜੀ ਦਿੱਲੀ (ਇਫਾਲ ਵਾਲ) ਆਪਣੇ ਸਪੁੱਤਰ ਅਜੈਪਾਲ ਸਿੰਘ ਜੀ ਨਮਿਤ ਗੁਰਦੁਆਰਾ ਨਾਮਧਾਰੀ ਰਮੇਸ਼ ਨਗਰ ਦਿੱਲੀ ਵਿਚ ਭੋਗ ਸਮੇਂ | ੫੦੦-੦੦ |



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

**Namdhari Sales**

10240/54, Library Road, Azad Market, Delhi-110006

Phone Office : 011-23516689, 011-23614784

Mobile Phone : *S. Charanjit Singh 98105-56398*
*S. Satvinder Singh 9811655210*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

# Superior Quality

## SINGLE BARREL

&

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com

## ਜਲੰਧਰ ਵਿਚ ਪ੍ਰਕਾਸ਼ ਪੁਰਬ ਦੇ ਵੱਖ-ਵੱਖ ਦ੍ਰਿਸ਼ ਮਿਤੀ ੨੪-੧-੨੦੧੦




ਸੰਤ ਪਵਿਤਰ ਸਿੰਘ ਗੁਰਸੇਵ ਸਿੰਘ ਦਾ ਕੀਰਤਨ




ਜਥੇਦਾਰ ਸ਼ਾਮ ਸਿੰਘ ਮੁੱਠਡਾ ਦਾ ਕੀਰਤਨੀ ਜੱਥਾ



ਜਥੇਦਾਰ ਜਸਬੀਰ ਸਿੰਘ ਪਿੰਡ ਖਿਆਲਾ ਦਾ ਦੀਵਾਨ



ਜਥੇਦਾਰ ਗੁਰਦੇਵ ਸਿੰਘ ਦਿੱਲੀ ਦਾ ਕੀਰਤਨ



ਕਾਕਾ ਜਗਜੀਤ ਸਿੰਘ ਦਸੂਹਾ ਦਾ ਦੀਵਾਨ ਕੀਰਤਨ




ਜਥੇਦਾਰ ਸੁਰਿੰਦਰ ਸਿੰਘ ਛਿੰਦਾ ਜਲੰਧਰ ਦਾ ਦੀਵਾਨ

Namdhari Elibrary NamdhariElibrary@gmail.com

Registered No. PB 0016 (2009-2011) Monthly Wariam Ladowali Road, Jalandhar- 144 001
Regd. RNI No. 26453/75 **March 2010**


# Reliable Performance




**Consistence Performers, Suited to all market needs with high yield, quality & disease resistant.**

**NAMDHARI SEEDS PVT. LTD.**

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

*Seeds for a better future...*


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary NamdhariElibrary@gmail.com